@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Monday, 20 January 2025

VISIT:
www.qaumipatrika.org
Email: qpatrika@gmail.com

Punjabi National Daily

Qaumi Patrika NO.1

ਨਵੀਂ ਦਿੱਲੀ: ਸੋਮਵਾਰ 20 ਜਨਵਰੀ 2025, 7 ਮਾਘ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 71, qpatrika@gmail.com ਫੋਨ : 9971359517 www.qaumipatrika.org

# ਏਮਜ ਦੇ ਬਾਹਰ 'ਨਰਕ' ਵਰਗੀ ਸਥਿਤੀ, ਕੇਂਦਰ ਅਤੇ ਦਿੱਲੀ ਸਰਕਾਰ ਜ਼ਿੰਮੇਵਾਰ: ਰਾਹੁਲ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ 19 ਜਨਵਰੀ। ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਸਨੀਵਾਰ ਨੂੰ ਦੋਸ ਲਗਾਇਆ ਕਿ ਇੱਥੇ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸੇਜ (ਏਮਜ) ਦੇ ਬਾਹਰ ਮਰੀਜ ਅਤੇ ਉਨ੍ਹਾਂ ਦੇ ਪਰਿਵਾਰ 'ਨਰਕ' ਵਰਗੀ ਸਥਿਤੀ ਦਾ ਸਾਹਮਣਾ ਕਰ ਰਹੇ ਹਨ ਅਤੇ ਇਸ ਲਈ ਕੇਂਦਰ ਅਤੇ ਦਿੱਲੀ ਸਰਕਾਰ ਦੋਵੇਂ ਜ਼ਿੰਮੇਵਾਰ ਹਨ। ਦੱਸ ਦੇਈਏ ਕਿ ਹਾਲ ਹੀ 'ਚ ਰਾਹੁਲ ਗਾਂਧੀ ਨੇ ਏਮਜ ਦੇ ਬਾਹਰ ਕਈ ਮਰੀਜਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕੀਤੀ ਸੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਜਾਣਿਆ ਸੀ। ਸਾਬਕਾ ਕਾਂਗਰਸ ਪ੍ਰਧਾਨ ਨੇ ਸਨੀਵਾਰ ਨੂੰ ਆਪਣੇ ਸੋਸਲ ਮੀਡੀਆ ਅਕਾਊਂਟ ਤੋਂ ਇਸ ਦੀ ਵੀਡੀਓ ਪੋਸਟ ਕੀਤੀ। ਉਸ ਨੇ ਇਹ ਵੀਡੀਓ 'ਐਕਸ' 'ਤੇ ਪੋਸਟ ਕਰਕੇ ਦਾਅਵਾ ਕੀਤਾ ਕਿ ਏਮਜ ਦੇ ਬਾਹਰ ਹਾਲਾਤ ਨਰਕ ਵਰਗੇ ਹਨ। ਰਾਹੁਲ ਗਾਂਧੀ ਨੇ ਸਵਾਲ ਕੀਤਾ ਕਿ ਵੱਡੇ-ਵੱਡੇ ਦਾਅਵੇ ਕਰਨ ਵਾਲੀਆਂ ਕੇਂਦਰ ਅਤੇ ਦਿੱਲੀ ਸਰਕਾਰਾਂ ਨੇ ਇਸ ਮਨੁੱਖੀ ਸੰਕਟ ਵੱਲ ਕਿਉਂ ਅੱਖਾਂ ਫੇਰੀਆਂ ਹੋਈਆਂ ਹਨ? ਉਨ੍ਹਾਂ ਨੇ ਆਪਣੇ ਯੂਟਿਊਬ ਚੈਨਲ



'ਤੇ ਕਿਹਾ ਕਿ ਰਾਸਟਰੀ ਸਿਹਤ ਸੰਭਾਲ ਪ੍ਰਣਾਲੀ ਪੂਰੀ ਤਰ੍ਹਾਂ ਤਬਾਹ ਹੋ ਚੁੱਕੀ ਹੈ ਅਤੇ ਮਰੀਜ ਦਿੱਲੀ ਦੇ ਏਮਜ 'ਚ ਸਸਤੇ ਅਤੇ ਸਹੀ ਇਲਾਜ ਦੀ ਉਮੀਦ 'ਚ ਭਾਰੀ ਕੀਮਤ ਅਦਾ ਕਰ ਰਹੇ ਹਨ। ਕੁਝ ਦਿਨ ਪਹਿਲਾਂ ਮੈਂ ਮਰੀਜਾਂ ਅਤੇ ਸਹੂਲਤਾਂ ਦੀ ਸਥਿਤੀ ਜਾਣਨ ਲਈ ਦਿੱਲੀ ਦੇ ਬਾਹਰ ਏਮਜ ਪਹੁੰਚਿਆ- ਦ੍ਰਿਸ਼ ਦਿਲ ਦਹਿਲਾ ਦੇਣ ਵਾਲਾ ਸੀ। ਉਨ੍ਹਾਂ ਕਿਹਾ ਕਿ ਦੇਸ ਦੇ ਵੱਖ-ਵੱਖ ਕੋਨਿਆਂ ਤੋਂ ਮਰੀਜ ਅਤੇ ਉਨ੍ਹਾਂ ਦੇ ਪਰਿਵਾਰ ਜੋ ਇਲਾਜ ਦੀ ਆਸ 'ਚ ਇੱਥੇ ਆਏ ਹਨ, ਸੜਕਾਂ ਅਤੇ ਸਬਵੇਅ 'ਤੇ ਠੰਡ ਅਤੇ ਗੰਦਗੀ 'ਚ ਰਹਿਣ ਲਈ ਮਜਬੂਰ ਹਨ। ਉਹ ਆਪਣੇ ਸਿਰ 'ਤੇ ਛੱਤ, ਪੇਟ 'ਚ ਭੋਜਨ ਅਤੇ ਪੀਣ ਵਾਲੇ ਪਾਣੀ ਨੂੰ ਤਰਸ ਰਹੇ ਹਨ। ਉਨ੍ਹਾਂ ਅਨੁਸਾਰ ਕੈਂਸਰ ਤੋਂ ਲੈ ਕੇ ਦਿਲ ਦੀਆਂ ਤਕਲੀਫਾਂ ਤੱਕ ਹਰ ਪਰਿਵਾਰ ਦੀ ਅਜਿਹੀ ਦਰਦਨਾਕ ਕਹਾਣੀ ਹੈ। ਸਾਬਕਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਉੱਤਰ ਪ੍ਰਦੇਸ, ਬਿਹਾਰ, ਅਸਾਮ ਵਰਗੇ ਦੂਰ-ਦੁਰਾਡੇ ਸੂਬਿਆਂ ਤੋਂ ਇਲਾਜ ਲਈ ਆਉਣ ਵਾਲੇ ਇਨ੍ਹਾਂ ਲੋਕਾਂ ਲਈ ਇੱਥੇ ਕੋਈ ਪ੍ਰਬੰਧ ਨਹੀਂ ਹੈ। ਉਹ ਸਿਰਫ ਇਕ ਉਮੀਦ ਨਾਲ ਦਿੱਲੀ ਆਏ ਹਨ, ਹੋ ਸਕਦਾ ਹੈ ਕਿ ਉਹ ਜਾਂ ਉਨ੍ਹਾਂ ਦੇ ਪਰਿਵਾਰਕ ਮੈਂਬਰ ਠੀਕ ਹੋ ਜਾਣ। ਰਾਹੁਲ ਗਾਂਧੀ ਨੇ ਦੋਸ ਲਾਇਆ ਕਿ ਬੀਮਾਰਾਂ ਦੀ ਦੇਖਭਾਲ, ਸਹੂਲਤਾਂ ਅਤੇ ਇਲਾਜ ਕਿਸੇ ਵੀ ਸਰਕਾਰ ਦੀ ਸਭ ਤੋਂ ਬੁਨਿਆਦੀ ਜ਼ਿੰਮੇਵਾਰੀ ਹੁੰਦੀ ਹੈ, ਜਿਸ ਵਿਚ ਸੂਬਾ ਅਤੇ ਕੇਂਦਰ ਸਰਕਾਰਾਂ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀਆਂ ਹਨ।

## ਭਾਰਤ ਅਤੇ ਅਮਰੀਕਾ ਨੇ ਸਾਈਬਰ ਅਪਰਾਧਾਂ ਦੀ ਜਾਂਚ 'ਚ ਸਹਿਯੋਗ ਵਧਾਉਣ ਲਈ ਕੀਤਾ ਸਮਝੌਤਾ

ਨਵੀਂ ਦਿੱਲੀ 19 ਜਨਵਰੀ। ਭਾਰਤ ਅਤੇ ਅਮਰੀਕਾ ਨੇ ਸਾਈਬਰ ਅਪਰਾਧਾਂ ਦੀ ਜਾਂਚ 'ਚ ਸਹਿਯੋਗ ਵਧਾਉਣ ਲਈ ਇਕ ਸਮਝੌਤੇ 'ਤੇ ਦਸਤਖਤ ਕੀਤੇ ਹਨ। ਵਿਦੇਸ ਮੰਤਰਾਲਾ ਨੇ ਇਹ ਜਾਣਕਾਰੀ ਦਿੱਤੀ। ਬਾਈਡੇਨ ਪ੍ਰਸਾਸਨ ਵੱਲੋਂ ਟਰੰਪ ਪ੍ਰਸਾਸਨ ਤੋਂ ਚਾਰਜ ਸੌਂਪੇ ਜਾਣ ਤੋਂ ਤਿੰਨ ਦਿਨ ਪਹਿਲੇ ਇਸ ਸਮਝੌਤੇ 'ਤੇ ਦਸਤਖਤ ਕੀਤੇ ਗਏ ਹਨ। ਵਿਦੇਸ ਮੰਤਰਾਲਾ ਨੇ ਦੱਸਿਆ ਕਿ ਸੁੱਕਰਵਾਰ ਨੂੰ ਵਾਸ਼ਿੰਗਟਨ ਡੀਸੀ 'ਚ ਭਾਰਤੀ ਰਾਜਦੂਤ ਵਿਨੈ ਕਵਾਤਰਾ ਅਤੇ ਅਮਰੀਕਾ ਦੇ ਗ੍ਰਹਿ ਸੁਰੱਖਿਆ ਦੇ ਕਾਰਜਕਾਰੀ ਡਿਪਟੀ ਸੈਕਟਰੀ (ਡੀਐੱਚਐੱਸ) ਕ੍ਰਿਸਟੀ ਕੈਨੇਗੈਲੋ ਨੇ ਸਮਝੌਤਾ ਪੱਤਰ (ਐੱਮਓਯੂ) 'ਤੇ ਦਸਤਖਤ ਕੀਤੇ। ਉਸ ਨੇ ਕਿਹਾ ਕਿ ਇਸ ਸਮਝੌਤੇ ਨਾਲ ਦੋਹਾਂ ਦੇਸ਼ਾਂ ਦੀਆਂ ਸੰਬੰਧਤ ਏਜੰਸੀਆਂ ਨੂੰ ਅਪਰਾਧਕ ਜਾਂਚ 'ਚ ਸਾਈਬਰ ਖਤਰੇ ਦੀ ਖੁਫੀਆ ਜਾਣਕਾਰੀ ਅਤੇ ਡਿਜੀਟਲ ਫੋਰੈਂਸਿਕ ਦੇ ਉਪਯੋਗ ਦੇ ਸੰਬੰਧ 'ਚ ਸਹਿਯੋਗ ਅਤੇ ਸਿਖਲਾਈ ਦੇ ਪੱਧਰ ਨੂੰ ਵਧਾਉਣ ਦੀ ਮਨਜ਼ੂਰੀ ਮਿਲ ਜਾਵੇਗੀ। ਭਾਰਤ ਵਲੋਂ ਗ੍ਰਹਿ ਮੰਤਰਾਲਾ ਦਾ 'ਇੰਡੀਅਨ ਸਾਈਬਰਕ੍ਰਾਈਮ ਕੋ-ਆਰਡੀਨੇਸ਼ਨ ਸੈਂਟਰ (ਆਈ4ਸੀ)' ਇਸ ਸਮਝੌਤੇ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਹਨ। ਅਮਰੀਕਾ ਵਲੋਂ ਡੀਐੱਚਐੱਸ ਅਤੇ ਉਸ ਦੀਆਂ ਘਟਕ ਏਜੰਸੀਆਂ- 'ਯੂਐੱਸ ਇਮੀਗ੍ਰੇਸ਼ਨ ਐਂਡ ਕਸਟਮਸ ਇਨਫੋਰਸਮੈਂਟ' ਅਤੇ 'ਹੋਮਲੈਂਡ ਸਕਿਓਰਿਟੀ ਇਨਵੈਸਟੀਗੇਸ਼ਨਸ ਸਾਈਬਰ ਕ੍ਰਾਈਮ ਸੈਂਟਰ' ਨੂੰ ਸਮਝੌਤੇ ਨੂੰ ਲਾਗੂ ਕਰਨ ਦਾ ਕੰਮ ਸੌਂਪਿਆ ਗਿਆ ਹੈ।

## ਕੇਂਦਰ ਤੇ ਕਿਸਾਨਾਂ ਵਿਚਾਲੇ ਮੀਟਿੰਗ ਹੋਈ ਖਤਮ

ਪਟਿਆਲਾ 19 ਜਨਵਰੀ। ਬੀਤੀ 26 ਨਵੰਬਰ ਤੋਂ ਕਿਸਾਨੀ ਮੰਗਾਂ ਨੂੰ ਲੈ ਕੇ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਲਗਾਤਾਰ ਨਾਜ਼ੁਕ ਹੁੰਦੀ ਜਾ ਰਹੀ ਹੈ। ਇਸ ਦੌਰਾਨ ਖਨੌਰੀ ਬਾਰਡਰ ਤੋਂ ਇਕ ਬੇਹੱਦ ਵੱਡੀ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਕੇਂਦਰ ਸਰਕਾਰ ਦਾ ਇਕ ਵਫਦ ਕਿਸਾਨਾਂ ਨਾਲ ਗੱਲਬਾਤ ਲਈ ਖਨੌਰੀ ਬਾਰਡਰ ਵਿਖੇ ਪੁੱਜਿਆ ਹੈ। ਇਸ ਦੀ ਕੁਝ ਦੇਰ ਬਾਅਦ ਹੀ ਕਿਸਾਨ ਆਗੂਆਂ ਨੇ ਇਕ ਪ੍ਰੈੱਸ ਕਾਨਫਰੰਸ ਕਰ ਕੇ ਦੱਸਿਆ ਸੀ ਕਿ ਕੇਂਦਰ ਸਰਕਾਰ ਵੱਲੋਂ ਇਕ ਪ੍ਰਪੋਜਲ ਕਿਸਾਨਾਂ ਅੱਗੇ ਰੱਖਿਆ ਗਿਆ ਹੈ, ਜਿਸ ਬਾਰੇ ਉਹ ਕੁਝ ਸਮੇਂ ਬਾਅਦ ਹੀ ਪੂਰੀ ਜਾਣਕਾਰੀ ਦੇਣਗੇ। ਹੁਣ ਕਿਸਾਨਾਂ ਤੇ ਕੇਂਦਰ ਸਰਕਾਰ ਦੇ ਅਧਿਕਾਰੀਆਂ ਨਾਲ ਕਰੀਬ 2 ਘੰਟੇ ਤੱਕ ਚੱਲੀ ਇਹ ਮੀਟਿੰਗ ਖਤਮ ਹੋ ਗਈ ਹੈ, ਜਿਸ ਬਾਰੇ ਹੁਣ ਵੱਡਾ ਐਲਾਨ ਹੋ ਗਿਆ ਹੈ। ਜ਼ਿਕਰਯੋਗ ਹੈ ਕਿ ਕਿਸਾਨ ਆਗੂ ਜਗਜੀਤ ਸਿੰਘ, ਜੋ ਕਿ 54



ਦਿਨਾਂ ਤੋਂ ਲਗਾਤਾਰ ਮਰਨ ਵਰਤ 'ਤੇ ਬੈਠੇ ਹੋਏ ਹਨ। ਉਨ੍ਹਾਂ ਦੀ ਵਿਗੜਦੀ ਹੋਈ ਸਿਹਤ ਨੂੰ ਦੇਖ ਕੇ ਉਨ੍ਹਾਂ ਤੋਂ ਇਲਾਵਾ 121 ਹੋਰ ਕਿਸਾਨ ਵੀ ਮਰਨ ਵਰਤ 'ਤੇ ਬੈਠ ਗਏ ਸਨ, ਜਿਸ ਮਗਰੋਂ ਅੱਜ ਆਖ਼ਿਰਕਾਰ ਕੇਂਦਰ ਸਰਕਾਰ ਕਿਸਾਨਾਂ ਨਾਲ ਗੱਲਬਾਤ ਲਈ ਤਿਆਰ ਹੋ ਗਈ ਹੈ ਤੇ ਮੁਲਾਕਾਤ ਮਗਰੋਂ ਕਿਸਾਨਾਂ ਤੇ ਕੇਂਦਰ ਸਰਕਾਰ ਵਿਚਾਲੇ 14 ਫਰਵਰੀ ਨੂੰ ਮੀਟਿੰਗ ਦਾ ਐਲਾਨ ਕੀਤਾ ਗਿਆ ਹੈ। ਕਿਸਾਨ ਆਗੂਆਂ ਨੇ ਦੱਸਿਆ ਕਿ ਇਹ ਮੁਲਾਕਾਤ 14 ਫਰਵਰੀ ਨੂੰ ਸ਼ਾਮ 5 ਵਜੇ ਚੰਡੀਗੜ੍ਹ ਦੇ ਸੈਕਟਰ-26 'ਚ ਕੇਂਦਰ ਸਰਕਾਰ ਦੇ ਵਫਦ ਵਿਚਾਲੇ ਹੋਵੇਗੀ। ਕਿਸਾਨ ਆਗੂਆਂ ਨੇ ਇਹ ਵੀ ਦੱਸਿਆ ਕਿ ਉਮੀਦ ਹੈ ਕਿ ਇਹ ਮੁਲਾਕਾਤ ਸੁਖਾਵੇਂ ਹਾਲਾਤ 'ਚ ਹੋਵੇਗੀ, ਜਿਸ ਮਗਰੋਂ ਦਿੱਲੀ ਵਿਖੇ ਇਕ ਮੁਲਾਕਾਤ ਹੋਣ ਮਗਰੋਂ ਕਿਸਾਨਾਂ ਦੀਆਂ ਇਹ ਮੰਗਾਂ ਮੰਨ ਲਈਆਂ ਜਾਣਗੀਆਂ।

## ਮੋਦੀ ਦੀ ਅਗਵਾਈ ਹੇਠ ਭਾਰਤ 2047 'ਚ ਦੁਨੀਆ ਦੀ ਨੰਬਰ ਇਕ ਜਾਂ ਦੋ ਅਰਥਵਿਵਸਥਾ ਬਣੇਗਾ : ਨਾਇਡੂ

ਅਮਰਾਵਤੀ 19 ਜਨਵਰੀ। ਆਂਧਰਾ ਪ੍ਰਦੇਸ ਦੇ ਮੁੱਖ ਮੰਤਰੀ ਐੱਨ. ਚੰਦਰਬਾਬੂ ਨਾਇਡੂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਸੰਸਾ ਕਰਦੇ ਹੋਏ ਕਿਹਾ ਹੈ ਕਿ ਸੂਬੇ ਦੇ ਵਿਕਾਸ ਲਈ 'ਡਬਲ ਇੰਜਣ' ਦੀ ਸਰਕਾਰ ਜਰੂਰੀ ਹੈ ਤੇ ਕਿਹਾ ਕਿ ਦੇਸ ਉਨ੍ਹਾਂ ਦੀ



ਅਗਵਾਈ ਹੇਠ ਤਰੱਕੀ ਕਰਦਾ ਹੋਇਆ 2047 'ਚ ਦੁਨੀਆ ਦੀ ਨੰਬਰ ਇਕ ਜਾਂ ਦੋ ਅਰਥਵਿਵਸਥਾ ਬਣ ਜਾਏਗਾ। ਨਾਇਡੂ ਨੇ ਸਨੀਵਾਰ ਕਡੱਪਾ ਜ਼ਿਲੇ ਦੇ ਮਾਇਡੂਕੁਰ ਵਿਖੇ ਇਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੂਬੇ 'ਚ ਰਾਸਟਰੀ ਜਮਹੂਰੀ ਗੱਠਜੋੜ ਵੱਲੋਂ ਲੋਕ ਸਭਾ ਦੀਆਂ ਜਿੱਤੀਆਂ ਗਈਆਂ ਕੁੱਲ 25 ਸੀਟਾਂ 'ਚੋਂ 21 ਸੀਟਾਂ ਸੰਜੀਵਨੀ ਵਰਗੀਆਂ ਹਨ। ਉਨ੍ਹਾਂ ਕਿਹਾ ਕਿ ਆਂਧਰਾ ਪ੍ਰਦੇਸ ਵਿੱਤੀ ਪੱਖੋਂ ਵੈਂਟੀਲੇਟਰ 'ਤੇ ਹੈ ਤੇ ਕੇਂਦਰ ਸਰਕਾਰ ਵੱਲੋਂ ਸਪਲਾਈ ਕੀਤੀ ਜਾਣ ਵਾਲੀ 'ਆਕਸੀਜਨ' 'ਤੇ ਗੁਜਾਰਾ ਕਰ ਰਿਹਾ ਹੈ। ਤੇਲਗੂ ਦੇਸਮ ਪਾਰਟੀ ਦੇ ਸੁਪਰੀਮੋ ਨਾਇਡੂ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਇਕ ਕਰੋੜ ਮੈਂਬਰਾਂ ਵਾਲੀ ਇਕ ਖੇਤਰੀ ਪਾਰਟੀ ਹੈ ਪਰ ਇਸ ਨੇ ਹਮੇਸਾ ਇਕ ਰਾਸਟਰੀ ਦ੍ਰਿਸਟੀਕੋਣ ਤੋਂ ਕੰਮ ਕੀਤਾ ਹੈ। ਅਸੀਂ 2014 ਤੋਂ 2019 ਦਰਮਿਆਨ ਐੱਨ. ਡੀ. ਏ. ਨਾਲ ਕੰਮ ਕੀਤਾ ਹੈ। ਵਿਕਾਸ ਨੂੰ ਸੂਬੇ ਤੇ ਕੇਂਦਰ ਦੋਵਾਂ ਪੱਧਰਾਂ 'ਤੇ ਡਬਲ ਇੰਜਣ ਵਾਲੀਆਂ ਸਰਕਾਰਾਂ ਨਾਲ ਹੀ ਯਕੀਨੀ ਬਣਾਇਆ ਜਾ ਸਕਦਾ ਹੈ।

# ਸੈਫ ਅਲੀ ਖਾਨ 'ਤੇ ਚਾਕੂ ਨਾਲ ਹਮਲਾ ਕਰਨ ਵਾਲਾ ਗ੍ਰਿਫਤਾਰ

**ਏਜੰਸੀਆਂ**

ਮੁੰਬਈ 19 ਜਨਵਰੀ। ਬਾਲੀਵੁੱਡ ਅਦਾਕਾਰ ਸੈਫ ਅਲੀ ਖਾਨ 'ਤੇ ਹੋਏ ਹਮਲੇ ਦੇ ਮਾਮਲੇ 'ਚ ਮੁੰਬਈ ਪੁਲਸ ਨੇ ਹਮਲਾਵਰ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਸ ਨੇ ਮੁੱਖ ਮੁਲਜਮ ਮੁਹੰਮਦ ਆਲੀਆਨ ਉਰਫ ਬੀ.ਜੇ. () ਨੂੰ ਠਾਣੇ ਤੋਂ ਗ੍ਰਿਫਤਾਰ ਕਰ ਲਿਆ ਹੈ। ਜਾਣਕਾਰੀ ਮੁਤਾਬਕ ਮੁਹੰਮਦ ਆਲੀਆਨ ਉਹ ਵਿਅਕਤੀ ਹੈ ਜਿਸ ਨੇ 16 ਜਨਵਰੀ ਦੀ ਰਾਤ ਨੂੰ ਘਰ 'ਚ ਦਾਖਲ ਹੋ ਕੇ ਸੈਫ ਅਲੀ ਖਾਨ 'ਤੇ ਚਾਕੂ ਨਾਲ ਹਮਲਾ ਕੀਤਾ ਸੀ। ਮੁਲਜਮ ਦੀ ਪਛਾਣ ਮੁਹੰਮਦ ਆਲੀਆਨ ਉਰਫ ਬੀ. ਜੇ. ਵਜੋਂ ਹੋਈ ਹੈ। ਫੜੇ ਜਾਣ ਤੋਂ ਬਾਅਦ ਉਸ ਨੇ ਪੁਲਸ ਕੋਲ ਕਬੂਲ ਕੀਤਾ ਕਿ ਉਹ ਹੀ ਸੀ, ਜੋ ਸੈਫ ਅਤੇ ਕਰੀਨਾ ਦੇ ਘਰ ਵਿਚ ਦਾਖਲ ਹੋਇਆ ਸੀ ਅਤੇ ਉਸ ਨੇ ਹੀ ਸੈਫ 'ਤੇ ਹਮਲਾ ਕੀਤਾ ਸੀ। ਮੁੰਬਈ ਪੁਲਸ ਦੀ ਟੀਮ ਨੇ ਉਸ ਨੂੰ ਠਾਣੇ ਦੇ ਲੇਬਰ ਕੈਂਪ ਇਲਾਕੇ ਤੋਂ ਗ੍ਰਿਫਤਾਰ ਕੀਤਾ ਹੈ। ਮੁਲਜਮ ਠਾਣੇ ਵਿਚ ' ਬਾਰ ਵਿਚ ਹਾਊਸਕੀਪਿੰਗ ਦਾ ਕੰਮ ਕਰਦਾ ਸੀ। ਵਿਲੇ ਪਾਰਲੇ ਥਾਣੇ ਦੇ ਅਧਿਕਾਰੀਆਂ ਨੇ ਉਸ ਨੂੰ ਫੜਨ ਵਿਚ ਸਫਲਤਾ ਹਾਸਲ ਕੀਤੀ ਹੈ। ਪੁਲਸ ਵੱਲੋਂ ਦਿੱਤੀ ਗਈ ਅਧਿਕਾਰਤ ਜਾਣਕਾਰੀ ਅਨੁਸਾਰ ਠਾਣੇ ਤੋਂ ਫੜਿਆ ਗਿਆ ਦੋਸੀ ਉਹੀ ਵਿਅਕਤੀ ਹੈ ਜੋ ਸੈਫ ਅਲੀ ਖਾਨ 'ਤੇ ਹਮਲੇ ਲਈ ਲੋੜੀਂਦਾ ਸੀ। ਹੁਣ ਉਸ ਨੂੰ ਬਾਂਦਰਾ ਲਿਆ ਕੇ ਪੁੱਛਗਿੱਛ ਕੀਤੀ ਜਾਵੇਗੀ। ਫੜੇ ਜਾਣ ਤੋਂ ਬਚਣ ਲਈ ਹਮਲਾਵਰ ਨੇ ਆਪਣਾ ਝੂਠਾ ਨਾਂ 'ਵਿਜੇ ਦਾਸ'



ਦੱਸ ਦਿੱਤਾ। ਹਮਲਾਵਰ ਦੀ ਗ੍ਰਿਫਤਾਰੀ ਤੋਂ ਪਹਿਲਾਂ ਸੀਸੀਟੀਵੀ ਫੁਟੇਜ ਵਿਚ ਕੈਦ ਸੈਫ ਅਲੀ ਖਾਨ ਦੇ ਪੋਸਟਰ ਉਸ ਦੇ ਘਰ ਦੀਆਂ ਪੌੜੀਆਂ ਤੋਂ ਉਤਰਦੇ ਹੋਏ ਮੁੰਬਈ ਅਤੇ ਆਸਪਾਸ ਥਾਵਾਂ 'ਤੇ ਲਗਾਏ ਗਏ ਸਨ। 16 ਜਨਵਰੀ ਨੂੰ ਸਵੇਰੇ 2 ਵਜੇ ਦੇ ਕਰੀਬ ਇਕ ਅਣਪਛਾਤਾ ਵਿਅਕਤੀ ਸੈਫ ਅਲੀ ਖਾਨ ਦੇ ਘਰ ਦਾਖਲ ਹੋਇਆ ਸੀ, ਜਿਸ ਨੂੰ ਸੈਫ ਦੇ ਘਰ ਦੀ ਮਹਿਲਾ ਸਟਾਫ ਨੇ ਦੇਖਿਆ ਅਤੇ ਅਲਾਰਮ ਲਗਾ ਦਿੱਤਾ। ਆਵਾਜ ਸੁਣ ਕੇ ਜਦੋਂ ਸੈਫ ਅਲੀ ਖਾਨ ਆਏ ਤਾਂ ਉਸ ਵਿਅਕਤੀ ਨਾਲ ਹੱਥੋਪਾਈ ਹੋ ਗਈ, ਜਿਸ ਤੋਂ ਬਾਅਦ ਉਸ ਨੇ ਅਦਾਕਾਰ ਨੂੰ ਚਾਕੂ ਮਾਰ ਦਿੱਤਾ। ਹਮਲਾਵਰ ਨੇ ਸੈਫ 'ਤੇ ਚਾਕੂ ਨਾਲ 6 ਵਾਰ ਹਮਲਾ ਕੀਤਾ, ਜਿਸ ਕਾਰਨ ਉਹ ਬੁਰੀ ਤਰ੍ਹਾਂ ਜਖਮੀ ਹੋ ਗਿਆ। ਚਾਕੂ ਦਾ ਇਕ ਹਿੱਸਾ ਅਦਾਕਾਰ ਦੀ ਰੀੜ੍ਹ ਦੀ ਹੱਡੀ ਦੇ ਕੋਲ ਵੀ ਫਸ ਗਿਆ। ਸੈਫ ਅਲੀ ਖਾਨ ਨੂੰ ਮੁੰਬਈ ਦੇ ਲੀਲਾਵਤੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਜਿੱਥੇ ਉਨ੍ਹਾਂ ਦੀ ਸਰਜਰੀ ਹੋਈ। ਹੁਣ ਅਦਾਕਾਰ ਖਤਰੇ ਤੋਂ ਬਾਹਰ ਹਨ।

## ਰਾਜਸਥਾਨ ਦੇ ਮੁੱਖ ਮੰਤਰੀ ਭਜਨਲਾਲ ਸ਼ਰਮਾ ਨੇ ਸੰਗਮ 'ਚ ਲਗਾਈ ਡੁਬਕੀ

ਮਹਾਕੁੰਭਨਗਰ 19 ਜਨਵਰੀ। ਰਾਜਸਥਾਨ ਦੇ ਮੁੱਖ ਮੰਤਰੀ ਭਜਨਲਾਲ ਸ਼ਰਮਾ ਨੇ ਐਤਵਾਰ ਸਵੇਰੇ ਮਹਾਕੁੰਭ 'ਚ ਤ੍ਰਿਵੇਣੀ ਸੰਗਮ 'ਚ ਇਸ਼ਨਾਨ ਕਰ ਕੇ ਪੂਜਾ ਕੀਤੀ। ਮੁੱਖ ਮੰਤਰੀ ਭਜਨਲਾਲ ਸ਼ਰਮਾ ਸ਼ਨੀਵਾਰ ਦੇਰ ਰਾਤ ਮਹਾਕੁੰਭ ਮੇਲਾ ਖੇਤਰ 'ਚ ਸੈਕਟਰ 7 ਸਥਿਤ ਰਾਜਸਥਾਨ ਪਵੇਲੀਅਨ ਪਹੁੰਚੇ। ਉਨ੍ਹਾਂ ਨੇ ਤ੍ਰਿਵੇਣੀ ਸੰਗਮ ਘਾਟ 'ਤੇ ਪਵਿੱਤਰ ਡੁਬਕੀ ਲਗਾਉਣ ਤੋਂ ਬਾਅਦ ਮਾਂ ਗੰਗਾ ਦੀ ਪੂਜਾ, ਭਗਵਾਨ ਮਹਾਦੇਵ ਦਾ ਦੁੱਧ ਅਤੇ ਗੰਗਾ ਜਲ ਨਾਲ ਅਭਿਸ਼ੇਕ ਵੀ ਕੀਤਾ। ਉਨ੍ਹਾਂ ਨੇ ਮਾਂ ਗੰਗਾ ਦੀ ਆਰਤੀ ਕੀਤੀ ਅਤੇ ਬੜੇ ਹਨੂੰਮਾਨ ਜੀ ਦੇ ਦਰਸ਼ਨ ਵੀ ਕੀਤੇ। ਉਨ੍ਹਾਂ ਨੇ ਮਹਾਕੁੰਭ ਦੇ ਮਹਾ ਆਯੋਜਨ ਨੂੰ ਲੈ ਕੇ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਦੀ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਨੂੰ ਇਸ ਆਯੋਜਨ ਦੇ ਕੁਸ਼ਲ ਸੰਚਾਲਨ ਲਈ ਵਧਾਈ ਦਿੱਤੀ।

## ਚੋਣਾਂ ਤੋਂ ਪਹਿਲੇ ਕਾਂਗਰਸ, ਭਾਜਪਾ ਦੇ ਕਈ ਆਗੂ 'ਆਪ' 'ਚ ਹੋਏ ਸ਼ਾਮਲ

ਨਵੀਂ ਦਿੱਲੀ 19 ਜਨਵਰੀ। ਦਿੱਲੀ 'ਚ 5 ਫਰਵਰੀ ਨੂੰ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲੇ ਕਾਂਗਰਸ ਅਤੇ ਭਾਜਪਾ ਦੇ ਬਲਾਕ ਪੱਧਰ ਦੇ ਕਈ ਆਗੂ ਅਤੇ ਵਰਕਰ ਸ਼ਨੀਵਾਰ ਨੂੰ ਮੁੱਖ ਮੰਤਰੀ ਆਤਿਸ਼ੀ ਦੀ ਮੌਜੂਦਗੀ 'ਚ ਆਮ ਆਦਮੀ ਪਾਰਟੀ (ਆਪ) 'ਚ ਸ਼ਾਮਲ ਹੋ ਗਏ। 'ਆਪ' 'ਚ ਨਵੇਂ ਮੈਂਬਰਾਂ ਦਾ ਸਵਾਗਤ ਕਰਦੇ ਹੋਏ ਆਤਿਸ਼ੀ ਨੇ ਕਿਹਾ,"ਅਰਵਿੰਦ ਕੇਜਰੀਵਾਲ ਅਤੇ ਆਪ ਵਲੋਂ



ਕੀਤੇ ਗਏ ਕੰਮਾਂ ਤੋਂ ਪ੍ਰੇਰਨਾ ਲੈਂਦੇ ਹੋਏ, ਪਾਰਟੀ ਦਾ ਕਾਫਲਾ ਦਿਨੋਂ-ਦਿਨ ਵਧ ਰਿਹਾ ਹੈ।" ਵਜੀਰਪੁਰ ਵਿਧਾਨ ਸਭਾ ਖੇਤਰ ਤੋਂ ਮਮਤਾ ਵਰਮਾ ਕਈ ਕਾਂਗਰਸ ਵਰਕਰਾਂ ਨਾਲ 'ਆਪ' 'ਚ ਸ਼ਾਮਲ ਹੋਏ। ਕਿਰਾੜੀ ਚੋਣ ਖੇਤਰ ਤੋਂ ਵੀ ਕੁਝ ਆਗੂਆਂ ਅਤੇ ਵਰਕਰਾਂ ਨੇ ਆਮ ਆਦਮੀ ਪਾਰਟੀ ਦਾ ਹੱਥ ਫੜਿਆ। ਦਿੱਲੀ ਨਗਰ ਨਿਗਮ (ਐੱਮਸੀਡੀ) ਚੋਮ 'ਚ ਸੁੰਦਰ ਨਗਰੀ ਤੋਂ ਭਾਜਪਾ ਦੀ ਉਮੀਦਵਾਰ ਰਹੀ ਭੂਮਿਕਾ ਸਿੰਘ ਵੀ ਆਪਣੇ ਸਮਰਥਕਾਂ ਨਾਲ 'ਆਪ' 'ਚ ਸ਼ਾਮਲ ਹੋ ਗਈ। ਦਿੱਲੀ ਵਿਧਾਨ ਸਭਾ ਲਈ 5 ਫਰਵਰੀ ਨੂੰ ਵੋਟਿੰਗ ਹੋਣੀ ਹੈ ਅਤੇ ਵੋਟਾਂ ਦੀ ਗਿਣਤੀ 8 ਫਰਵਰੀ ਨੂੰ ਹੋਵੇਗੀ।

### ਦਿੱਲੀ ਪੁਲਸ ਨੇ ਹਾਸ਼ਿਮ ਬਾਬਾ ਗਿਰੋਹ ਦਾ ਮੈਂਬਰ ਕੀਤਾ ਗ੍ਰਿਫਤਾਰ

ਨਵੀਂ ਦਿੱਲੀ 19 ਜਨਵਰੀ। ਦਿੱਲੀ ਪੁਲਸ ਨੇ ਹਾਸ਼ਿਮ ਬਾਬਾ ਗਿਰੋਹ ਦੇ 23 ਸਾਲਾ ਮੈਂਬਰ ਨੂੰ ਗ੍ਰਿਫਤਾਰ ਕੀਤਾ ਹੈ। ਇਕ ਅਧਿਕਾਰੀ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਦੋਸ਼ੀ ਚੇਤਨ ਸ਼ਰਮਾ ਕੋਲੋਂ ਇਕ ਪਿਸਤੌਲ ਅਤੇ 5 ਕਾਰਤੂਸ ਜਬਤ ਕੀਤੇ ਗਏ। ਉਹ ਹਾਸ਼ਿਮ ਬਾਬਾ ਗਿਰੋਹ ਦਾ ਸਰਗਰਮ ਮੈਂਬਰ ਹੈ। ਉਨ੍ਹਾਂ ਦੱਸਿਆ ਕਿ ਗੁਪਤ ਸੂਚਨਾ ਦੇ ਆਧਾਰ 'ਤੇ ਸ਼ਰਮਾ ਨੂੰ ਸ਼ਨੀਵਾਰ ਨੂੰ ਖਿਚੜੀਪੁਰ ਇਲਾਕੇ ਤੋਂ ਗ੍ਰਿਫਤਾਰ ਕੀਤਾ ਗਿਆ। ਪੁਲਸ ਨੇ ਦੱਸਿਆ ਕਿ ਸ਼ਰਮਾ ਇਕ ਹਿਸਟ੍ਰੀਸ਼ੀਟਰ ਹੈ ਅਤੇ ਚੋਰੀ, ਕਤਲ ਦੀ ਕੋਸ਼ਿਸ਼ ਤੇ ਜਬਰਨ ਵਸੂਲੀ ਦੇ ਮਾਮਲਿਆਂ 'ਚ ਲੋੜੀਂਦਾ ਹੈ। 2023 'ਚ ਉਸ ਨੇ ਇਕ ਸਥਾਨਕ ਸ਼ਰਾਬ ਤਸਕਰ ਤੋਂ ਜਬਰਨ ਵਸੂਲੀ ਕਰਨ ਦੀ ਕੋਸ਼ਿਸ਼ ਕੀਤੀ ਅਤੇ ਮਨ੍ਹਾਂ ਕਰਨ 'ਤੇ ਉਸ 'ਤੇ ਗੋਲੀ ਚਲਾ ਦਿੱਤੀ ਸੀ।

# ਭਾਰਤ ਦੀ ਅਰਥਵਿਵਸਥਾ ਪਟੜੀ 'ਤੇ ਪਰਤਣ ਨੂੰ ਤਿਆਰ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 19 ਜਨਵਰੀ। ਭਾਰਤੀ ਰਿਜਰਵ ਬੈਂਕ ਨੇ ਕਿਹਾ ਹੈ ਕਿ ਭਾਰਤ ਦੀ ਆਰਥਿਕ ਵਿਕਾਸ ਦਰ ਮੁੜ ਪਟੜੀ 'ਤੇ ਆਉਣ ਲਈ ਪੂਰੀ ਤਰ੍ਹਾਂ ਤਿਆਰ ਨਜਰ ਆ ਰਹੀ ਹੈ। ਹਾਲਾਂਕਿ ਨੇ ਕਿਹਾ ਹੈ ਕਿ ਖੁਰਾਕ ਮਹਿੰਗਾਈ 'ਤੇ ਲਗਾਤਾਰ ਨਜਰ ਰੱਖਣ ਦੀ ਲੋੜ ਹੈ ਤਾਂ ਜੋ ਇਸ ਦੇ ਦੂਰਗਾਮੀ ਪ੍ਰਭਾਵ ਨੂੰ ਰੋਕਿਆ ਜਾ ਸਕੇ। ਘਰੇਲੂ ਮੰਗ 'ਚ ਫਿਰ ਤੋਂ ਮਜਬੂਤੀ ਆਉਣ ਕਾਰਨ ਭਾਰਤ ਦੀ ਆਰਥਿਕ ਵਾਧੇ ਵਿਚ ਉਛਾਲ ਆਉਣ ਦੀ ਸੰਭਾਵਨਾ ਹੈ। ਨੇ ਸੁੱਕਰਵਾਰ 17 ਜਨਵਰੀ 2025 ਨੂੰ ਜਾਰੀ ਕੀਤੇ ਆਪਣੇ ਮਹੀਨੇਵਾਰ ਬੁਲੇਟਿਨ ਵਿਚ ਕਿਹਾ ਕਿ ਸ਼ੁਰੂਆਤੀ ਸੰਕੇਤ ਹਨ ਕਿ ਭਾਰਤੀ ਕੰਪਨੀਆਂ ਵਿੱਤੀ ਸਾਲ 2025 ਦੀ ਤੀਜੀ ਤਿਮਾਹੀ ਵਿਚ ਪਹਿਲੀਆਂ ਦੋ ਤਿਮਾਹੀਆਂ ਦੀ ਤੁਲਨਾ ਵਿਚ ਬਿਹਤਰ ਮਾਲੀਆ ਅਤੇ ਆਮਦਨ ਦਰਜ ਕਰ ਸਕਦੀਆਂ ਹਨ। ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜੋਰਦਾਰ ਮੰਗ ਦੇ ਵਿਚਕਾਰ ਭਾਰਤ ਦੀ ਆਰਥਿਕ ਵਿਕਾਸ ਇਕ ਵਾਰ ਫਿਰ ਤੋਂ ਰਫਤਾਰ ਫੜਨ ਲਈ ਤਿਆਰ ਜਾਪਦਾ ਹੈ। ਪੇਂਡੂ ਖੇਤਰਾਂ ਵਿਚ ਮੰਗ ਦੀ ਸਥਿਤੀ ਮਜਬੂਤ ਬਣੀ ਹੋਈ ਹੈ, ਜੋ ਕਿ ਖਪਤ ਵਿੱਚ




ਨਿਰੰਤਰਤਾ ਦਾ ਸੰਕੇਤ ਹੈ। ਖੇਤੀ ਖੇਤਰ 'ਚ ਵੀ ਬਹੁਤ ਸੰਭਾਵਨਾਵਾਂ ਨਜਰ ਆ ਰਹੀਆਂ ਹਨ। ਮੁਤਾਬਕ ਵਿੱਤੀ ਸਾਲ 25 ਦੀ ਦੂਜੀ ਛਿਮਾਹੀ ਵਿਚ ਆਰਥਿਕ ਗਤੀਵਿਧੀਆਂ ਦੇ ਉੱਚ ਸੂਚਕਾਂ ਵਿਚ ਅਨੁਕੂਲ ਤੇਜੀ ਆਈ ਹੈ। ਜੋ ਇਸ ਮਿਆਦ ਲਈ ਅਸਲ ਜੀਡੀਪੀ ਵਿਕਾਸ ਵਿੱਚ ਵਾਧਾ ਦਰਸਾਉਂਦੀ ਹੈ।ਵੱਖ-ਵੱਖ ਬ੍ਰੋਕਰੇਜਾਂ ਦੇ ਅਨੁਮਾਨਾਂ ਅਨੁਸਾਰ ਦਸੰਬਰ ਤਿਮਾਹੀ 'ਚ 50 ਕੰਪਨੀਆਂ ਦਾ ਸੰਯੁਕਤ ਸ਼ੁੱਧ ਲਾਭ ਆਪਣੀ ਸਭ ਤੋਂ ਤੇਜ ਦਰ ਨਾਲ ਵਧ ਸਕਦਾ ਹੈ, ਜਿਸ ਵਿਚ ਬੈਂਕਿੰਗ, ਵਿੱਤ ਅਤੇ ਬੀਮਾ ਕੰਪਨੀਆਂ ਵਲੋਂ ਮਜਬੂਤ ਵਾਧਾ ਹੋਇਆ ਹੈ। ਦਿਲਚਸਪ ਗੱਲ ਇਹ ਹੈ ਕਿ, ਗੈਰ-ਸੂਚੀਬੱਧ ਕੰਪਨੀਆਂ ਤੇਜ ਆਮਦਨ ਵਾਧੇ ਨਾਲ ਆਪਣੇ ਸੂਚੀਬੱਧ ਹਮਰੁਤਬਾ ਨੂੰ ਪਛਾੜਨ ਦੀ ਸੰਭਾਵਨਾ ਹੈ। ਚਾਲੂ ਵਿੱਤੀ ਸਾਲ ਦੀ ਜੁਲਾਈ-ਸਤੰਬਰ ਤਿਮਾਹੀ 'ਚ ਜੀਡੀਪੀ 5.4 ਫੀਸਦੀ 'ਤੇ ਸੱਤ ਤਿਮਾਹੀਆਂ 'ਚ ਸਭ ਤੋਂ ਹੇਠਲੇ ਪੱਧਰ 'ਤੇ ਆ ਗਿਆ ਸੀ। ਨੈਸਨਲ ਸਟੈਟਿਸਟੀਕਲ ਆਫਿਸ (ਐੱਨ.ਐੱਸ.ਓ.) ਦੇ ਪਹਿਲੇ ਅਗਾਊਂ ਅਨੁਮਾਨ 'ਚ ਕਿਹਾ ਗਿਆ ਹੈ ਕਿ ਵਿੱਤੀ ਸਾਲ 2024-25 'ਚ ਦੇਸ ਦੀ ਆਰਥਿਕ ਵਿਕਾਸ ਦਰ 6.4 ਫੀਸਦੀ ਰਹਿ ਸਕਦੀ ਹੈ, ਜੋ ਪਿਛਲੇ ਚਾਰ ਸਾਲਾਂ 'ਚ ਸਭ ਤੋਂ ਘੱਟ ਰਹੇਗੀ।

## ਸੀਮੈਂਟ ਪਲਾਂਟ ਦੇ ਕੰਪਲੈਕਸ 'ਚ ਡਿੱਗੇ ਲੋਹੇ ਦੇ ਢਾਂਚੇ ਦੇ ਮਲਬੇ 'ਚੋਂ ਤਿੰਨ ਮਜਦੂਰਾਂ ਦੀਆਂ ਲਾਸ਼ਾਂ ਬਰਾਮਦ

ਭੁਵਨੇਸਵਰ 19 ਜਨਵਰੀ। ਓਡੀਸਾ ਦੇ ਸੁੰਦਰਗੜ੍ਹ ਜ਼ਿਲ੍ਹੇ 'ਚ ਇਕ ਸੀਮੈਂਟ ਪਲਾਂਟ ਦੇ ਕੰਪਲੈਕਸ 'ਚ ਡਿੱਗੇ ਇਕ ਲੋਹੇ ਦੇ ਢਾਂਚੇ ਦੇ ਮਲਬੇ 'ਚੋਂ 36 ਘੰਟੇ ਦੇ ਬਚਾਅ ਕਾਰਜ ਤੋਂ ਬਾਅਦ ਸਨੀਵਾਰ ਨੂੰ ਤਿੰਨ ਲਾਪਤਾ ਮਜਦੂਰਾਂ ਦੀਆਂ ਲਾਸਾਂ ਬਰਾਮਦ ਕਰ ਲਈਆਂ ਗਈਆਂ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਮ੍ਰਿਤਕਾਂ ਦੀ ਪਛਾਣ ਸੁਸਾਂਤ ਰਾਊਤ (58), ਰਣਜੀਤ ਭੋਲ (24) ਅਤੇ ਦਸਰਥ ਪਾਤਰਾ (42) ਵਜੋਂ ਹੋਈ ਹੈ, ਜਿਨ੍ਹਾਂ ਨੂੰ ਰਾਜਗਾਂਗਪੁਰ ਦੇ ਕੈਪਟਿਵ ਪਾਵਰ ਪਲਾਂਟ 'ਚ ਇਕ ਠੇਕੇਦਾਰ ਕੋਲ ਕੰਮ ਕਰਦੇ ਸਨ। ਪੱਛਮੀ ਰੇਂਜ (ਰਾਊਰਕੇਲਾ) ਦੇ ਡਿਪਟੀ ਇੰਸਪੈਕਟਰ ਜਨਰਲ ਆਫ ਪੁਲਸ ਬ੍ਰਿਜੇਸ ਕੁਮਾਰ ਰਾਏ ਨੇ ਕਿਹਾ ਕਿ ਵੀਰਵਾਰ ਸਾਮ ਨੂੰ ਕੋਲ ਹਾਪਰ (ਵੱਡੀ ਮਾਤਰਾ 'ਚ ਕੋਲਾ ਸਟੋਰ ਕਰਨ ਲਈ ਵਰਤਿਆ ਜਾਣ ਵਾਲਾ ਇਕ ਵੱਡਾ ਲੋਹੇ ਦਾ ਢਾਂਚਾ) ਢਹਿ ਜਾਣ ਤੋਂ ਬਾਅਦ ਮਜਦੂਰ ਫਸ ਗਏ ਸਨ। ਕੰਪਨੀ ਨੇ ਪਹਿਲਾਂ ਇਕ ਬਿਆਨ 'ਚ ਕਿਹਾ ਸੀ ਕਿ ਕੋਲਾ ਹਾਪਰ ਡਾਲਮੀਆ ਸੀਮੈਂਟ ਦੁਆਰਾ ਨਿਯੁਕਤ ਇਕ ਤੀਜੀ-ਧਿਰ ਵਿਕਰੇਤਾ ਦੁਆਰਾ ਚਲਾਇਆ ਜਾ ਰਿਹਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਹਾਦਸੇ ਵਾਲੇ ਦਿਨ 60 ਤੋਂ ਵੱਧ ਮਜਦੂਰਾਂ ਨੂੰ ਸੁਰੱਖਿਅਤ ਬਚਾ ਲਿਆ ਗਿਆ ਸੀ। ਫਾਇਰ ਵਿਭਾਗ, ਓਡੀਸਾ ਡਿਜਾਸਟਰ ਰੈਪਿਡ ਐਕਸਨ ਫੋਰਸ (ਓਡੀਆਰਏਐੱਫ) ਅਤੇ ਸਥਾਨਕ ਪੁਲਸ ਟੀਮ ਦੇ ਕਰਮਚਾਰੀਆਂ ਨੇ ਬਚਾਅ ਕਾਰਜ ਨੂੰ ਅੰਜਾਮ ਦਿੱਤਾ। ਅਗਲੇਰੀ ਜਾਂਚ ਜਾਰੀ ਹੈ।

## ਮਹਾਕੁੰਭ: ਕਰੋ 7 ਕਰੋੜ ਤੋਂ ਵੱਧ ਰੁਦਰਾਕਸ ਨਾਲ ਬਣੇ 12 ਜੋਤਿਰਲਿੰਗਾਂ ਦੇ ਦਰਸ਼ਨ

ਮਹਾਕੁੰਭ ਨਗਰ 19 ਜਨਵਰੀ। ਉੱਤਰ ਪ੍ਰਦੇਸ ਦੇ ਪ੍ਰਯਾਗਰਾਜ ਵਿੱਚ ਆਯੋਜਿਤ ਮਹਾਕੁੰਭ ਮੇਲੇ ਦੀ ਸ਼ਿਵ ਨਗਰੀ ਵਿੱਚ 7 ਕਰੋੜ 51 ਲੱਖ ਰੁਦਰਾਕਸ ਤੋਂ ਬਣੇ 12 ਜਯੋਤਿਰਲਿੰਗ ਸਰਧਾਲੂਆਂ ਨੂੰ ਵਿਸੇਸ ਤੌਰ 'ਤੇ ਆਕਰਸ਼ਿਤ ਕਰ ਰਹੇ ਹਨ। ਮਹਾਕੁੰਭ ਦੇ ਸੈਕਟਰ 6 ਵਿੱਚ ਬਣਿਆ ਹਰੇਕ ਜਯੋਤਿਰਲਿੰਗ 11 ਫੁੱਟ ਉੱਚਾ, 9 ਫੁੱਟ ਚੌੜਾ ਅਤੇ 7 ਫੁੱਟ ਮੋਟਾ ਹੈ, ਜਿਨ੍ਹਾਂ ਨੂੰ 7 ਕਰੋੜ 51 ਲੱਖ ਰੁਦਰਾਕਸ ਮਣਕਿਆਂ ਦੀ ਮਾਲਾ ਨਾਲ ਸ਼ਿੰਗਾਰਿਆ ਗਿਆ ਹੈ। ਇਹ ਰੁਦਰਾਕਸ 10,000 ਪਿੰਡਾਂ ਤੋਂ ਪੈਦਲ ਘੁੰਮ ਕੇ ਇਕੱਠੇ ਕੀਤੇ ਗਏ ਹਨ। ਖੁੱਲ੍ਹੇ ਅਸਮਾਨ ਵਿੱਚ ਬਣੇ ਇਨ੍ਹਾਂ ਜੋਤਿਰਲਿੰਗਾਂ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ ਮੌਨੀ ਬਾਬਾ ਨੇ ਕਿਹਾ ਕਿ ਕਈ ਸਾਲ ਪਹਿਲਾਂ ਮੈਂ ਆਪਣੇ ਮਨ ਵਿੱਚ ਰੁਦਰਕਸ ਦੇ ਜਯੋਤਿਰਲਿੰਗ ਦੀ ਸਥਾਪਨਾ ਕਰਨ ਦਾ ਸੰਕਲਪ ਲਿਆ ਸੀ। ਪਿਛਲੇ 37 ਸਾਲਾਂ ਤੋਂ, ਮੈਂ ਰੁਦਰਾਕਸ ਦਾ ਸ਼ਿਵਲਿੰਗ ਬਣਾ ਕੇ ਉਸਦੀ ਪੂਜਾ ਕਰ ਰਿਹਾ ਹਾਂ। ਇੱਥੇ ਸਥਾਪਿਤ ਜਯੋਤਿਰਲਿੰਗਾਂ ਵਿੱਚ ਇੱਕ ਮੁਖੀ ਤੋਂ ਲੈ ਕੇ 26 ਮੁਖੀ ਤੱਕ ਦੇ ਚਿੱਟੇ ਰੁਦਰਕਸ, ਕਾਲੇ ਰੁਦਰਕਸ ਅਤੇ ਲਾਲ ਰੁਦਰਕਸ ਦੀ ਵਰਤੋਂ ਕੀਤੀ ਗਈ ਹੈ। ਮੌਨੀ ਬਾਬਾ ਨੇ ਕਿਹਾ ਕਿ ਰੁਦਰਾਕਸ ਤੋਂ ਬਣੀ ਇਹ ਸ਼ਿਵ ਨਗਰੀ ਪੂਰੀ ਦੁਨੀਆ ਵਿੱਚ ਆਪਣੀ ਤਰ੍ਹਾਂ ਦੀ ਇੱਕ ਵਿਲੱਖਣ ਨਗਰੀ ਹੈ, ਜਿੱਥੇ 6 ਸ਼ਿਵਲਿੰਗ ਦੱਖਣ ਮੁਖੀ ਅਤੇ 6 ਸ਼ਿਵਲਿੰਗ ਉੱਤਰ ਮੁਖੀ



ਹਨ। ਉਨ੍ਹਾਂ ਦੱਸਿਆ ਕਿ ਹੁਣ ਤੱਕ ਪੂਰੀ ਦੁਨੀਆ ਵਿੱਚ ਸਿਰਫ ਮਹਾਕਾਲ ਦਾ ਸ਼ਿਵਲਿੰਗ ਦੱਖਣ ਮੁਖੀ ਹੈ। ਮੌਨੀ ਬਾਬਾ ਨੇ ਦੱਸਿਆ ਕਿ ਰੁਦਰਾਕਸ ਇੱਕ ਮੂਰਤੀ ਵਾਂਗ ਹੈ ਜਿਸ ਦੀ ਪ੍ਰਾਣ ਪ੍ਰਤਿਸਠਾ ਹੁੰਦੀ ਹੈ ਅਤੇ ਬਿਨਾਂ ਪ੍ਰਾਣ ਪ੍ਰਤਿਸ਼ਠਾ ਦੇ ਰੁਦਰਾਕਸ ਪਹਿਨਿਆ ਨਹੀਂ ਜਾ ਸਕਦਾ। ਪ੍ਰਾਣ ਪ੍ਰਤਿਸ਼ਠਾ ਦੇ ਬਾਅਦ ਹੀ ਰੁਦਰਾਕਸ਼ ਇੱਛਾਵਾਂ ਪੂਰੀਆਂ ਕਰਦਾ ਹੈ।

# ਮੱਧ ਵਰਗ ਨੂੰ ਬਜਟ 'ਚ ਰਾਹਤ ਦੇ ਸਕਦੀ ਹੈ ਮੋਦੀ ਸਰਕਾਰ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ, 19 ਜਨਵਰੀ। ਮੱਧ ਵਰਗ ਦੀਆਂ ਆਰਥਿਕ ਪ੍ਰੇਸ਼ਾਨੀਆਂ ਨੂੰ ਦੇਖਦਿਆਂ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਆਉਣ ਵਾਲੇ ਬਜਟ 'ਚ ਕੁਝ ਰਾਹਤ ਦੇ ਸਕਦੀ ਹੈ, ਜਿਸ 'ਚ ਆਮਦਨ ਟੈਕਸ 'ਚ ਕਟੌਤੀ ਸਾਮਲ ਹੈ। ਚੋਣਾਂ 'ਚ ਮੁਫਤ ਦੀਆਂ ਸਹੂਲਤਾਂ ਦੇ ਵਧਦੇ ਰੁਝਾਨ ਨਾਲ ਮੱਧ ਵਰਗ ਸਿਆਸੀ ਤੌਰ 'ਤੇ ਅਣਗੌਲਿਆ ਮਹਿਸੂਸ ਕਰਨ ਲੱਗ ਪਿਆ ਹੈ। ਸੀਤਾਰਾਮਨ 1 ਫਰਵਰੀ ਨੂੰ ਆਮ ਬਜਟ ਪੇਸ ਕਰੇਗੀ। ਇਹ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇ ਤੀਜੇ ਕਾਰਜਕਾਲ ਦਾ ਪਹਿਲਾ ਬਜਟ ਹੋਵੇਗਾ। ਬਜਟ ਅਜਿਹੇ ਸਮੇਂ 'ਚ ਪੇਸ ਕੀਤਾ ਜਾ ਰਿਹਾ ਹੈ ਜਦੋਂ ਮੱਧ ਵਰਗ ਕੇਂਦਰ ਸਰਕਾਰ ਤੋਂ ਰਾਹਤ ਦੀ ਮੰਗ ਕਰ ਰਿਹਾ ਹੈ। ਇਹ ਵਰਗ ਲੰਬੇ ਸਮੇਂ ਤੋਂ ਭਾਜਪਾ ਦਾ ਵਚਨਬੱਧ ਵੋਟਰ ਰਿਹਾ ਹੈ, ਇਸ ਲਈ ਉਨ੍ਹਾਂ ਦੀਆਂ ਮੰਗਾਂ ਨੂੰ ਨਜਰਅੰਦਾਜ ਕਰਨਾ ਆਸਾਨ ਨਹੀਂ ਹੋਵੇਗਾ। ਹਾਲਾਂਕਿ ਸਰਕਾਰ ਕੋਲ ਆਮਦਨ ਦੇ ਸੀਮਤ ਸਰੋਤ ਹਨ ਅਤੇ ਹਰ ਤਰ੍ਹਾਂ ਦੀਆਂ ਭਲਾਈ ਯੋਜਨਾਵਾਂ ਨੂੰ ਰੋਕਿਆ ਨਹੀਂ ਜਾ ਸਕਦਾ। ਇਸ ਤੋਂ ਇਲਾਵਾ ਮੁਫਤ ਦੀਆਂ ਸਹੂਲਤਾਂ ਵਰਗੀਆਂ ਯੋਜਨਾਵਾਂ ਨੇ ਸਰਕਾਰ ਦੇ ਵਿਕਲਪਾਂ ਨੂੰ ਹੋਰ ਸੀਮਤ ਕਰ ਦਿੱਤਾ ਹੈ। ਹਾਲਾਂਕਿ ਹਾਲ ਹੀ ਦੇ ਕੁਝ ਸਾਲਾਂ ਵਿਚ ਭਾਜਪਾ ਇਸ ਧਾਰਨਾ ਨੂੰ ਬਦਲਣ ਵਿਚ ਕਾਮਯਾਬ ਰਹੀ ਹੈ ਕਿ ਉਹ ਸਹਿਰੀ ਪਾਰਟੀ ਹੈ। ਭਾਜਪਾ ਤੇਜੀ ਨਾਲ ਪੇਂਡੂ ਖੇਤਰਾਂ ਵਿਚ




ਪੈਰ ਪਸਾਰ ਰਹੀ ਹੈ ਅਤੇ ਬਦਲੇ ਵਿਚ ਪੇਂਡੂ ਆਬਾਦੀ ਨੂੰ ਵੀ ਸਰਕਾਰ ਤੋਂ ਲਾਭ ਮਿਲ ਰਿਹਾ ਹੈ। ਕਿਸਾਨ ਸਨਮਾਨ ਨਿਧੀ ਅਤੇ ਮੁਫਤ ਰਾਸਨ ਨੇ ਗਰੀਬਾਂ 'ਚ ਸਰਕਾਰ ਅਤੇ ਭਾਜਪਾ ਦੀ ਛਵੀ ਨੂੰ ਮਜਬੂਤ ਕੀਤਾ। ਹਾਲ ਹੀ ਵਿਚ ਇਕ ਦਿਲਚਸਪ ਕਦਮ ਦੇ ਤਹਿਤ ਕੇਂਦਰ ਸਰਕਾਰ ਨੇ ਫੈਸਲਾ ਕੀਤਾ ਕਿ ਜੀ. ਐੱਸ. ਟੀ. ਕੁਲੈਕਸ਼ਨ ਦਾ ਹਰ ਮਹੀਨੇ ਡਾਟਾ ਜਾਰੀ ਨਹੀਂ ਕੀਤਾ ਜਾਵੇਗਾ। ਇਹ ਵੀ ਫੈਸਲਾ ਕੀਤਾ ਗਿਆ ਕਿ ਬਾਕੀ ਟੈਕਸ ਸੰਗ੍ਰਹਿ ਨਾਲ ਸਬੰਧਤ ਡਾਟੇ ਨੂੰ ਵੱਡੇ ਪੱਧਰ 'ਤੇ ਪ੍ਰਚਾਰਿਤ ਨਹੀਂ ਕੀਤਾ ਜਾਵੇਗਾ। ਇਸ ਕਦਮ ਪਿੱਛੇ ਕਾਰਨ ਸਰਕਾਰ ਨੂੰ ਮਿਲਿਆ ਇਕ ਫੀਡਬੈਕ ਸੀ। ਸਰਕਾਰ ਨੂੰ ਜਾਣਕਾਰੀ ਮਿਲੀ ਕਿ ਹਰ ਮਹੀਨੇ ਵਧਦੇ ਟੈਕਸ ਦਾ ਗਲਤ ਸੁਨੇਹਾ ਜਾ ਰਿਹਾ ਸੀ ਤੇ ਲੋਕਾਂ ਨੂੰ ਲੱਗ ਰਿਹਾ ਸੀ ਕਿ ਸਰਕਾਰ ਸਿਰਫ ਟੈਕਸ ਹੀ ਇਕੱਠਾ ਕਰ ਰਹੀ ਹੈ। ਦੇਸ ਭਰ 'ਚ ਲੱਗਭਗ 350 ਲੋਕ ਸਭਾ ਸੀਟਾਂ ਅਜਿਹੀਆਂ ਹਨ, ਜਿੱਥੇ ਮੱਧ ਵਰਗ ਦੀ ਆਬਾਦੀ ਫੈਸਲੇ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਰੱਖਦੀ ਹੈ। ਦੂਜੇ ਪਾਸੇ, ਵਿਰੋਧੀ ਧਿਰ ਨੇ ਵੀ ਮੱਧ ਵਰਗ ਨੂੰ ਲੁਭਾਉਣ ਦੀ ਕੋਸ਼ਿਸ ਸੁਰੂ ਕਰ ਦਿੱਤੀ ਹੈ। ਇਹੀ ਕਾਰਨ ਹੈ ਕਿ ਪਿਛਲੇ ਕੁਝ ਦਿਨਾਂ ਤੋਂ ਉਸ ਨੇ ਇਸ ਵਰਗ ਨਾਲ ਸਬੰਧਤ ਮੁੱਦੇ ਵੀ ਉਠਾਉਣੇ ਸੁਰੂ ਕਰ ਦਿੱਤੇ ਹਨ। ਯੂ. ਪੀ. ਏ. ਸਰਕਾਰ ਦੇ ਦੂਜੇ ਕਾਰਜਕਾਲ ਦੌਰਾਨ ਅੰਨਾ ਅੰਦੋਲਨ ਜਾਂ ਨਿਰਭਯਾ ਅੰਦੋਲਨ ਸਰਕਾਰ ਦੇ ਪਤਨ ਦਾ ਇਕ ਵੱਡਾ ਕਾਰਨ ਬਣਿਆ ਸੀ। ਦੋਵੇਂ ਅੰਦੋਲਨਾਂ ਦੀ ਅਗਵਾਈ ਮੱਧ ਵਰਗ ਨੇ ਕੀਤੀ ਸੀ। ਮੱਧ ਵਰਗ 'ਚ ਇਸ ਗੱਲ ਨੂੰ ਲੈ ਕੇ ਨਾਰਾਜਗੀ ਸਾਹਮਣੇ ਆ ਰਹੀ ਹੈ ਕਿ ਸਰਕਾਰ ਪੂਰੀ ਤਰ੍ਹਾਂ ਟੈਕਸ ਵਸੂਲੀ 'ਤੇ ਧਿਆਨ ਕੇਂਦਰਿਤ ਕਰਦੀ ਹੈ ਪਰ ਉਨ੍ਹਾਂ ਨੂੰ ਇਸ ਤੋਂ ਕੋਈ ਲਾਭ ਨਹੀਂ ਮਿਲਦਾ। ਨਾਲ ਹੀ ਵਧਦੀ ਮਹਿੰਗਾਈ ਨੇ ਸਥਿਤੀ ਨੂੰ ਹੋਰ ਵੀ ਮੁਸਕਲ ਬਣਾ ਦਿੱਤਾ ਹੈ।

# ਪੰਜਾਬ 'ਚ ਸ਼ਰਾਬ ਦਾ ਜਖੀਰਾ ਬਰਾਮਦ, ਮੰਤਰੀ ਹਰਪਾਲ ਚੀਮਾ ਨੇ ਦਿੱਤੀ ਚਿਤਾਵਨੀ

ਚੰਡੀਗੜ੍ਹ 19 ਜਨਵਰ। ਪੰਜਾਬ ਦੇ ਵਿੱਤ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਅੱਜ ਇਥੇ ਦੱਸਿਆ ਕਿ ਮੋਹਾਲੀ ਆਬਕਾਰੀ ਟੀਮ ਅਤੇ ਮੁਹਾਲੀ ਪੁਲਸ ਦੀ ਸਮੂਲੀਅਤ ਵਾਲੇ ਵਿਸੇਸ ਆਪ੍ਰੇਸ਼ਨ ਗਰੁੱਪ ਨੇ ਹੰਡੇਸਰਾ ਨੇੜੇ ਇਕ ਟਰੱਕ ਨੂੰ ਰੋਕ ਕੇ "ਸਿਰਫ ਚੰਡੀਗੜ੍ਹ ਵਿੱਚ ਵਿਕਰੀ ਲਈ" ਵਜੋਂ ਮਾਰਕ ਕੀਤੀਆਂ 220 ਸਰਾਬ ਦੀਆਂ ਪੇਟੀਆਂ ਜਬਤ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਇਹ ਆਪਰੇਸ਼ਨ ਚੰਡੀਗੜ੍ਹ (ਯੂ.ਟੀ.) ਤੋਂ ਪੰਜਾਬ ਵਿੱਚ ਸਰਾਬ ਦੀ ਤਸਕਰੀ ਦੇ ਅਪਰਾਧ ਨਾਲ ਨਜਿੱਠਣ ਲਈ ਪਿਛਲੇ ਕੁਝ ਦਿਨਾਂ ਤੋਂ ਸੂਬੇ ਭਰ ਵਿੱਚ ਚਲਾਈ ਗਈ ਵਿਸੇਸ ਮੁਹਿੰਮ ਦਾ ਹਿੱਸਾ ਹੈ। ਆਬਕਾਰੀ ਅਤੇ ਕਰ ਮੰਤਰੀ ਹਰਪਾਲ ਸਿੰਘ ਚੀਮਾ ਨੇ ਇਸ ਕਾਰਵਾਈ ਦਾ ਵੇਰਵਾ ਦਿੰਦੇ ਦੱਸਿਆ ਕਿ ਇਹ ਕਾਰਵਾਈ ਹਾਲ ਹੀ ਦੇ ਸਮੇਂ ਵਿੱਚ ਚੰਡੀਗੜ੍ਹ ਤੋਂ ਪੰਜਾਬ ਵਿੱਚ ਸਰਾਬ ਦੀ ਤਸਕਰੀ ਵਿਰੁੱਧ ਕੀਤੀਆਂ ਗਈਆਂ 6 ਵੱਡੀਆਂ ਵਿੱਚੋਂ ਇਕ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਵਿੱਚ ਮਿਤੀ 11 ਜਨਵਰੀ ਨੂੰ ਪੰਜਾਬ ਆਬਕਾਰੀ ਐਕਟ 1914 ਦੀ ਧਾਰਾ 61 (1) (14) ਅਤੇ 78 (2) ਤਹਿਤ ਐੱਫ. ਆਈ. ਆਰ. ਨੰਬਰ 01 ਥਾਣਾ ਹੰਡੇਸਰਾ ਵਿਖੇ ਦਰਜ ਕੀਤੀ ਗਈ ਹੈ। ਇਸ ਤੋਂ ਇਲਾਵਾ ਚੰਡੀਗੜ੍ਹ ਤੋਂ ਸਰਾਬ ਦੀ ਤਸਕਰੀ ਦੇ ਹੋਰ ਮਾਮਲਿਆਂ ਦੇ ਸਬੰਧ ਵਿੱਚ ਮੋਹਾਲੀ ਜਿ਼ਲ੍ਹੇ ਦੇ ਵੱਖ-ਵੱਖ ਥਾਣਿਆਂ ਵਿੱਚ ਛੇ ਹੋਰ ਐੱਫ. ਆਈ. ਆਰ. ਦਰਜ ਕੀਤੀਆਂ ਗਈਆਂ ਹਨ, ਜਿਸ ਦੇ ਨਤੀਜੇ ਵਜੋਂ ਵੱਖ-ਵੱਖ ਸਰਾਬ ਦੇ ਬਰਾਂਡਾਂ ਦੀਆਂ 42 ਪੇਟੀਆਂ ਜਬਤ ਕੀਤੀਆਂ ਗਈਆਂ ਹਨ। ਕਰ ਅਤੇ ਆਬਕਾਰੀ ਮੰਤਰੀ ਨੇ ਅੱਗੇ ਦੱਸਿਆ ਕਿ ਚਾਲੂ ਵਿੱਤੀ ਸਾਲ ਵਿੱਚ 31 ਦਸੰਬਰ 2024 ਤੱਕ ਚੰਡੀਗੜ੍ਹ ਸਰਾਬ ਦੀ ਤਸਕਰੀ ਨਾਲ ਸਬੰਧਤ 114 ਐੱਫ. ਆਈ. ਆਰਜ. ਦਰਜ ਕੀਤੀਆਂ ਗਈਆਂ ਹਨ, ਜਿਸ ਤਹਿਤ 30,096 ਸਰਾਬ ਦੀਆਂ ਬੋਤਲਾਂ ਬਰਾਮਦ ਹੋਈਆਂ ਹਨ। ਉਨ੍ਹਾਂ ਕਿਹਾ ਕਿ ਆਬਕਾਰੀ ਵਿਭਾਗ ਅਤੇ ਪੰਜਾਬ ਪੁਲਸ ਦੋਵੇਂ ਹੀ ਸਰਾਬ ਦੀ ਤਸਕਰੀ ਪ੍ਰਤੀ ਜੀਰੋ ਟੋਲਰੈਂਸ ਦੀ ਨੀਤੀ ਅਪਣਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਦੇ ਨਿਰੰਤਰ ਸਹਿਯੋਗ ਨਾਲ ਚੱਲ ਰਹੀ ਇਸ ਮੁਹਿੰਮ ਨੂੰ ਹੋਰ ਤੇਜ਼ ਕੀਤਾ ਜਾਵੇਗਾ ਅਤੇ ਸਰਾਬ ਦੀ ਤਸਕਰੀ ਵਿੱਚ ਸਾਮਲ ਵਿਅਕਤੀ, ਭਾਂਵੇ ਉਹ ਕੋਈ ਵੀ ਹੋਵੇ, ਵਿਰੁੱਧ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਵਿੱਤ ਮੰਤਰੀ ਹਰਪਾਲ ਸਿੰਘ ਨੇ ਕਿਹਾ ਕਿ ਪੰਜਾਬ ਆਬਕਾਰੀ ਐਕਟ, 1914 ਤਹਿਤ ਸਰਾਬ ਦੀ ਤਸਕਰੀ ਗੈਰ-ਕਾਨੂੰਨੀ, ਸਜਾਯੋਗ ਅਪਰਾਧ ਹੈ ਅਤੇ ਰਾਜ ਦੇ ਮਾਲੀਏ ਲਈ ਨੁਕਸਾਨਦੇਹ ਹੈ। ਉਨ੍ਹਾਂ ਭਰੋਸਾ ਦਿਵਾਇਆ ਕਿ ਅਜਿਹੀਆਂ ਗਤੀਵਿਧੀਆਂ ਵਿੱਚ ਸਾਮਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਉਲੰਘਣਾ ਕਰਨ ਵਾਲਿਆਂ ਨੂੰ ਕਾਨੂੰਨ ਅਨੁਸਾਰ ਸਖਤ ਨਤੀਜੇ ਭੁਗਤਣੇ ਪੈਣਗੇ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਅਜਿਹੀ ਕਿਸੇ ਵੀ ਗਤੀਵਿਧੀ ਬਾਰੇ ਵਿਭਾਗ ਨੂੰ ਸੂਚਿਤ ਕਰਨ ਤਾਂ ਜੋ ਸੂਬੇ ਨੂੰ ਕੋਈ ਮਾਲੀ ਨੁਕਸਾਨ ਨਾ ਹੋਵੇ।



## ਪਿੰਡ 'ਚੋਂ ਲੰਘਣਾ ਹੈ ਤਾਂ ਲਿਆਓ ਜੀ 200 ਦੀ ਪਰਚੀ, ਅੱਗੋਂ ਪੁਲਸ ਨੇ ਪਾ 'ਤੀ ਕਾਰਵਾਈ

ਪਟਿਆਲਾ 19 ਜਨਵਰ। ਪਟਿਆਲਾ ਦੇ ਪਿੰਡ ਮਾੜੂ ਵਿਚ ਗੁੰਡਾ ਟੈਕਸ ਦੀ ਵਸੂਲੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਬਰੀ ਟੈਕਸ ਵਸੂਲੀ ਦੀ ਇਕ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਵੀਡੀਓ ਵਿਚ ਸਾਫ ਵਿਖਾਈ ਦੇ ਰਿਹਾ ਹੈ ਕਿ ਪਿੰਡ ਵਿਚੋਂ ਲੰਘਣ ਵਾਲੇ ਵਾਹਨਾਂ ਦਾ ਟੈਕਸ ਕੱਟਿਆ ਜਾ ਰਿਹਾ ਹੈ। ਪਿੰਡ ਵਿਚੋਂ ਲੰਘਣਾ ਹੈ ਤਾਂ ਜੇਬ ਕਰੋ ਖਾਲੀ...ਲਿਆਓ ਜੀ 200 ਦੀ ਪਰਚੀ, ਦਾ ਕਹਿ ਕੇ ਜਬਰੀ ਵਸੂਲੀ ਕੀਤੀ ਜਾ ਰਹੀ ਹੈ। ਇਥੇ ਇਹ ਵੀ ਦੱਸ ਦੇਈਏ ਕਿ ਸ਼ੰਭੂ ਬਾਰਡਰ 'ਤੇ ਬੰਦ ਹੋਣ ਕਾਰਨ ਪਿੰਡਾਂ ਵਿਚੋਂ ਟਰੈਫਿਕ ਲੰਘ ਰਹੀ ਹੈ, ਜਿਸ ਦੀ ਜਬਰੀ ਵਸੂਲੀ ਕੀਤੀ ਜਾ ਰਹੀ ਹੈ। ਪੁਲਸ ਦੇ ਧਿਆਨ ਵਿਚ ਆਉਣ ਮਗਰੋਂ ਕਾਰਵਾਈ ਕਰਨ ਤੋਂ ਬਾਅਦ ਸਰਪੰਚ ਸਣੇ 3 ਲੋਕਾਂ 'ਤੇ ਉਗਰਾਹੀ ਦਾ ਪਰਚਾ ਦਰਜ ਕੀਤਾ ਗਿਆ ਹੈ। ਐੱਸ. ਐੱਸ. ਪੀ. ਪਟਿਆਲਾ ਨਾਨਕ ਸਿੰਘ ਦਾ ਕਹਿਣਾ ਹੈ ਕਿ ਜਬਰੀ ਟੈਕਸ ਵਸੂਲੀ ਦਾ ਮਾਮਲਾ ਧਿਆਨ ਵਿਚ ਆਉਣ ਮਗਰੋਂ ਜਾਂਚ ਕਰਕੇ ਸਰਪੰਚ ਸਣੇ 3 ਲੋਕਾਂ 'ਤੇ ਉਗਰਾਹੀ ਦਾ ਪਰਚਾ ਦਰਜ ਕੀਤਾ ਗਿਆ ਹੈ। ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਨੂੰ ਬਰਦਾਸਤ ਨਹੀਂ ਕੀਤਾ ਜਾਵੇਗਾ, ਅਤੇ ਜਨਤਕ ਵਿਵਸਥਾ ਬਣਾਈ ਰੱਖਣ ਲਈ ਸਖਤ ਕਾਰਵਾਈ ਕੀਤੀ ਜਾਵੇਗੀ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਇਹ ਚਿਤਾਵਨੀ ਵੀ ਦਿੱਤੀ ਗਈ ਹੈ ਕਿ ਜੇਕਰ ਕੋਈ ਦੋਬਾਰਾ ਇੰਝ ਕਰਦਾ ਹੈ ਤਾਂ ਉਸ ਖਿ਼ਲਾਫ ਸਖਤ ਐਕਸ਼ਨ ਲਿਆ ਜਾਵੇਗਾ

## 12ਵੀਂ ਜਮਾਤ ਦੇ ਵਿਦਿਆਰਥੀ ਨੇ ਹੋਸਟਲ ਦੀ ਛੱਤ ਤੋਂ ਛਾਲ ਮਾਰ ਕੀਤੀ ਖੁਦਕੁਸ਼ੀ

ਨਾਗਪੁਰ 19 ਜਨਵਰ। ਮਹਾਰਾਸ਼ਟਰ ਦੇ ਨਾਗਪੁਰ ਜਿਲ੍ਹੇ 'ਚ ਮੰਗਲਵਾਰ ਨੂੰ 16 ਸਾਲਾ ਮੁੰਡੇ ਨੇ ਆਪਣੇ ਹੋਸਟਲ ਦੀ ਛੱਤ ਤੋਂ ਛਾਲ ਮਾਰ ਕੇ ਖੁਦਕੁਸ਼ੀ ਕਰ ਲਈ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਇਕ ਅਧਿਕਾਰੀ ਨੇ ਦੱਸਿਆ ਕਿ ਸਵੇਰੇ ਐੱਮਆਈਡੀਸੀ ਥਾਣਾ ਅਧੀਨ ਵਾਨਾਡੋਂਗਰੀ ਇਲਾਕੇ 'ਚ ਹੋਈ। ਉਨ੍ਹਾਂ ਦੱਸਿਆ ਕਿ 12ਵੀਂ ਜਮਾਤ ਦਾ ਵਿਦਿਆਰਥੀ ਰੇਆਨ ਮੁਹੰਮਦ ਰਿਆਜ ਖਾਨ ਨੇ ਦੁਪਹਿਰ ਕਰੀਬ 11 ਵਜੇ ਚਾਰ ਮੰਜ਼ਿਲਾਂ ਹੋਸਟਲ ਦੀ ਛੱਤ ਤੋਂ ਛਾਲ ਮਾਰ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਸੁਰੱਖਿਆ ਗਾਰਡ ਨੇ ਕਿਸੇ ਚੀਜ ਦੇ ਡਿੱਗਣ ਦੀ ਆਵਾਜ



ਸੁਣੀ ਅਤੇ ਦੇਖਿਆ ਕਿ ਵਿਦਿਆਰਥੀ ਖੂਨ ਨਾਲ ਲੱਥਪੱਥ ਪਿਆ ਹੈ। ਮੁੰਡੇ ਨੂੰ ਇਕ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਉਨ੍ਹਾਂ ਦੱਸਿਆ ਕਿ ਰੇਆਨ ਚੰਦਰਪੁਰ ਜਿ਼ਲ੍ਹੇ ਦੇ ਰਹਿਣ ਵਾਲਾ ਸੀ। ਉਸ ਦੇ ਪਿਤਾ ਦੱਖਣ ਅਫਰੀਕਾ 'ਚ ਵਪਾਰੀ ਹਨ। ਪੁਲਸ ਅਨੁਸਾਰ ਰੇਆਨ ਜਮਾਤ 12ਵੀਂ ਦੀ ਬੋਰਡ ਪ੍ਰੀਖਿਆ ਨੂੰ ਲੈ ਕੇ ਤਣਾਅ 'ਚ ਸੀ ਅਤੇ ਉਸ ਨੇ ਆਪਣੀ ਮਾਂ ਨੂੰ ਕਿਹਾ ਸੀ ਕਿ ਉਹ ਪ੍ਰੀਖਿਆ 'ਚ ਨਹੀਂ ਬੈਠੇਗਾ। ਅਧਿਕਾਰੀ ਨੇ ਦੱਸਿਆ ਕਿ ਇਸ ਸੰਬੰਧ 'ਚ ਅਚਾਨਕ ਹੋਈ ਮੌਤ ਦਾ ਮਾਮਲਾ ਦਰਜ ਕੀਤਾ ਹੈ।

## ਡੂੰਘੀ ਖੱਡ 'ਚ ਡਿੱਗੀ ਕਾਰ, ਭਰਾ-ਭੈਣ ਦੀ ਮੌਤ

ਬਰੇਲੀ 19 ਜਨਵਰ। ਉੱਤਰਾਖੰਡ ਦੇ ਹਲਦਵਾਨੀ ਤੋਂ ਬਰੇਲੀ ਪਰਤ ਰਹੇ ਭੰਡਸਰ ਪਿੰਡ ਦੇ ਵਾਸੀਆਂ ਦੀ ਕਾਰ ਬੇਕਾਬੂ ਹੋ ਕੇ ਸੜਕ ਕਿਨਾਰੇ ਡੂੰਘੀ ਖੱਡ 'ਚ ਪਲਟ ਗਈ। ਹਾਦਸੇ 'ਚ ਭੈਣ-ਭਰਾ ਦੀ ਮੌਤ ਹੋ ਗਈ, ਜਦਕਿ ਪਰਿਵਾਰ ਦੇ 4 ਮੈਂਬਰ ਜਖਮੀ ਹੋ ਗਏ। ਸੂਚਨਾ 'ਤੇ ਪਹੁੰਚੀ ਪੁਲਸ ਨੇ ਜਖਮੀਆਂ ਨੂੰ ਹਸਪਤਾਲ ਪਹੁੰਚਾਇਆ। ਹਾਦਸੇ ਦਾ ਕਾਰਨ ਡਰਾਈਵਰ ਨੂੰ ਨੀਂਦ ਦੀ ਝਪਕੀ ਆਉਣਾ ਦੱਸਿਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਪਿੰਡ ਭੰਡਸਰ ਵਾਸੀ ਮੁੰਨਾ (30 ਸਾਲ) ਪੁੱਤਰ ਮਰਹੂਮ ਬਾਬੂ ਬਖਸ ਦੀ ਵੱਡੀ ਭੈਣ ਖੁਸਨੁਮਾ ਹਲਦਵਾਨੀ ਰਹਿੰਦੀ ਹੈ। ਉਸ ਨੇ ਹਸਪਤਾਲ ਵਿਚ ਬੱਚੇ ਨੂੰ ਜਨਮ ਦਿੱਤਾ। ਉਸ ਨੂੰ ਦੇਖਣ ਲਈ ਮੁੰਨਾ ਆਪਣੇ ਭਰਾ ਮਹਿੰਦੀ





ਹਸਨ, ਬੰਨੇ ਬਖਸ, ਬੰਨੇ ਦੀ ਪਤਨੀ ਸੀਮਾ ਅਤੇ ਡਰਾਈਵਰ ਯੂਨਸ ਨਾਲ ਕਾਰ ਰਾਹੀਂ ਗਿਆ ਸੀ। ਰਾਤ ਕਰੀਬ 3 ਵਜੇ ਸਾਰੇ ਹਲਦਵਾਨੀ ਤੋਂ ਬਰੇਲੀ ਲਈ ਰਵਾਨਾ ਹੋਏ। ਉਥੋਂ ਉਸ ਦੇ ਨਾਲ ਮੁੰਨਾ ਦੀ ਛੋਟੀ ਭੈਣ ਮੁਸਕੀਨ (40 ਸਾਲ) ਵੀ ਆਪਣੇ ਨਾਨਕੇ ਘਰ ਆਉਣ ਲਈ ਕਾਰ ਵਿਚ ਸਵਾਰ ਹੋ ਗਈ। ਮੁਸਕੀਨ ਦਾ ਸਹੁਰਾ ਘਰ ਲਾਲਕੁਆਂ ਵਿਚ ਹੈ। ਦੱਸਿਆ ਜਾ ਰਿਹਾ ਹੈ ਕਿ ਸਵੇਰੇ ਕਰੀਬ 4 ਵਜੇ ਹਾਫਿਜਗੰਜ 'ਚ ਕਰਬਲਾ ਨੇੜੇ ਸੈਂਥਲ ਰੋਡ 'ਤੇ ਉਨ੍ਹਾਂ ਦੀ ਕਾਰ ਬੇਕਾਬੂ ਹੋ ਕੇ ਇਕ ਖੱਡ 'ਚ ਪਲਟ ਗਈ। ਹਾਦਸੇ ਵਿਚ ਮੁੰਨਾ ਅਤੇ ਉਸ ਦੀ ਭੈਣ ਮੁਸਕੀਨ ਦੀ ਮੌਤ ਹੋ ਗਈ। ਯੂਨਸ, ਮਹਿੰਦੀ ਹਸਨ, ਬੰਨੇ ਅਤੇ ਉਸ ਦੀ ਪਤਨੀ ਜਖਮੀ ਹੋ ਗਏ। ਰਾਹਗੀਰਾਂ ਨੇ ਪੁਲਸ ਨੂੰ ਸੂਚਨਾ ਦਿੱਤੀ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਖਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ। ਹਾਦਸੇ ਦੀ ਸੂਚਨਾ ਮਿਲਦਿਆਂ ਹੀ ਮ੍ਰਿਤਕ ਦੇ ਪਰਿਵਾਰ 'ਚ ਮਾਤਮ ਛਾ ਗਿਆ।

# ਧਨਸ਼੍ਰੀ ਨੇ ਛੱਡਿਆ ਚਾਹਲ ਦਾ ਘਰ ! ਸਹੁਰੇ ਘਰ ਤੋਂ ਪਹੁੰਚੀ ਪੇਕੇ

ਐਂਟਰਟੇਨਮੈਂਟ ਡੈਸਕ 19 ਜਨਵਰ। ਟੀਵੀ ਅਦਾਕਾਰਾ ਧਨਸ਼੍ਰੀ ਵਰਮਾ ਇਨ੍ਹੀਂ ਦਿਨੀਂ ਆਪਣੀ ਨਿੱਜੀ ਜਿ਼ੰਦਗੀ ਨੂੰ ਲੈ ਕੇ ਸੁਰਖੀਆਂ ਵਿੱਚ ਹੈ। ਜਦੋਂ ਤੋਂ ਇਹ ਖਬਰ ਆਈ ਹੈ ਕਿ ਧਨਸ੍ਰੀ ਅਤੇ ਯੁਜਵੇਂਦਰ ਚਾਹਲ ਵੱਖ ਹੋ ਰਹੇ ਹਨ, ਉਦੋਂ ਤੋਂ ਦੋਵਾਂ ਦੀ ਨਿੱਜੀ ਜਿ਼ੰਦਗੀ ਸੁਰਖੀਆਂ ਵਿੱਚ ਹੈ। ਕੁਝ ਸਮੇਂ ਤੋਂ ਸਿਤਾਰਿਆਂ ਦੀ ਸੋਸਲ ਮੀਡੀਆ ਸਟੋਰੀ ਵੀ ਇਸ ਤਰ੍ਹਾਂ ਦੀ ਨਜਰ ਆ ਰਹੀ ਹੈ ਜੋ ਦਰਸਾਉਂਦੀਆਂ ਹਨ ਕਿ ਉਨ੍ਹਾਂ ਦੀ ਨਿੱਜੀ ਜਿ਼ੰਦਗੀ ਵਿੱਚ ਉਥਲ-ਪੁਥਲ ਹੈ। ਹੁਣ ਇੱਕ ਵਾਰ ਫਿਰ ਧਨਸ੍ਰੀ ਵਰਮਾ ਦੀ ਪੋਸਟ ਨੇ ਧਿਆਨ ਖਿੱਚਿਆ ਹੈ। ਅਦਾਕਾਰਾ ਨੇ ਆਪਣੀ ਮਾਂ ਨਾਲ ਪੋਸਟ ਸਾਂਝੀ ਕੀਤੀ ਹੈ। ਇਹ ਵੀ ਪੜ੍ਹੋ-ਸ਼ਵੇਤਾ ਤਿਵਾੜੀ ਦੀਆਂ ਇਨ੍ਹਾਂ ਤਸਵੀਰਾਂ ਨੇ ਲਗਾਈ ਸੋਸ਼ਲ ਮੀਡੀਆ 'ਤੇ ਅੱਗ ਡਾਂਸਰ ਅਤੇ ਅਦਾਕਾਰਾ ਧਨਸ੍ਰੀ ਵਰਮਾ ਨੇ ਬੀਤੀ ਰਾਤ ਆਪਣੇ ਇੰਸਟਾਗ੍ਰਾਮ ਅਕਾਊਂਟ 'ਤੇ ਆਪਣੀ ਨਵੀਂ ਫੋਟੋ ਸਾਂਝੀ ਕੀਤੀ। ਜਿਸ ਵਿੱਚ ਉਹ ਆਪਣੀ ਮਾਂ ਦੇ ਮੋਢੇ 'ਤੇ ਸਿਰ ਰੱਖ ਕੇ ਆਰਾਮ



ਕਰ ਰਹੀ ਹੈ। ਸਾਂਝੀਆਂ ਕੀਤੀਆਂ ਗਈਆਂ ਦੋ ਫੋਟੋਆਂ ਵਿੱਚ, ਮਾਂ ਅਤੇ ਧੀ ਇੱਕ ਦੂਜੇ ਨੂੰ ਪਿਆਰ ਕਰਦੇ ਹੋਏ ਦਿਖਾਈ ਦੇ ਰਹੇ ਹਨ। ਇਹ ਤਸਵੀਰ ਬਹੁਤ ਪਿਆਰੀ ਹੈ ਜਿਸਨੂੰ ਲੋਕਾਂ ਨੇ ਇਸ ਤੱਥ ਨਾਲ ਜੋੜਿਆ ਹੈ ਕਿ ਧਨਸ੍ਰੀ ਆਪਣੇ ਸਹੁਰੇ ਘਰ ਛੱਡ ਕੇ ਆਪਣੇ ਮਾਪਿਆਂ ਦੇ ਘਰ ਚਲੀ ਗਈ ਹੈ। ਇਸ ਪੋਸਟ 'ਤੇ ਯੂਜਰਸ ਤਰ੍ਹਾਂ-ਤਰ੍ਹਾਂ ਦੀਆਂ ਟਿੱਪਣੀਆਂ ਕਰ ਰਹੇ ਹਨ। ਇਸ ਪੋਸਟ 'ਤੇ ਪ੍ਰਸੰਸਕ ਆਪਣੇ ਵੱਖ-ਵੱਖ ਵਿਚਾਰ ਦੇ ਰਹੇ ਹਨ। ਇੱਕ ਯੂਜਰ ਨੇ ਲਿਖਿਆ ਕਿ ਕਹਾਣੀ ਦੇ ਇੱਕ ਪੱਖ 'ਤੇ ਕਦੇ ਵੀ ਵਿਸਵਾਸ ਨਹੀਂ ਕਰਨਾ ਚਾਹੀਦਾ, ਜਦੋਂ ਕਿ ਇੱਕ ਹੋਰ ਯੂਜਰ ਨੇ ਲਿਖਿਆ ਕਿ ਧਨਸ੍ਰੀ ਹੁਣ ਆਪਣੇ ਸਹੁਰੇ ਘਰ ਛੱਡ ਕੇ ਆਪਣੇ ਮਾਪਿਆਂ ਦੇ ਘਰ ਆ ਗਈ ਹੈ, ਹੁਣ ਉਹ ਆਪਣੀ ਮਾਂ ਨਾਲ ਰਹੇਗੀ। ਤੁਹਾਨੂੰ ਦੱਸ ਦੇਈਏ ਕਿ ਤਲਾਕ ਦੀਆਂ ਖਬਰਾਂ ਉਦੋਂ ਸੁਰੂ ਹੋਈਆਂ ਜਦੋਂ ਧਨਸ੍ਰੀ ਅਤੇ ਯੁਜਵੇਂਦਰ ਨੇ ਇੱਕ ਦੂਜੇ ਨੂੰ ਅਨਫਾਲੋ ਕਰ ਦਿੱਤਾ। ਯੁਜਵੇਂਦਰ ਨੇ ਧਨਸ੍ਰੀ ਵਰਮਾ ਨਾਲ ਆਪਣੀਆਂ ਸਾਰੀਆਂ ਫੋਟੋਆਂ ਵੀ ਡਿਲੀਟ ਕਰ ਦਿੱਤੀਆਂ ਹਨ।

## ਪੰਜਾਬ ਪੁਲਸ ਦੇ ਇਸ ਐੱਸ. ਐੱਚ. ਓ. ਨੇ ਦਿੱਤੀ ਚਿਤਾਵਨੀ, ਹੁਣ ਸੰਭਲ ਕੇ ਰਹਿਓ

ਬੁਢਲਾਡਾ 19 ਜਨਵਰ। ਭੂੰਡ ਆਸ਼ਕਾਂ ਨੂੰ ਸਿੱਧੇ ਰਾਹ ਪਾਉਣ ਲਈ ਪੁਲਸ ਨੇ ਗਸ਼ਤ ਦੌਰਾਨ ਵਹੀਕਲਾਂ ਦੀ ਚੈਕਿੰਗ ਕਰਨ ਦੇ ਨਾਲ ਨਾਲ ਮਾਡਲ ਹੇਅਰ ਸਟਾਈਲ, ਕੰਨਾਂ 'ਚ ਨੱਤੀਆਂ ਅਤੇ ਬਾਹਾਂ 'ਤੇ ਟੈਟੂਆਂ ਵਾਲੇ ਨੌਜਵਾਨਾਂ ਨੂੰ ਚਿਤਾਵਨੀ ਦਿੱਤੀ ਹੈ। ਉਕਤ ਨੌਜਵਾਨਾਂ ਨੂੰ ਰੋਕ ਕੇ ਸੇਧ ਦਿੰਦਿਆਂ ਐੱਸ.ਐੱਚ.ਓ. ਸਿਟੀ ਬਲਕੌਰ ਸਿੰਘ ਨੇ ਮੁੰਡਿਆਂ ਨੂੰ ਆਪਣਾ ਧਿਆਨ ਕੈਰੀਅਰ ਬਨਾਉਣ ਵੱਲ ਦੇਣ ਦੀ ਤਾੜਨਾ ਕੀਤੀ ਹੈ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਉਹ ਅਵਾਰਾ ਗਰਦੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਸਥਾਨਕ ਚੌੜੀ ਗਲੀ ਵਿਚ



ਦੌਰਾਨੇ ਗਸ਼ਤ ਨਾਕਾਬੰਦੀ ਕੀਤੀ ਅਤੇ ਇਸ ਮੌਕੇ ਸਕੂਲੀ ਪੜ੍ਹਦੇ ਬੱਚਿਆਂ ਦੇ ਵਹੀਕਲਾਂ ਦੀ ਜਾਂਚ ਕੀਤੀ ਅਤੇ ਉਨ੍ਹਾਂ ਨੂੰ ਤਾੜਨਾ ਦੇ ਕੇ ਛੱਡਿਆ। ਇਸ ਦੌਰਾਨ ਸਬ-ਇੰਸਪੈਕਟਰ ਸ਼ੈਫੀ ਸਿੰਗਲਾ ਨੇ ਵੀ ਐਕਟੀਵਾ 'ਤੇ ਘੁੰਮ ਰਹੀਆਂ ਲੜਕੀਆਂ ਨੂੰ ਵੀ ਓਵਰ ਸਪੀਡ ਨਾ ਚਲਾਉਣ ਅਤੇ ਆਪਣੇ ਭਵਿੱਖ ਵੱਲ ਧਿਆਨ ਦੇਣ ਲਈ ਪ੍ਰੇਰਿਤ ਕੀਤਾ। ਐੱਸ.ਐੱਚ.ਓ. ਨੇ ਦੱਸਿਆ ਕਿ ਪੁਲਸ ਵੱਲੋਂ ਰੋਜਾਨਾ ਚੌੜੀ ਗਲੀ ਅਤੇ ਖੁੱਲੇ ਬਾਜਾਰਾਂ 'ਚ ਗਸ਼ਤ ਚੈਕਿੰਗ ਤੇਜ ਕਰ ਦਿੱਤੀ ਗਈ ਹੈ। ਉਨ੍ਹਾਂ ਬੁਲੇਟ ਮੋਟਰਸਾਈਕਲਾਂ 'ਤੇ ਪਟਾਕੇ ਪਾਉਣ ਵਾਲੇ ਨੌਜਵਾਨਾਂ ਨੂੰ ਲੈ ਕੇ ਸਕੂਲ ਪ੍ਰਬੰਧਕਾਂ ਨੂੰ ਬੇਨਤੀ ਕੀਤੀ ਕਿ ਸਕੂਲ ਅੰਦਰ ਉਕਤ ਵਿਦਿਆਰਥੀਆਂ ਨੂੰ ਮੋਟਰਸਾਈਕਲ ਲਿਆਉਣ ਤੋਂ ਵਰਜਿਤ ਕੀਤਾ ਜਾਵੇ।

## ਸ਼ਰਮਸਾਰ ਪੰਜਾਬ ! ਘਰ 'ਚ ਇਕੱਲੀ ਕੁੜੀ ਨਾਲ 4 ਮੁੰਡਿਆਂ ਨੇ ਕੀਤਾ ਗਲਤ ਕੰਮ

ਲੁਧਿਆਣਾ 19 ਜਨਵਰ। ਥਾਣਾ ਸਲੇਮ ਟਾਬਰੀ ਦੇ ਅਧੀਨ ਆਉਂਦੀ ਐਲਡੀਕੋ ਅਸਟੇਟ ਪੁਲਸ ਚੌਕੀ ਦੀ ਪੁਲਸ ਨੇ ਬੀਤੀ ਰਾਤ 4 ਮੁੰਡਿਆਂ ਵੱਲੋਂ ਨਾਬਾਲਗ ਕੁੜੀ ਦੇ ਨਾਲ ਗੈਂਗਰੇਪ ਕਰਨ ਦਾ ਮਾਮਲਾ ਦਰਜ ਕੀਤਾ ਗਿਆ ਹੈ। ਉਕਤ ਮਾਮਲੇ ਬਾਰੇ ਜਾਣਕਾਰੀ ਦਿੰਦਿਆਂ ਚੌਕੀ ਇੰਚਾਰਜ ਭਜਨ ਸਿੰਘ ਨੇ ਦੱਸਿਆ ਕਿ ਪੁਲਸ ਨੂੰ 17 ਸਾਲਾਂ ਦੀ ਨਾਬਾਲਗ ਕੁੜੀ ਨੇ ਸ਼ਿਕਾਇਤ ਦਰਜ ਕਰਵਾਈ ਹੈ ਕਿ 13 ਜਨਵਰੀ ਨੂੰ ਉਹ ਆਪਣੇ ਘਰ ਵਿਚ ਇਕੱਲੀ ਸੀ। ਇਸ ਦੌਰਾਨ ਉਸ ਦੇ ਗੁਆਂਢ ਵਿਚ ਰਹਿਣ ਵਾਲੇ ਚੇਤਨ ਨਾਂ ਦੇ ਮੁੰਡੇ ਨੇ ਉਸ ਨੂੰ ਫੋਨ ਕਰ ਕੇ ਪੀਣ ਲਈ ਪਾਣੀ ਮੰਗਵਾਇਆ। ਪੀੜਤਾ ਨੇ ਦੱਸਿਆ ਕਿ ਜਦੋਂ ਉਹ ਉਨ੍ਹਾਂ ਘਰ ਪਾਣੀ ਦੇਣ ਗਈ ਤਾਂ ਉੱਥੇ ਵਿਕਾਸ, ਚੇਤਨ, ਅਲੀ ਅਤੇ ਵਿਕਾਸ ਬੈਠੇ ਹੋਏ ਸਨ। ਚੇਤਨ ਨੇ ਉਸ ਨੂੰ ਜੂਸ ਪਿਲਾਇਆ ਤਾਂ ਉਹ ਬੇਹੋਸ਼ ਹੋ ਗਈ। ਇਸ ਦੌਰਾਨ ਸਾਰੇ ਮੁਲਜਮਾਂ ਨੇ ਉਸ ਨਾਲ ਜਬਰ-ਜਿ਼ਨਾਹ ਕੀਤਾ। ਚੌਕੀ ਇੰਚਾਰਜ ਨੇ ਦੱਸਿਆ ਕਿ ਪੁਲਸ ਨੇ ਚਾਰੋ ਮੁਲਜਮਾਂ ਦੇ ਖਿ਼ਲਾਫ ਪੋਸਕੋ ਐਕਟ, ਗੈਂਗਰੇਪ ਤੇ ਜਬਰ ਜਿ਼ਨਾਹ ਦਾ ਮਾਮਲਾ ਦਰਜ ਕਰ ਲਿਆ ਹੈ। ਅਜੇ ਤਕ ਸਾਰੇ ਮੁਲਜਮ ਫਰਾਰ ਹਨ, ਉਨ੍ਹਾਂ ਦੀ ਗ੍ਰਿਫਤਾਰੀ ਲਈ ਪੁਲਸ ਛਾਪੇਮਾਰੀ ਕਰ ਰਹੀ ਹੈ।

# ਜਲੰਧਰ ਪੁਲਸ ਨੂੰ ਮਿਲੀ ਸਫਲਤਾ, 45 ਕਿੱਲੋ ਭੁੱਕੀ ਸਮੇਤ ਇੱਕ ਨੂੰ ਕੀਤਾ ਕਾਬੂ

ਜਲੰਧਰ 19 ਜਨਵਰ। ਜਲੰਧਰ ਕਮਿਸਨਰੇਟ ਪੁਲਸ ਨੇ ਇਕ ਨਸਾ ਤਸਕਰ ਨੂੰ ਕਾਬੂ ਕਰਕੇ ਉਸ ਕੋਲੋਂ 45 ਕਿੱਲੋ ਭੁੱਕੀ ਬਰਾਮਦ ਕੀਤੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਪੁਲਸ ਕਮਿਸਨਰ ਸਵਪਨ ਸਰਮਾ ਨੇ ਦੱਸਿਆ ਕਿ ਸੀ. ਆਈ. ਏ. ਸਟਾਫ ਦੀ ਪੁਲਸ ਟੀਮ ਨੇ ਦੋ ਮੁਲਜਮਾਂ ਮਨਜੀਤ ਸਿੰਘ ਉਰਫ ਮਨੀ ਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਉਮਰੇਵਾਲ ਨੇੜੇ ਮਾਤਾ ਦਾ ਮੰਦਰ ਥਾਣਾ ਮਹਿਤਪੁਰ ਜਲੰਧਰ ਅਤੇ ਜੁਗਰਾਜ ਸਿੰਘ ਉਰਫ ਜੋਗਾ ਪੁੱਤਰ ਗੁਰਨਾਮ ਸਿੰਘ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਤੋਂ ਕ੍ਰਮਵਾਰ 1 ਕਿੱਲੋ 25 ਗ੍ਰਾਮ ਹੈਰੋਇਨ ਅਤੇ 5 ਕਿੱਲੋ 58 ਗ੍ਰਾਮ ਅਫੀਮ ਬਰਾਮਦ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਤਫਤੀਸ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਨਸਿ਼ਆਂ ਦਾ ਕਾਰੋਬਾਰ ਕਰਨ ਵਾਲੇ ਗਿਰੋਹ ਦਾ ਸਰਗਨਾ ਇੰਦਰਜੀਤ ਸਿੰਘ ਉਰਫ ਲੱਬੂ ਪੁੱਤਰ ਪਿੱਪਲ ਸਿੰਘ ਵਾਸੀ ਪਿੰਡ ਦੋਲੇਵਾਲ, ਥਾਣਾ ਕੋਟ ਈਸੇ ਖਾਂ, ਮੋਗਾ ਹੈ। ਇਸੇ ਦੌਰਾਨ ਪੁਲਸ ਨੇ ਉਸ ਦੇ ਡਰਾਈਵਰ ਪ੍ਰਕਾਸ ਸਿੰਘ ਉਰਫ ਪਾਸਾ ਪੁੱਤਰ ਗੁਰਚਰਨ ਸਿੰਘ ਵਾਸੀ ਵਾਰਡ ਨੰਬਰ 02 ਅੰਬੇਡਕਰ ਨਗਰ, ਗਿਦੜਬਾਹਾ, ਜਿ਼ਲ੍ਹਾ ਮੁਕਤਸਰ ਸਾਹਿਬ ਨੂੰ 45 ਕਿੱਲੋ ਭੁੱਕੀ ਸਮੇਤ ਕਾਬੂ ਕਰ ਲਿਆ। ਪੁਲਸ ਕਮਿਸਨਰ ਨੇ ਦੱਸਿਆ ਕਿ ਇਸ ਵਿਚ ਮੁਕੱਦਮਾ ਨੰਬਰ 181 ਮਿਤੀ 14.08.2024 ਅਧੀਨ 21,18,29-61-85 ਐੱਨ.ਡੀ.ਪੀ.ਐੱਸ. ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਸੀ ਤੇ ਬਾਅਦ ਵਿਚ ਇਸ ਵਿਚ ਧਾਰਾ 15-61-85 ਐੱਨ.ਡੀ.ਪੀ.ਐੱਸ. ਐਕਟ ਜੋੜਿਆ ਗਿਆ। ਉਨ੍ਹਾਂ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਵੇਰਵੇ ਬਾਅਦ ਵਿਚ ਸਾਂਝੇ ਕੀਤੇ ਜਾਣਗੇ। ਸਵਪਨ ਸਰਮਾ ਨੇ ਦੱਸਿਆ ਕਿ ਮੁਲਜਮਾਂ ਦਾ ਹੁਣ ਤੱਕ ਕੋਈ ਵੀ ਪੁਰਾਣਾ ਅਪਰਾਧਿਕ ਰਿਕਾਰਡ ਨਹੀਂ ਲੱਭਿਆ।




## ਰੂਹ ਕੰਬਾਊ ਵਾਰਦਾਤ ! ਪਹਿਲਾਂ ਪਤਨੀ ਨੂੰ ਉਤਾਰਿਆ ਮੌਤ ਦੇ ਘਾਟ ਫਿਰ ਖੁਦ ਪੀ ਲਿਆ ਤੇਜਾਬ

ਮੰਗਲੂਰੂ, 19 ਜਨਵਰ। ਕਰਨਾਟਕ 'ਚ ਨੇਲੂਰ ਕੇਮਰਾਜੇ ਪਿੰਡ ਦੇ ਰਾਮਚੰਦਰ ਗੌੜਾ ਨਾਂ ਦੇ ਵਿਅਕਤੀ ਨੇ ਆਪਣੀ ਪਤਨੀ ਵਿਨੋਦਾ ਕੁਮਾਰੀ ਦਾ ਗੋਲੀ ਮਾਰ ਕੇ ਕਤਲ ਕਰ ਦਿੱਤਾ ਅਤੇ ਫਿਰ ਰਬੜ ਬਣਾਉਣ ਲਈ ਵਰਤਿਆ ਜਾਣ ਵਾਲਾ ਤੇਜਾਬ ਪੀ ਕੇ ਖੁਦਕੁਸ਼ੀ ਕਰ ਲਈ। ਪੁਲਸ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਦੱਸਿਆ ਜਾ ਰਿਹਾ ਹੈ ਕਿ ਗੌੜਾ ਸ਼ਰਾਬੀ ਸੀ ਅਤੇ ਰਾਤ ਨੂੰ ਨਸ਼ੇ 'ਚ ਟੱਲੀ ਹੋ ਕੇ ਆਪਣੇ ਮਾਤਾ-ਪਿਤਾ, ਪਤਨੀ ਅਤੇ ਬੇਟੇ ਸਮੇਤ ਪਰਿਵਾਰ ਦੇ ਮੈਂਬਰਾਂ ਨਾਲ ਅਕਸਰ ਝਗੜਾ ਕਰਦਾ ਸੀ। ਉਸ ਦੇ ਬੇਟੇ ਪ੍ਰਸ਼ਾਂਤ ਐੱਸ. ਆਰ. (26) ਨੇ ਖੁਲਾਸਾ ਕੀਤਾ ਕਿ ਵਾਰਦਾਤ ਦੇ ਸਮੇਂ ਵੀ ਉਹ ਸ਼ਰਾਬ ਪੀ ਕੇ ਘਰ ਆਇਆ ਸੀ। ਪੁਲਸ ਨੇ ਕਤਲ ਅਤੇ ਹਥਿਆਰ ਕਾਨੂੰਨ ਦੇ ਤਹਿਤ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## 12 ਡਾਕਟਰਾਂ ਵਿਰੁੱਧ ਗੈਰ-ਇਰਾਦਤਨ ਕਤਲ ਦਾ ਮਾਮਲਾ ਦਰਜ

ਕੋਲਕਾਤਾ, 19 ਜਨਵਰ। ਪੱਛਮੀ ਬੰਗਾਲ ਦੇ ਇਕ ਸਰਕਾਰੀ ਹਸਪਤਾਲ 'ਚ ਇਕ ਔਰਤ ਦੀ ਮੌਤ ਦੇ ਮਾਮਲੇ ਚ ਮੁਅੱਤਲ ਕੀਤੇ ਗਏ 12 ਡਾਕਟਰਾਂ ਵਿਰੁੱਧ ਗੈਰ-ਇਰਾਦਤਨ ਕਤਲ ਦਾ ਮਾਮਲਾ ਦਰਜ ਕੀਤਾ ਗਿਆ ਹੈ ਕਿਉਂਕਿ ਉਸ ਨੂੰ ਜਣੇਪੇ ਤੋਂ ਬਾਅਦ ਕਥਿਤ ਤੌਰ 'ਤੇ ਮਿਆਦ ਪੁੱਗ ਚੁੱਕੀ ਦਵਾਈ ਦਿੱਤੀ ਗਈ ਸੀ। ਇਕ ਅਧਿਕਾਰੀ ਨੇ ਦੱਸਿਆ ਕਿ ਡਾਕਟਰ ਜਿਨ੍ਹਾਂ 'ਚ 6 ਪੋਸਟ ਗ੍ਰੈਜੂਏਟ ਸਿਖਿਆਰਥੀ ਵੀ ਸਾਮਲ ਹਨ, ਵਿਰੁੱਧ ਵੱਖ-ਵੱਖ ਧਾਰਾਵਾਂ ਹੇਠ ਕੇਸ ਦਰਜ ਕੀਤਾ ਗਿਆ ਹੈ। ਸਰਕਾਰ ਨੇ ਸਭ ਡਾਕਟਰਾਂ ਨੂੰ ਮੁਅੱਤਲ ਵੀ ਕਰ ਦਿੱਤਾ ਹੈ। ਉਨ੍ਹਾਂ ਨੂੰ ਉਕਤ ਮਾਮਲੇ 'ਚ ਲਾਪਰਵਾਹੀ ਵਰਤਣ ਦਾ ਦੋਸੀ ਠਹਿਰਾਇਆ ਗਿਆ ਹੈ।

# ਪੰਜਾਬ 'ਚ ਸਰਕਾਰੀ ਕੰਮਕਾਰ ਨੂੰ ਲੈ ਕੇ ਵੱਡੀ ਖਬਰ, ਦਫਤਰਾਂ 'ਚ ਜਾਣ ਤੋਂ ਪਹਿਲਾਂ ਇਹ ਪੜ੍ਹ ਲਓ

ਫਾਜਿ਼ਲਕਾ/ਚੰਡੀਗੜ੍ਹ 19 ਜਨਵਰ। ਪੰਜਾਬ ਦੇ ਸਰਕਾਰੀ ਦਫਤਰਾਂ 'ਚ ਹੁਣ 15 ਤੋਂ ਲੈ ਕੇ 19 ਜਨਵਰ 3 ਦਿਨਾਂ ਤੱਕ ਹੋਣ ਵਾਲੀ ਹੜਤਾਲ ਦਾ ਫੈਸਲਾ ਵਾਪਸ ਲੈ ਲਿਆ ਗਿਆ ਹੈ। ਇਸ ਲਈ ਜੇਕਰ ਤੁਹਾਡਾ ਵੀ ਕੋਈ ਸਰਕਾਰੀ ਕੰਮ ਹੈ ਤਾਂ ਆਰਾਮ ਨਾਲ ਤੁਸੀਂ ਸਰਕਾਰੀ ਦਫਤਰ ਜਾ ਕੇ ਆਪਣਾ ਕੰਮ ਕਰਵਾ ਸਕਦੇ ਹੋ। ਤੁਹਾਨੂੰ ਕਿਸੇ ਤਰ੍ਹਾਂ ਦੀ ਕੋਈ ਪਰੇਸ਼ਾਨੀ ਨਹੀਂ ਆਵੇਗੀ। ਹੜਤਾਲ ਵਾਪਸ ਲੈਣ ਦਾ ਫੈਸਲਾ ਮਾਲ ਅਫਸਰਾਂ ਦੀ ਐਸੋਸੀਏਸ਼ਨ ਵਲੋਂ ਮਾਲ ਮੰਤਰੀ ਨਾਲ ਮੀਟਿੰਗ ਤੋਂ ਬਾਅਦ ਕੀਤਾ ਗਿਆ ਹੈ। ਮਾਲ ਮੰਤਰੀ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਉਨ੍ਹਾਂ ਨੂੰ ਭਰੋਸਾ ਦੁਆਇਆ ਹੈ ਕਿ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਨੂੰ ਜਲਦੀ ਮੰਨ ਲਿਆ ਜਾਵੇਗਾ, ਜਿਸ ਤੋਂ ਬਾਅਦ ਮੁਲਾਜਮਾਂ ਨੇ 3 ਦਿਨ ਹੜਤਾਲ 'ਤੇ ਜਾਣ ਦਾ ਫੈਸਲਾ ਵਾਪਸ ਲੈ ਲਿਆ ਹੈ। ਦਰਅਸਲ ਡੀ. ਸੀ. ਦਫਤਰ ਕਰਮਚਾਰੀ ਯੂਨੀਅਨ ਪੰਜਾਬ ਦੇ ਸਮੂਹ ਸੂਬਾ ਅਤੇ ਜ਼ਿਲ੍ਹਾ ਆਗੂਆਂ ਨਾਲ ਵਿਚਾਰ ਕਰ ਕੇ 15 ਤੋਂ 19 ਜਨਵਰ ਤੱਕ 3 ਦਿਨ ਸੂਬੇ ਦੇ ਸਮੂਹ ਡੀ. ਸੀ. ਦਫਤਰਾਂ, ਸਮੂਹ ਐੱਸ. ਡੀ. ਐੱਮ. ਦਫਤਰਾਂ, ਸਮੂਹ ਤਹਿਸੀਲਾਂ ਅਤੇ ਸਬ ਤਹਿਸੀਲਾਂ 'ਚ ਕੰਮ-ਕਾਜ ਠੱਪ ਰੱਖਣ ਦਾ ਐਲਾਨ ਕੀਤਾ ਸੀ। ਉਨ੍ਹਾਂ ਕਿਹਾ ਸੀ ਕਿ ਪੰਜਾਬ ਸਰਕਾਰ ਨੂੰ ਪਿਛਲੇ ਕਾਫੀ ਸਮੇਂ ਤੋਂ ਡੀ. ਸੀ. ਦਫਤਰਾਂ ਦੇ ਕਰਮਚਾਰੀਆਂ ਦੀਆਂ ਵਿਭਾਗੀ ਮੰਗਾਂ ਸਬੰਧੀ ਮੰਗ ਪੱਤਰ ਭੇਜ ਕੇ ਮੰਗਾਂ ਦੀ ਪੂਰਤੀ ਕਰਨ ਲਈ ਲਿਖਿਆ ਗਿਆ ਹੈ ਪਰ ਸਰਕਾਰ ਵੱਲੋਂ ਅਜੇ ਤੱਕ ਵੀ ਮੰਗਾਂ ਦੀ ਪੂਰਤੀ ਨਹੀਂ ਕੀਤੀ ਗਈ ਪਰ ਹੁਣ ਮਾਲ ਮੰਤਰੀ ਨਾਲ ਮੀਟਿੰਗ ਤੋਂ ਬਾਅਦ ਹੁਣ ਮੁਲਾਜਮਾਂ ਵਲੋਂ ਹੜਤਾਲ ਨਹੀਂ ਕੀਤੀ ਜਾਵੇਗੀ।



## ਬੱਸ ਨੂੰ ਓਵਰਟੇਕ ਕਰਦੇ ਥਾਰ ਚਾਲਕ ਨੇ ਸਕੂਟਰੀ ਸਵਾਰ ਔਰਤ ਨੂੰ ਮਾਰੀ ਟੱਕਰ

ਨਵਾਂਸਹਿਰ 19 ਜਨਵਰ। ਨਵਾਂਸਹਿਰ ਦੇ ਚੰਡੀਗੜ੍ਹ ਰੋਡ 'ਤੇ ਸਿਵਲ ਹਸਪਤਾਲ ਨੂੰ ਜਾਂਦੀ ਸੜਕ ਨੇੜੇ ਇਕ ਬੱਸ ਨੂੰ ਓਵਰਟੇਕ ਕਰਦੇ ਸਮੇਂ ਸਕੂਟੀ ਸਵਾਰ ਔਰਤ ਅਤੇ ਉਸ ਦੇ 6 ਸਾਲਾਂ ਪੁੱਤਰ ਨੂੰ ਥਾਰ ਵੱਲੋਂ ਟੱਕਰ ਮਾਰ ਦਿੱਤੀ ਗਈ। ਸੜਕ ਹਾਦਸੇ 'ਚ ਔਰਤ ਗੰਭੀਰ ਰੂਪ 'ਚ ਜਖਮੀ ਹੋ ਗਈ, ਜਦਕਿ ਉਸ ਦਾ ਪੁੱਤਰ ਵਾਲ-ਵਾਲ ਬਚ ਗਿਆ। ਸੁੱਕਰਵਾਰ ਰਾਤ 7 ਵਜੇ ਦੇ ਕਰੀਬ ਵਾਪਰੇ ਇਸ ਹਾਦਸੇ ਬਾਰੇ ਜਾਣਕਾਰੀ ਦਿੰਦੇ ਚਸਮਦੀਦਾਂ ਨੇ ਦੱਸਿਆ ਕਿ ਥਾਰ ਚਾਲਕ ਸਕੂਟਰ ਸਵਾਰ ਔਰਤ ਜਿਸ ਦੀ ਪਛਾਣ ਸਿਮਰਨ ਵਾਸੀ ਗੁਰੂਨਾਨਕ ਨਗਰ, ਚੰਡੀਗੜ੍ਹ ਰੋਡ ਵਜੋਂ ਹੋਈ ਹੈ, ਨੂੰ 300 ਮੀਟਰ ਤੱਕ ਘੜੀਸਦਾ ਲੈ ਗਿਆ। ਹਾਦਸੇ ਤੋਂ ਬਾਅਦ ਵਾਹਨ ਚਾਲਕ ਮੌਕੇ ਤੋਂ ਫਰਾਰ ਹੋ ਗਿਆ। ਗੰਭੀਰ ਜਖਮੀ ਔਰਤ ਨੂੰ ਇਲਾਜ ਲਈ ਚੰਡੀਗੜ੍ਹ ਰੋਡ 'ਤੇ ਸਥਿਤ ਲਿਵਾਸਾ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਐੱਸ. ਐੱਚ. ਓ. ਸਬ-ਇੰਸਪੈਕਟਰ ਅਸੋਕ ਕੁਮਾਰ ਨੇ ਦੱਸਿਆ ਕਿ ਹਾਦਸੇ ਦਾ ਕਾਰਨ ਬਣਨ ਵਾਲੇ ਵਾਹਨ ਦੀ ਪਛਾਣ ਕਰ ਲਈ ਗਈ ਹੈ। ਉਨ੍ਹਾਂ ਕਿਹਾ ਕਿ ਜਖਮੀ ਔਰਤ ਦੇ ਬਿਆਨਾਂ ਦੇ ਆਧਾਰ 'ਤੇ ਅਗਲੀ ਕਾਰਵਾਈ ਕੀਤੀ ਜਾਵੇਗੀ।

## ਠੱਗੀ ਮਾਰਨ ਦੇ ਦੋਸ਼ 'ਚ ਲੋੜੀਂਦੀ ਔਰਤ ਗ੍ਰਿਫਤਾਰ

ਸ੍ਰੀ ਕੀਰਤਪੁਰ ਸਾਹਿਬ 19 ਜਨਵਰ। ਵਿਦੇਸ ਭੇਜਣ ਦੇ ਨਾਂ 'ਤੇ ਲੱਖਾਂ ਰੁਪਏ ਦੀ ਠਗੀ ਮਾਰਨ ਦੇ ਦੋਸ਼ 'ਚ ਲੋੜੀਂਦੀ ਔਰਤ ਨੂੰ ਥਾਣਾ ਸ੍ਰੀ ਕੀਰਤਪੁਰ ਸਾਹਿਬ ਦੀ ਪੁਲਸ ਵੱਲੋਂ ਗ੍ਰਿਫਤਾਰ ਕਰਨ 'ਚ ਸਫਲਤਾ ਹਾਸਲ ਕੀਤੀ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਐੱਸ. ਐੱਚ. ਓ. ਇੰਸਪੈਕਟਰ ਜਤਿਨ ਕਪੂਰ ਨੇ ਦੱਸਿਆ ਕਿ ਥਾਣਾ ਸ੍ਰੀ ਕੀਰਤਪੁਰ ਸਾਹਿਬ ਵਿਖੇ 11 ਸਤੰਬਰ 2024 ਨੂੰ ਹਰਪਾਲ ਸਿੰਘ ਨਿਵਾਸੀ ਬੜਾ ਪਿੰਡ ਜੋਕਿ ਗੁਰਦੁਆਰਾ ਮੰਜੀ ਸਾਹਿਬ ਭਰਤਗੜ੍ਹ 'ਚ ਗ੍ਰੰਥੀ ਦੀ ਡਿਊਟੀ ਨਿਭਾਉਂਦਾ ਹੈ, ਦੇ ਬਿਆਨਾਂ ਦੇ ਆਧਾਰ 'ਤੇ ਉਸ ਦੇ ਲੜਕੇ ਨੂੰ ਵਿਦੇਸ ਭੇਜਣ ਦੇ ਨਾਂ 'ਤੇ ਲੱਖਾਂ ਰੁਪਏ ਦੀ ਠਗੀ ਮਾਰਨ ਦੇ ਦੋਸ ਹੇਠ ਪਤੀ-ਪਤਨੀ ਅਤੇ ਇਕ ਹੋਰ ਵਿਅਕਤੀ ਖਿ਼ਲਾਫ ਮਾਮਲਾ ਦਰਜ ਕੀਤਾ ਗਿਆ ਸੀ। ਉਕਤ ਕੇਸ 'ਚ ਲੋੜੀਂਦੀ ਕਮਲਜੀਤ ਕੌਰ ਨੂੰ ਗ੍ਰਿਫਤਾਰ ਕਰਕੇ ਅੱਜ ਮਾਣਯੋਗ ਅਦਾਲਤ 'ਚ ਪੇਸ ਕੀਤਾ ਗਿਆ।

# ਰੈਸਟੋਰੈਂਟ 'ਚ ਲੰਚ ਕਰਦੇ ਰਾਹੁਲ ਅਤੇ ਪ੍ਰਿਅੰਕਾ ਦੀ ਤਸਵੀਰ ਗਲਤ ਦਾਅਵੇ ਨਾਲ ਵਾਇਰਲ

ਨਵੀਂ ਦਿੱਲੀ 19 ਜਨਵਰ। ਸਾਬਕਾ ਪ੍ਰਧਾਨ ਮਨਮੋਹਨ ਸਿੰਘ ਦੇ ਦਿਹਾਂਤ ਨਾਲ ਜੋੜ ਕੇ ਸੋਸ਼ਲ ਮੀਡੀਆ 'ਤੇ ਗਾਂਧੀ ਪਰਿਵਾਰ ਦੀ ਇਕ ਤਸਵੀਰ ਵਾਇਰਲ ਹੋ ਰਹੀ ਹੈ। ਕਾਂਗਰਸ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਇਸ ਤਸਵੀਰ ਨਾਲ ਦਾਅਵਾ ਕੀਤਾ ਜਾ ਰਿਹਾ ਹੈ ਕਿ ਰਾਸ਼ਟਰੀ ਸੋਗ ਦਰਮਿਆਨ ਗਾਂਧੀ ਪਰਿਵਾਰ ਵੀਅਤਨਾਮ ਜਾ ਕੇ ਛੁੱਟੀਆਂ ਮਨਾ ਰਿਹਾ ਹੈ। " ਨੇ ਵੇਖਿਆ ਕਿ ਵਾਇਰਲ ਤਸਵੀਰ ਮਨਮੋਹਨ ਸਿੰਘ ਦੇ ਦਿਹਾਂਤ ਤੋਂ ਪਹਿਲਾ ਦੀ ਹੈ। ਉਦੋਂ 22 ਦਸੰਬਰ ਨੂੰ ਰਾਹੁਲ ਗਾਂਧੀ ਪਰਿਵਾਰ ਨਾਲ ਦਿੱਲੀ ਦੇ ਕਨਾਟ ਪਲੇਸ ਸਥਿਤ ਕਵਾਲਿਟੀ ਰੈਸਟੋਰੈਂਟ ਵਿਚ ਲੰਚ ਲਈ ਗਏ ਸਨ। ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ 26 ਦਸੰਬਰ 2024 ਨੂੰ 92 ਸਾਲ ਦੀ ਉਮਰ ਵਿਚ ਦਿਹਾਂਤ ਹੋ ਗਿਆ। ਇਸ ਤੋਂ ਬਾਅਦ ਭਾਰਤ ਨੇ 7 ਦਿਨਾਂ ਦਾ ਰਾਸ਼ਟਰੀ ਸੋਗ ਦਾ ਐਲਾਨ ਕੀਤਾ ਸੀ। ਸਾਬਕਾ ਪ੍ਰਧਾਨ ਮੰਤਰੀ ਦੇ ਦਿਹਾਂਤ ਮਗਰੋਂ ਭਾਜਪਾ ਅਤੇ ਕਾਂਗਰਸ ਵਿਚਾਲੇ ਵਾਰ-ਪਲਟਵਾਰ ਵੇਖਣ ਨੂੰ ਮਿਲਿਆ। ਭਾਜਪਾ ਨੇ ਮਨਮੋਹਨ ਸਿੰਘ ਦੀਆਂ ਅਸਥੀਆਂ ਵਿਸਰਜਨ ਵਿਚ ਰਾਹੁਲ ਗਾਂਧੀ ਦੀ ਗੈਰ-ਹਾਜਰੀ ਅਤੇ ਰਾਸ਼ਟਰੀ ਸੋਗ ਵਿਚਾਲੇ ਉਨ੍ਹਾਂ ਦੇ ਵੀਅਤਨਾਮ ਦੌਰੇ ਨੂੰ ਲੈ ਕੇ ਸਵਾਲ ਚੁੱਕਿਆ। ਹਾਲਾਂਕਿ ਕਾਂਗਰਸ ਬੁਲਾਰੇ ਪਵਨ ਖੇੜਾ ਨੇ ਇਸ 'ਤੇ ਸਫਾਈ ਦਿੰਦੇ ਹੋਏ ਕਿਹਾ ਸੀ ਕਿ ਪ੍ਰਾਈਵੇਸੀ ਦਾ ਧਿਆਨ ਰੱਖਦੇ ਹੋਏ ਕਾਂਗਰਸ ਪਾਰਟੀ ਦਾ ਕੋਈ ਵੀ ਨੇਤਾ ਮਨਮੋਹਨ ਸਿੰਘ ਦੇ ਅਸਥੀਆਂ ਵਿਸਰਜਨ 'ਚ ਸ਼ਾਮਲ ਨਹੀਂ ਹੋਇਆ। ਵਾਇਰਲ ਤਸਵੀਰ ਵਿਚ ਸੋਨੀਆ ਗਾਂਧੀ, ਰਾਹੁਲ ਗਾਂਧੀ, ਪ੍ਰਿਅੰਕਾ ਗਾਂਧੀ ਅਤੇ ਉਨ੍ਹਾਂ ਦੇ ਪਤੀ ਰਾਬਰਟ ਵਾਡਰਾ ਸਮੇਤ ਗਾਂਧੀ ਪਰਿਵਾਰ ਦੇ ਮੈਂਬਰ ਕਿਸੇ ਰੈਸਟੋਰੈਂਟ ਵਿਚ ਬੈਠੇ ਨਜਰ ਆ ਰਹੇ ਹਨ।



ਫੇਸਬੁੱਕ 'ਤੇ ਇਸ ਤਸਵੀਰ ਨੂੰ ਸ਼ੇਅਰ ਕਰਦੇ ਹੋਏ ਇਕ ਯੂਜਰ ਨੇ ਕਾਂਗਰਸ 'ਤੇ ਤੰਜ ਕੱਸਿਆ ਅਤੇ ਲਿਖਿਆ, "7 ਦਿਨ ਦੇ ਰਾਸ਼ਟਰੀ ਸੋਗ ਵਿਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ 26 ਦਸੰਬਰ 2024 ਨੂੰ 92 ਸਾਲ ਦੀ ਉਮਰ ਵਿਚ ਦਿਹਾਂਤ ਹੋ ਗਿਆ। ਇਸ ਤੋਂ ਬਾਅਦ ਭਾਰਤ ਨੇ 7 ਦਿਨਾਂ ਦਾ ਰਾਸ਼ਟਰੀ ਸੋਗ ਦਾ ਐਲਾਨ ਕੀਤਾ ਸੀ। ਸਾਬਕਾ ਪ੍ਰਧਾਨ ਮੰਤਰੀ ਦੇ ਦਿਹਾਂਤ ਮਗਰੋਂ ਭਾਜਪਾ ਅਤਅੰਤਿਮ ਸ਼ਰਧਾਂਜਲੀ ਭੇਟ ਕਰਦਿਆਂ ਕਾਂਗਰਸ ਮਾਲਿਕ ਲੋਕਾਂ ਦਾ ਪਰਿਵਾਰ ਜਵਾਈ ਜੀ ਨਾਲ ਵੀਅਤਨਾਮ ਵਿਚ।" ਵਾਇਰਲ ਤਸਵੀਰ ਨੂੰ ਰਿਸਰਵ ਇਮੇਜ ਸਰਚ ਕਰਨ 'ਤੇ ਸਾਨੂੰ 22 ਦਸੰਬਰ 2024 ਦੀਆਂ ਕਈ ਖਬਰਾਂ ਰਿਪੋਰਟ ਮਿਲੀਆਂ, ਜਿਨ੍ਹਾਂ ਵਿਚ ਵਾਇਰਲ ਤਸਵੀਰ ਮੌਜੂਦ ਸੀ। ' ' ਦੀ ਰਿਪੋਰਟ ਮੁਤਾਬਕ 22 ਦਸੰਬਰ ਨੂੰ ਰਾਹੁਲ ਗਾਂਧੀ ਅਤੇ ਪ੍ਰਿਅੰਕਾ ਗਾਂਧੀ ਰਾਜਧਾਨੀ ਦਿੱਲੀ ਦੇ ਮਸ਼ਹੂਰ ਕਵਾਲਿਟੀ ਰੈਸਟੋਰੈਂਟ ਵਿਚ ਖਾਣੇ ਦਾ ਆਨੰਦ ਮਾਣਨ ਪਹੁੰਚੇ ਸਨ। ਉਨ੍ਹਾਂ ਨਾਲ ਸੋਨੀਆ ਗਾਂਧੀ, ਪ੍ਰਿਅੰਕਾ ਗਾਂਧੀ ਦੇ ਪਤੀ ਰਾਬਰਟ ਵਾਡਰਾ, ਧੀ ਮਿਰਾਆ ਅਤੇ ਸੱਸ ਸੌਰੀਨ ਵਾਡਰਾ ਵੀ ਮੌਜੂਦ ਸਨ। ਸੰਸਦ ਦਾ ਸਰਦ ਰੁੱਤ ਸੈਸ਼ਨ ਖਤਮ ਹੋਣ ਤੋਂ ਬਾਅਦ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ 22 ਦਸੰਬਰ ਨੂੰ ਲੰਚ ਲਈ ਗਏ ਸਨ। ਉਨ੍ਹਾਂ ਨੇ ਇਸ ਨਾਲ ਜੁੜੀਆਂ ਤਸਵੀਰਾਂ ਆਪਣੇ ਇੰਸਟਾਗ੍ਰਾਮ ਹੈਂਡਲ 'ਤੇ ਵੀ ਪੋਸਟ ਕੀਤੀਆਂ ਸਨ। ਰਾਹੁਲ ਨੇ ਤਸਵੀਰਾਂ ਨਾਲ ਲਿਖਿਆ, 'ਆਈਕਾਨਿਕ ਕਵਾਲਿਟੀ ਰੈਸਟੋਰੈਂਟ ਵਿਚ ਪਰਿਵਾਰ ਨਾਲ ਲੰਚ। ਜੇਕਰ ਤੁਸੀਂ ਜਾਓ ਤਾਂ ਛੋਲੇ ਭਟੂਰੇ ਜਰੂਰ ਟਰਾਈ ਕਰੋ।" ਕਵਾਲਿਟੀ ਕੇਟਰਿੰਗ ਨੇ ਆਪਣੇ ਇੰਸਟਾਗ੍ਰਾਮ 'ਤੇ ਇਸ ਲੰਚ ਦੀ ਮੇਜਬਾਨੀ ਦੀ ਇਕ ਤਸਵੀਰ ਸਾਂਝੀ ਕੀਤੀ ਸੀ, ਜਿਸ ਵਿਚ ਸੋਨੀਆ ਗਾਂਧੀ ਭਟੂਰੇ ਨਾਲ ਨਜਰ ਆ ਰਹੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਫਾਰੂਕ ਅਬਦੁੱਲਾ ਦੇ ਕਾਫਲੇ ਦੀ ਕਾਰ ਗਾਂ ਨਾਲ ਟਕਰਾਈ

ਜੈਪੁਰ 19 ਜਨਵਰ। ਰਾਜਸਥਾਨ ਦੇ ਦੌਸਾ ਜ਼ਿਲ੍ਹੇ ਦੇ ਸਦਰ ਥਾਣਾ ਖੇਤਰ ਵਿੱਚ ਜੈਪੁਰ-ਮੁੰਬਈ ਐਕਸਪ੍ਰੈਸਵੇਅ 'ਤੇ ਸ਼ੁੱਕਰਵਾਰ ਨੂੰ ਦਿੱਲੀ ਤੋਂ ਅਜਮੇਰ ਜਾ ਰਹੇ ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਦੇ ਕਾਫਲੇ ਵਿੱਚ ਸ਼ਾਮਲ ਇੱਕ ਕਾਰ ਦੀ ਗਾਂ ਨਾਲ ਟੱਕਰ ਹੋ ਗਈ। ਇਸ ਦੌਰਾਨ ਕਾਰ ਨੁਕਸਾਨੀ ਗਈ। ਹਾਲਾਂਕਿ, ਹਾਦਸੇ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਡਿਪਟੀ ਸੁਪਰਡੈਂਟ ਆਫ ਪੁਲਸ ਰਵੀ ਪ੍ਰਕਾਸ਼ ਸ਼ਰਮਾ ਨੇ ਦੱਸਿਆ ਕਿ ਦਿੱਲੀ ਤੋਂ ਅਜਮੇਰ ਜਾ ਰਹੇ ਅਬਦੁੱਲਾ ਦੇ ਕਾਫਲੇ ਦੀ ਇੱਕ ਕਾਰ 'ਭੰਡਾਰੇਜ' ਨੇੜੇ ਇੱਕ ਗਾਂ ਨਾਲ ਟਕਰਾ ਗਈ, ਜਿਸ ਕਾਰਨ ਕਾਰ ਨੂੰ ਨੁਕਸਾਨ ਪਹੁੰਚਿਆ। ਉਨ੍ਹਾਂ ਕਿਹਾ ਕਿ ਕਾਰ 'ਚ ਕੋਈ ਵੀ ਜਖਮੀ ਨਹੀਂ ਹੋਇਆ। ਉਸਨੇ ਕਿਹਾ ਕਿ ਅਬਦੁੱਲਾ ਦੀ ਗੱਡੀ ਅੱਗੇ ਵਧ ਰਹੀ ਸੀ ਅਤੇ ਉਹ ਆਪਣੀ ਅਗਲੀ ਯਾਤਰਾ ਲਈ ਅਜਮੇਰ ਲਈ ਰਵਾਨਾ ਹੋ ਗਏ। ਉਨ੍ਹਾਂ ਕਿਹਾ ਕਿ ਇਸ ਸਬੰਧੀ ਕੋਈ ਮਾਮਲਾ ਦਰਜ ਨਹੀਂ ਕੀਤਾ ਗਿਆ ਹੈ।

## ਚੰਡੀਗੜ੍ਹ ਮੇਅਰ ਚੋਣ ਨੂੰ ਲੈ ਕੇ ਹਾਈਕੋਰਟ 'ਚ ਸੁਣਵਾਈ

ਚੰਡੀਗੜ੍ਹ 19 ਜਨਵਰ। ਚੰਡੀਗੜ੍ਹ 'ਚ 24 ਜਨਵਰੀ ਨੂੰ ਹੋਣ ਵਾਲੀ ਮੇਅਰ ਚੋਣ ਦਾ ਮਾਮਲਾ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੱਕ ਪਹੁੰਚ ਚੁੱਕਾ ਹੈ। ਮੌਜੂਦਾ ਮੇਅਰ ਕੁਲਦੀਪ ਕੁਮਾਰ ਨੇ ਅਦਾਲਤ 'ਚ ਪਟੀਸ਼ਨ ਦਾਇਰ ਕਰਕੇ ਆਪਣੇ ਕਾਰਜਕਾਲ ਨੂੰ ਸਮੇਂ ਤੋਂ ਪਹਿਲਾਂ ਖਤਮ ਕਰਨ ਨੂੰ ਲੈ ਕੇ ਸਵਾਲ ਚੁੱਕੇ ਹਨ। ਹਾਈਕੋਰਟ ਨੇ ਅੱਜ ਇਸ ਮਾਮਲੇ ਦੀ ਸੁਣਵਾਈ ਕਰਦੇ ਹੋਏ ਸਾਰੇ ਪੱਖਾਂ ਦੀਆਂ ਦਲੀਲਾਂ ਸੁਣੀਆਂ ਅਤੇ ਮਾਮਲੇ ਦੀ ਅਗਲੀ ਸੁਣਵਾਈ 19 ਜਨਵਰ ਨੂੰ ਹੋਣੀ ਤੈਅ ਕੀਤੀ ਗਈ ਹੈ। ਮੇਅਰ ਕੁਲਦੀਪ ਕੁਮਾਰ ਦਾ ਕਹਿਣਾ ਹੈ ਕਿ ਮੇਅਰ ਦਾ ਕਾਰਜਕਾਲ ਇਕ ਸਾਲ ਦਾ ਹੋਣਾ ਜਰੂਰੀ ਹੈ ਅਤੇ ਉਨ੍ਹਾਂ ਦਾ ਕਾਰਜਕਾਲ ਜਨਵਰੀ 'ਚ ਖਤਮ ਕਰਨਾ ਗਲਤ ਹੈ। ਦੱਸਣਯੋਗ ਹੈ ਕਿ ਪਿਛਲੇ ਸਾਲ ਮੇਅਰ ਚੋਣਾਂ ਦਾ ਮਾਮਲਾ ਸੁਪਰੀਮ ਕੋਰਟ ਤੱਕ ਪਹੁੰਚ ਗਿਆ ਸੀ। ਸੁਪਰੀਮ ਕਰੋਟ ਨੇ ਉਸ ਸਮੇਂ ਦਖਲ-ਅੰਦਾਜੀ ਕਰਦੇ ਹੋਏ ਚੋਣਾਂ ਕਰਵਾਈਆਂ ਸਨ। ਇਸ ਵਾਰ ਵੀ ਚੋਣ ਪ੍ਰਕਿਰਿਆ ਨੂੰ ਲੈ ਕੇ ਸਵਾਲ ਖੜ੍ਹੇ ਹੋ ਰਹੇ ਹਨ।

# ਦੁਕਾਨ 'ਚ ਬੈਠੀ ਔਰਤ ਦੇ ਗਲ 'ਤੇ ਦਾਤਰ ਰੱਖ ਕੈਸ਼ ਤੇ ਸੋਨੇ-ਚਾਂਦੀ ਦੇ ਗਹਿਣੇ ਲੁੱਟੇ

ਸਾਹਨੇਵਾਲ 19 ਜਨਵਰ। ਥਾਣਾ ਸਾਹਨੇਵਾਲ ਅੰਦਰ ਲੁਟੇਰਿਆਂ ਨੇ ਕੋਹਰਾਮ ਮਚਾ ਰੱਖਿਆ ਹੈ। ਬੀਤੀ 20 ਦਸੰਬਰ ਨੂੰ ਇਕ ਘਰ 'ਚ ਇਕ ਔਰਤ ਦੇ ਗਲ 'ਤੇ ਦਾਤਰ ਰੱਖ ਕੇ ਘਰ 'ਚੋਂ ਲਗਭਗ 70,000 ਕੈਸ਼, ਮੁੰਦਰੀਆਂ, ਚੇਨ, ਚਾਂਦੀ ਦਾ ਕੜਾ ਅਤੇ ਹੋਰ ਗਹਿਣੇ ਚੋਰੀ ਕਰ ਕੇ ਫਰਾਰ ਹੋ ਗਏ ਸਨ। ਇਸ ਸਬੰਧੀ ਪੀੜਤ ਅਨੀਤਾ ਪਤਨੀ ਅਨਿਲ ਕੁਮਾਰ ਵਾਸੀ ਸ਼ਿਵ ਵਿਹਾਰ ਕਾਲੋਨੀ ਸਾਹਮਣੇ ਅੰਬੇਰਾ ਅਪਾਰਟਮੈਂਟ ਪਿੰਡ ਜਸਪਾਲ ਬਾਂਗਰ ਲੁਧਿਆਣਾ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ, ਜਿਸ 'ਤੇ ਪੁਲਸ ਨੇ ਲਗਭਗ 22 ਦਿਨਾਂ ਬਾਅਦ ਮਾਮਲਾ ਦਰਜ ਕੀਤਾ। ਮਾਮਲੇ ਸਬੰਧੀ ਪੀੜਤਾ ਦੇ ਪਤੀ ਅਨਿਲ ਕੁਮਾਰ ਨੇ ਦੱਸਿਆ ਕਿ ਉਹ ਇਕ ਪ੍ਰਾਈਵੇਟ ਫੈਕਟਰੀ 'ਚ ਕੰਮ ਕਰਦਾ ਹੈ। ਆਪਣੇ ਘਰ 'ਚ ਹੀ ਉਨ੍ਹਾਂ ਦੀ ਚੌਧਰੀ ਕਰਿਆਨਾ ਸਟੋਰ ਨਾਂ ਦੀ ਦੁਕਾਨ ਹੈ। ਬੀਤੀ 20 ਦਸੰਬਰ ਨੂੰ ਜਦੋਂ ਉਹ ਕੰਮ 'ਤੇ ਗਿਆ ਹੋਇਆ ਸੀ ਤਾਂ ਸ਼ਾਮ 6 ਵਜੇ 3 ਲੜਕੇ ਆਏ, ਜਿਨ੍ਹਾਂ ਨੇ ਪਹਿਲਾਂ ਤਾਂ ਬੀੜੀ ਸਿਗਰਟ ਅਤੇ ਖਾਣ ਲਈ ਸਾਮਾਨ ਲਿਆ ਅਤੇ ਚਲੇ ਗਏ। ਬਾਅਦ 'ਚ ਆ ਕੇ ਸਿੱਧੇ ਘਰ ਦੇ ਅੰਦਰ ਵੜੇ ਅਤੇ ਮੇਰੀ ਪਤਨੀ ਅਨੀਤਾ ਨੂੰ ਧੱਕਾ



ਮਾਰਿਆ ਅਤੇ ਮੇਰੇ ਬੇਟੇ ਨੂੰ ਫੜ ਕੇ ਪਹਿਲਾਂ ਤਾਂ ਦੁਕਾਨ ਦੇ ਗੱਲੇ 'ਚੋਂ 20 ਹਜਾਰ ਰੁਪਏ ਕੈਸ਼ ਕੱਢਿਆ, ਉਸ ਤੋਂ ਬਾਅਦ ਪਤਨੀ ਦੇ ਗਲ 'ਤੇ ਦਾਤਰ ਰੱਖ ਕੇ ਘਰ ਦੀ ਅਲਮਾਰੀ 'ਚੋਂ ਕੈਸ਼ 50,000 ਰੁਪਏ ਅਤੇ ਸੋਨੇ-ਚਾਂਦੀ ਦੇ ਗਹਿਣੇ ਕੱਢ ਲਏ। ਅਨਿਲ ਨੇ ਦੱਸਿਆ ਕਿ ਉਨ੍ਹਾਂ ਦੇ ਸਾਹਮਣੇ ਇਕ ਪ੍ਰਾਪਰਟੀ ਡੀਲਰ ਦੀ ਦੁਕਾਨ ਹੈ, ਜਦੋਂ ਉਹ ਡੀਲਰ ਆਪਣੀ ਦੁਕਾਨ ਬੰਦ ਕਰ ਕੇ ਚਲੇ ਗਏ, ਫਿਰ ਲੁਟੇਰਿਆਂ ਨੇ ਆ ਕੇ ਸਿੱਧਾ ਅੰਦਰ ਆਉਂਦੇ ਸਾਰ ਹੀ ਪਹਿਲਾਂ ਪਤਨੀ ਨੂੰ ਧੱਕਾ ਮਾਰਿਆ, ਦੂਜੇ ਨੇ ਦੁਕਾਨ ਦਾ ਸ਼ਟਰ ਸੁੱਟਿਆ, ਇਕ ਨੇ ਉਸ ਦੇ ਬੇਟੇ ਨੂੰ ਫੜ ਲਿਆ। ਦੁਕਾਨ ਦਾ ਕੈਸ਼ ਕੱਢਣ ਤੋਂ ਬਾਅਦ ਉਨ੍ਹਾਂ ਨੇ ਪਤਨੀ ਦੇ ਗਲ 'ਤੇ ਦਾਤਰ ਰੱਖ ਕੇ ਘਰ 'ਚ ਪਈ ਅਲਮਾਰੀ 'ਚੋਂ 50 ਹਜਾਰ ਰੁਪਏ ਕੈਸ਼, ਉਸ ਦੀ ਪਤਨੀ ਦੇ ਸੋਨੇ ਦੇ ਗਹਿਣੇ, ਅਨਿਲ ਦੀਆਂ ਮੁੰਦਰੀਆਂ, ਸੋਨੇ ਦੀ ਚੇਨ, ਉਸ ਦਾ ਚਾਂਦੀ ਦਾ ਕੜਾ ਅਤੇ ਹੋਰ ਚਾਂਦੀ ਦੇ ਗਹਿਣੇ ਲੈ ਕੇ ਫਰਾਰ ਹੋ ਗਏ। ਅਨਿਲ ਨੇ ਦੱਸਿਆ ਕਿ ਇਸ ਘਟਨਾ 'ਚ ਉਸ ਦਾ ਕਥਿਤ ਲਗਭਗ 6 ਤੋਂ 7 ਲੱਖ ਦਾ ਨੁਕਸਾਨ ਹੋ ਗਿਆ ਹੈ। ਉਸ ਨੇ ਦੱਸਿਆ ਕਿ ਬੀਤੇ ਕੱਲ੍ਹ ਪੁਲਸ ਨੇ ਅੰਕਿਤ ਵਾਸੀ ਸ਼ੇਰਪੁਰ ਮਾਰਕੀਟ ਸਮੇਤ 2 ਹੋਰ ਅਣਪਛਾਤੇ ਲੜਕਿਆਂ ਖਿਲਾਫ ਮਾਮਲਾ ਦਰਜ ਕਰ ਕੇ ਪੜਤਾਲ ਸ਼ੁਰੂ ਕਰ ਦਿੱਤੀ ਹੈ।

## ਜਲੰਧਰ ਦੇ ਕਾਰੋਬਾਰੀਆਂ ਕੋਲੋਂ ਫਿਰੌਤੀ ਮੰਗਣ ਵਾਲਾ ਤੀਜਾ ਮੁਲਜਮ ਵੀ ਗ੍ਰਿਫਤਾਰ

ਜਲੰਧਰ 19 ਜਨਵਰ। ਜਲੰਧਰ ਦੇ ਵਡਾਲਾ ਚੌਂਕ ਨੇੜੇ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਦੇ ਸਾਥੀਆਂ ਨਾਲ ਹੋਏ ਪੁਲਸ ਮੁਕਾਬਲੇ ਵਿਚ ਗੋਲੀ ਲੱਗਣ ਕਾਰਨ ਜਖਮੀ ਹੋਏ ਮੁਲਜਮ ਬਲਰਾਜ ਸਿੰਘ ਉਰਫ ਬੱਲੂ ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ ਹੈ ਜਦਕਿ ਸੀ. ਆਈ. ਏ. ਸਟਾਫ ਨੇ ਇਸ ਮਾਮਲੇ ਦੇ ਤੀਜੇ ਮੁਲਜਮ ਤਰਲੋਚਨ ਸਿੰਘ ਵਾਸੀ ਖੁਸਰੋਪੁਰ ਨੂੰ ਵੀ ਗ੍ਰਿਫਤਾਰ ਕਰ ਲਿਆ ਹੈ। ਇਹ ਤਰਲੋਚਨ ਸਿੰਘ ਹੀ ਸੀ, ਜਿਸ ਨੇ ਗੋਲਡੀ ਬਰਾੜ ਨੂੰ ਜਲੰਧਰ ਦੇ ਇਕ ਵਪਾਰੀ ਬਾਰੇ ਜਾਣਕਾਰੀ ਦਿੱਤੀ ਸੀ, ਜਿਸ ਤੋਂ ਫਿਰੌਤੀ ਦੀ ਮੰਗੀ ਜਾਣੀ ਸੀ। ਸੀ. ਆਈ. ਏ. ਸਟਾਫ ਦੇ ਇੰਚਾਰਜ ਸੁਰਿੰਦਰ ਕੁਮਾਰ ਕੰਬੋਜ ਨੇ ਦੱਸਿਆ ਕਿ ਮੁਲਜਮ ਪਵਨ ਵਾਸੀ ਜੰਡਿਆਲਾ ਮੰਜਕੀ ਤੇ ਬਲਰਾਜ ਸਿੰਘ ਬੱਲੂ ਨੇ ਪੁੱਛਗਿੱਛ ਦੌਰਾਨ ਮੰਨਿਆ ਕਿ ਤਰਲੋਚਨ ਸਿੰਘ ਨੇ ਉਨ੍ਹਾਂ ਦੀ ਪਹਿਲੀ ਵਾਰ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਨਾਲ ਗੱਲ ਕਰਵਾਈ ਸੀ। ਇਸ ਤੋਂ ਬਾਅਦ ਇਹ ਦੋਵੇਂ ਮੁਲਜਮ ਵੀ ਗੋਲਡੀ ਬਰਾੜ ਨਾਲ ਸਿੱਧੀ ਗੱਲ ਕਰਨ ਲੱਗੇ। ਪੁਲਸ ਨੇ ਤਿੰਨਾਂ ਮੁਲਜਮਾਂ ਨੂੰ ਰਿਮਾਂਡ 'ਤੇ ਲਿਆ ਹੈ, ਜਿਨ੍ਹਾਂ ਕੋਲੋਂ ਹਥਿਆਰਾਂ ਦੇ ਨਾਲ-ਨਾਲ ਉਨ੍ਹਾਂ ਦੇ ਹੋਰ ਸਾਥੀਆਂ ਬਾਰੇ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ।

# ਦਰਿਆ ਨੇੜਿਓਂ ਮਿਲੀ ਲਾਪਤਾ ਨੌਜਵਾਨ ਦੀ ਲਾਸ਼, ਕਤਲ ਦਾ ਸ਼ੱਕ

ਫਿਰੋਜ਼ਪੁਰ 19 ਜਨਵਰ। ਬੀ. ਡੀ. ਪੀ. ਓ. ਦਫਤਰ 'ਚ ਮਨਰੇਗਾ ਸਕੀਮ ਅਧੀਨ ਭਰਤੀ ਗ੍ਰਾਮ ਸੇਵਕ ਦੀ ਲਾਸ਼ ਸਤਲੁਜ ਦਰਿਆ ਕਿਨਾਰੇ ਮਿਲੀ ਹੈ। ਉਕਤ ਨੌਜਵਾਨ ਪਿਛਲੇ ਕੁੱਝ ਦਿਨਾਂ ਤੋਂ ਲਾਪਤਾ ਸੀ। ਥਾਣਾ ਸਦਰ ਦੇ ਐੱਸ. ਆਈ. ਤਰਸੇਮ



ਸ਼ਰਮਾ ਨੇ ਦੱਸਿਆ ਕਿ ਮਨੀਸ਼ ਕੁਮਾਰ ਵਾਸੀ ਭਗਤ ਸਿੰਘ ਕਾਲੋਨੀ ਨੇ ਬਿਆਨ ਦਿੱਤੇ ਸਨ ਕਿ ਉਸਦਾ ਚਚੇਰਾ ਭਰਾ ਪ੍ਰਦੀਪ ਕੁਮਾਰ ਬੀ. ਡੀ. ਪੀ. ਓ. ਦਫਤਰ 'ਚ ਗ੍ਰਾਮ ਸੇਵਕ ਲੱਗਾ ਹੋਇਆ ਹੈ। 10 ਜਨਵਰੀ ਨੂੰ ਉਹ ਰੋਜ਼ਾਨਾ ਦੀ ਤਰ੍ਹਾਂ ਘਰੋਂ ਮੋਟਰਸਾਈਕਲ ਲੈ ਕੇ ਡਿਊਟੀ 'ਤੇ ਗਿਆ ਪਰ ਦੇਰ ਰਾਤ ਤੱਕ ਵਾਪਸ ਨਹੀਂ ਪਰਤਿਆ। ਸ਼ਿਕਾਇਤ ਕਰਤਾ ਨੇ ਦੱਸਿਆ ਕਿ ਉਸ ਨੇ ਆਪਣੇ ਰਿਸ਼ਤੇਦਾਰਾਂ ਨੂੰ ਨਾਲ ਲੈ ਕੇ ਪ੍ਰਦੀਪ ਕੁਮਾਰ ਦੀ ਕਾਫੀ ਭਾਲ ਕੀਤੀ। 11 ਜਨਵਰੀ ਨੂੰ ਉਸ ਨੂੰ ਪਤਾ ਲੱਗਾ ਕਿ ਥਾਣਾ ਸਦਰ ਪੁਲਸ ਨੂੰ ਪਿੰਡ ਅਲੀਕੇ ਦੇ ਬੰਨ੍ਹ ਦੇ ਕੋਲ ਕਿਸੇ ਨੌਜਵਾਨ ਦੀ ਲਾਸ਼ ਮਿਲੀ ਹੈ, ਜਿਸ ਨੂੰ ਪਛਾਣ ਦੇ ਲਈ ਸਿਵਲ ਹਸਪਤਾਲ ਦੀ ਮੋਰਚਰੀ ਵਿਚ ਰਖਵਾਇਆ ਗਿਆ ਹੈ। ਉਸ ਨੇ ਜਦੋਂ ਉੱਥੇ ਜਾ ਕੇ ਦੇਖਿਆ ਤਾਂ ਉਕਤ ਲਾਸ਼ ਉਸਦੇ ਲਾਪਤਾ ਚਚੇਰੇ ਭਰਾ ਦੀ ਸੀ। ਉਸ ਨੇ ਸ਼ੱਕ ਜਤਾਇਆ ਕਿ ਪ੍ਰਦੀਪ ਕੁਮਾਰ ਦਾ ਕਿਸੇ ਅਣਪਛਾਤੇ ਦੋਸ਼ੀਆਂ ਨੇ ਕਤਲ ਕਰਕੇ ਲਾਸ਼ ਦਰਿਆ ਕਿਨਾਰੇ ਸੁੱਟ ਦਿੱਤੀ ਹੈ। ਐੱਸ. ਆਈ. ਨੇ ਦੱਸਿਆ ਕਿ ਬਿਆਨਾਂ ਦੇ ਆਧਾਰ 'ਤੇ ਅਣਪਛਾਤੇ ਲੋਕਾਂ ਦੇ ਖ਼ਿਲਾਫ ਪਰਚਾ ਦਰਜ ਕਰ ਲਿਆ ਗਿਆ ਹੈ ਅਤੇ ਜਾਂਚ ਸ਼ੁਰੂ ਕੀਤੀ ਗਈ ਹੈ।

## ਕੇਂਦਰੀ ਜੇਲ੍ਹ 'ਚੋਂ ਮੋਬਾਇਲ ਤੇ ਨਸ਼ੀਲੇ ਪਦਾਰਥ ਬਰਾਮਦ

ਫਿਰੋਜ਼ਪੁਰ 19 ਜਨਵਰ। ਕੇਂਦਰੀ ਜੇਲ੍ਹ ਫਿਰੋਜ਼ਪੁਰ 'ਚ ਤਲਾਸ਼ੀ ਦੌਰਾਨ 10 ਮੋਬਾਇਲ ਫੋਨ, 4 ਨਸ਼ੀਲੇ ਜਾਪਦੇ ਕੈਪਸੂਲ, 289 ਪੁੜੀਆਂ ਜਰਦਾ (ਤੰਬਾਕੂ), 36 ਬੰਡਲ ਬੀੜੀਆਂ, 217 ਗ੍ਰਾਮ ਚਿੱਟੇ ਰੰਗ ਦਾ ਪਦਾਰਥ ਬਰਾਮਦ ਹੋਇਆ ਹੈ। ਇਸ ਸਬੰਧ 'ਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਬ ਇੰਸਪੈਕਟਰ ਸਰਵਨ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 10414 ਰਾਹੀਂ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ ਕੇਂਦਰੀ ਜੇਲ੍ਹ ਅੰਦਰ 30 ਦਸੰਬਰ 2024 ਤੋਂ 8 ਜਨਵਰੀ 2025 ਤੱਕ ਤਲਾਸ਼ੀ ਲਈ ਗਈ। ਇਸ ਦੌਰਾਨ ਅਤੇ ਅਣਪਛਾਤੇ ਵਿਅਕਤੀਆਂ ਵਲੋਂ ਕੇਂਦਰੀ ਜੇਲ੍ਹ ਫਿਰੋਜ਼ਪੁਰ ਦੇ ਬਾਹਰੋਂ ਥਰੋ ਕਰਨ 'ਤੇ 5 ਕੀਪੈਡ ਮੋਬਾਇਲ ਫੋਨ, 5 ਟੱਚ ਸਕਰੀਨ ਮੋਬਾਇਲ ਫੋਨ, 4 ਨਸ਼ੀਲੇ ਜਾਪਦੇ ਕੈਪਸੂਲ, 289 ਪੁੜੀਆਂ ਜਰਦਾ (ਤੰਬਾਕੂ), 36 ਬੰਡਲ ਬੀੜੀਆਂ, 217 ਗ੍ਰਾਮ ਚਿੱਟੇ ਰੰਗ ਦਾ ਪਦਾਰਥ ਬਰਾਮਦ ਹੋਇਆ।

## ਕਾਰ ਦੀ ਲਪੇਟ ਵਿਚ ਆ ਕੇ ਪ੍ਰਵਾਸੀ ਦੀ ਮੌਤ

ਮੋਗਾ 19 ਜਨਵਰ। ਬਾਘਾਪੁਰਾਣਾ ਵਿਚ ਕੋਟਕਪੂਰਾ ਰੋਡ 'ਤੇ ਇਕ ਰਿਜੋਰਟ ਵਿਚ ਕੰਮ ਕਰਦੇ ਪ੍ਰਵਾਸੀ ਉਤਰਾਖੰਡ ਨਿਵਾਸੀ ਅਮਰ ਸਿੰਘ ਦੀ ਤੇਜ ਰਫ਼ਤਾਰ ਕਾਰ ਦੀ ਲਪੇਟ ਵਿਚ ਆਉਣ ਨਾਲ ਮੌਤ ਹੋਣ ਦਾ ਪਤਾ ਲੱਗਾ ਹੈ। ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਬਾਘਾਪੁਰਾਣਾ ਦੇ ਸਹਾਇਕ ਥਾਣੇਦਾਰ ਸੁਖਦੇਵ ਸਿੰਘ ਨੇ ਦੱਸਿਆ ਕਿ ਮ੍ਰਿਤਕ ਅਮਰ ਸਿੰਘ ਜੋ ਰਿਜੋਰਟਸ ਵਿਚ ਕੰਮ ਕਰਦਾ ਸੀ। ਜਦੋਂ ਉਹ ਕੁਝ ਸਾਮਾਨ ਲੈਣ ਲਈ ਬਾਹਰ ਨਿਕਲਿਆ ਤਾਂ ਸੜਕ 'ਤੇ ਇਕ ਤੇਜ ਰਫਤਾਰ ਕਾਰ ਦੀ ਲਪੇਟ ਵਿਚ ਆ ਗਿਆ ਅਤੇ ਉਸ ਦੀ ਮੌਤ ਹੋ ਗਈ। ਕਾਰ ਚਾਲਕ ਭੱਜਣ ਵਿਚ ਸਫਲ ਹੋ ਗਿਆ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਮ੍ਰਿਤਕ ਦੇ ਰਿਸ਼ਤੇਦਾਰ ਪ੍ਰਤਾਪ ਸਿੰਘ ਨਿਵਾਸੀ ਉਤਰਾਖੰਡ ਦੀ ਸ਼ਿਕਾਇਤ 'ਤੇ ਅ/ਧ 194 ਬੀ. ਐੱਨ. ਐੱਸ. ਦੇ ਤਹਿਤ ਕਾਰਵਾਈ ਕਰਵਾਉਣ ਕਰਨ ਤੋਂ ਬਾਅਦ ਅੱਜ ਲਾਸ਼ ਨੂੰ ਸਿਵਲ ਹਸਪਤਾਲ ਮੋਗਾ ਤੋਂ ਪੋਸਟਮਾਰਟਮ ਕਰਵਾਉਣ ਦੇ ਬਾਅਦ ਵਾਰਿਸਾਂ ਨੂੰ ਸੌਂਪ ਦਿੱਤਾ।

## ਸਾਬਕਾ ਸਰਪੰਚ ਦਾ ਕਾਰਾ, ਕਾਰ ਦੇ ਵਿਚ ਔਰਤ ਨਾਲ...

ਪਾਤੜਾਂ 19 ਜਨਵਰ। ਪਾਤੜਾਂ ਪੁਲਸ ਵੱਲੋਂ ਔਰਤ ਨਾਲ ਅਸ਼ਲੀਲ ਹਰਕਤਾਂ ਕਰਨ ਦੇ ਦੋਸ਼ਾਂ ਤਹਿਤ ਸਾਬਕਾ ਸਰਪੰਚ ਖ਼ਿਲਾਫ ਕੇਸ ਦਰਜ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜ਼ਿਲ੍ਹਾ ਸੰਗਰੂਰ ਦੇ ਕਸਬਾ ਲਹਿਰਾ ਦੀ ਪੀੜਤਾ ਨੇ ਪਾਤੜਾਂ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਉਂਦਿਆਂ ਦੱਸਿਆ ਕਿ 24 ਦਸੰਬਰ ਨੂੰ ਉਹ ਡਰਾਈਵਰ ਅਤੇ ਜਾਣਕਾਰ ਰਾਮ ਸਿੰਘ ਨਾਲ ਸਾਬਕਾ ਸਰਪੰਚ ਕਰਮਜੀਤ ਸਿੰਘ ਨਾਲ ਪੈਸਿਆਂ ਦੇ ਲੈਣ-ਦੇਣ ਸਬੰਧੀ ਭਗਤ ਸਿੰਘ ਚੌਕ ਪਾਤੜਾਂ ਵਿਖੇ ਇਕੱਠੇ ਹੋ ਕੇ ਕਾਰ 'ਚ ਬੈਠੇ ਗੱਲਬਾਤ ਕਰ ਰਹੇ ਸੀ, ਜਿੱਥੇ ਸਾਬਕਾ ਸਰਪੰਚ ਉਸ ਨਾਲ ਅਸ਼ਲੀਲ ਹਰਕਤਾਂ ਕਰਨ ਲੱਗ ਪਿਆ।

# ਭਤੀਜੇ ਨੂੰ ਚਾਚੀ ਨੇ ਕਰੰਟ ਲਾ ਕੇ ਮਾਰਿਆ, ਵਜ੍ਹਾ ਜਾਣ ਪੁਲਸ ਰਹਿ ਗਈ ਹੈਰਾਨ

ਆਗਰਾ 19 ਜਨਵਰ। ਰਿਸ਼ਤਿਆਂ ਨੂੰ ਸ਼ਰਮਸਾਰ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇਕ ਮਾਸੂਮ ਨੂੰ ਉਸ ਦੀ ਚਾਚੀ ਨੇ ਕਮਰੇ 'ਚ ਬੁਲਾ ਕੇ ਕਰੰਟ ਲਾ ਦਿੱਤਾ, ਜਿਸ ਕਾਰਨ ਤੜਫ-ਤੜਫ ਕੇ ਉਸ ਦੀ ਮੌਤ ਹੋ ਗਈ। ਮਾਸੂਮ ਭਤੀਜਾ ਚੀਕਦਾ ਰਿਹਾ ਪਰ ਉਸ ਦਾ ਦਿਲ ਨਹੀਂ ਪਸੀਜਿਆ। ਇੰਨਾ ਹੀ ਨਹੀਂ ਚਾਚੀ ਨੇ ਲਾਸ਼ ਨੂੰ ਘਰ ਵਿਚ ਬਣੇ ਬਾਥਰੂਮ ਵਿਚ ਲੁੱਕਾ ਦਿੱਤਾ। ਪਰਿਵਾਰਕ ਮੈਂਬਰਾਂ ਨੇ ਜਦੋਂ ਬੱਚੇ ਦੀ ਭਾਲ ਸ਼ੁਰੂ ਕੀਤੀ ਤਾਂ ਉਹ ਕਿਤੇ ਨਹੀਂ ਮਿਲਿਆ। ਕਾਫੀ ਲੱਭਣ ਮਗਰੋਂ ਉਸ ਦੀ ਲਾਸ਼ ਬਾਥਰੂਮ ਵਿਚ ਪਈ ਮਿਲੀ। ਇਹ ਘਟਨਾ ਉੱਤਰ ਪ੍ਰਦੇਸ਼ ਦੇ ਆਗਰਾ ਜ਼ਿਲ੍ਹੇ ਦੇ ਥਾਣਾ ਜਗਦੀਸ਼ਪੁਰਾ ਦੇ ਪ੍ਰੇਮ ਨਗਰ ਦੀ ਹੈ, ਜਿੱਥੇ ਆਰਵ ਨਾਂ ਦੇ 9 ਸਾਲ ਦੇ ਮਾਸੂਮ ਨੂੰ ਉਸ ਦਾ ਚਾਚਾ ਬਹੁਤ ਪਿਆਰ ਕਰਦਾ ਸੀ। ਆਪਣੀ ਕਮਾਈ ਦਾ ਕਾਫੀ ਹਿੱਸਾ ਭਤੀਜੇ 'ਤੇ ਖਰਚ ਕਰ ਦਿੰਦਾ ਸੀ। ਇਸ ਵਜ੍ਹਾ ਤੋਂ ਉਸ ਦੀ ਚਾਚੀ ਗਜਨਾ ਨਫਰਤ ਖਾਣ ਲੱਗੀ। ਇਸ ਲਈ ਭਜੀਤੇ ਨੂੰ ਕਮਰੇ ਵਿਚ ਬੁਲਾ ਕੇ ਕਰੰਟ ਲਾ ਕੇ ਤੜਫਾ-ਤੜਫਾ ਕੇ ਮਾਰ ਦਿੱਤਾ। ਚਾਚੀ ਨੇ ਬਚਣ ਲਈ ਪੋਸਟਮਾਰਟਮ ਰਿਪੋਰਟ ਵਿਚ ਬਿਜਲੀ ਦੇ ਕਰੰਟ ਨਾਲ ਮੌਤ ਦੀ ਪੁਸ਼ਟੀ ਹੋਈ। ਇਸ 'ਤੇ ਪੁਲਸ ਨੇ ਘਟਨਾ ਦੀ ਬਾਰੀਕੀ ਨਾਲ ਜਾਂਚ



ਲਾਸ਼ ਨੂੰ ਬਾਥਰੂਮ ਵਿਚ ਲੁੱਕੋ ਦਿੱਤਾ। ਮਾਸੂਮ ਦੀ ਲਾਸ਼ ਬਾਥਰੂਮ ਵਿਚ ਮਿਲਦੇ ਹੀ ਘਰ ਵਿਚ ਚੀਕ-ਚਿਹਾੜਾ ਪੈ ਗਿਆ। ਘਟਨਾ ਦੀ ਜਾਣਕਾਰੀ ਪੁਲਸ ਨੂੰ ਦਿੱਤੀ ਗਈ। ਪੁਲਸ ਨੇ ਮੌਕੇ 'ਤੇ ਪਹੁੰਚ ਲਾਸ਼ ਨੂੰ ਪੋਸਟਮਾਰਟਮ ਲਈ ਭੇਜਿਆ। ਕੀਤੀ ਤਾਂ ਚਾਚੀ 'ਤੇ ਕਤਲ ਦਾ ਸ਼ੱਕ ਹੋਇਆ। ਪੁਲਸ ਨੇ ਸਖਤਾਈ ਨਾਲ ਪੁੱਛਗਿੱਛ ਕੀਤੀ ਤਾਂ ਉਸ ਨੇ ਆਪਣਾ ਜੁਰਮ ਕਬੂਲ ਕਰ ਲਿਆ। ਕਤਲ ਦੀ ਵਜ੍ਹਾ ਜਾਣ ਕੇ ਪੁਲਸ ਵੀ ਹੈਰਾਨ ਰਹਿ ਗਈ।

## 6 ਸਾਲਾ ਬੱਚੀ ਨਾਲ ਜਬਰ ਜਿਨਾਹ ਤੇ ਕਤਲ ਦੇ ਦੋਸ਼ 'ਚ ਇਕ ਵਿਅਕਤੀ ਗ੍ਰਿਫਤਾਰ

ਬੈਂਗਲੁਰੂ 19 ਜਨਵਰ। ਬੈਂਗਲੁਰੂ 'ਚ 6 ਸਾਲਾ ਬੱਚੀ ਨਾਲ ਜਬਰ ਜ਼ਿਨਾਹ ਅਤੇ ਉਸ ਦਾ ਕਤਲ ਕਰਨ ਦੇ ਦੋਸ਼ 'ਚ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਮੂਲਰੂਪ ਨਾਲ ਬਿਹਾਰ ਵਾਸੀ ਅਭਿਸ਼ੇਕ ਕੁਮਾਰ ਨੇ ਇਸ ਘਿਨਾਉਣੇ ਕੰਮ ਨੂੰ ਉਸ ਸਮੇਂ ਅੰਜਾਮ ਦਿੱਤਾ, ਜਦੋਂ ਪੀੜਤਾ ਦੇ ਮਾਪੇ ਕਿਤੇ ਗਏ ਹੋਏ ਸਨ। ਦੋਸ਼ੀ ਮਜਦੂਰ ਵਜੋਂ ਕੰਮ ਕਰਦਾ ਹੈ। ਪੁਲਸ ਨੇ ਦੱਸਿਆ ਕਿ ਪੀੜਤਾ ਦੇ ਮਾਪੇ ਨੇਪਾਲ ਤੋਂ ਹਨ ਅਤੇ ਉਸੇ ਜਗ੍ਹਾ ਕੰਮ ਕਰਦੇ ਹਨ। ਉਸ ਨੇ ਦੱਸਿਆ ਕਿ ਦੋਸ਼ੀ ਬੱਚੀ ਨੂੰ ਵਰਗਲਾ ਕੇ ਇਕ ਸੁੰਨਸਾਨ ਜਗ੍ਹਾ ਲੈ ਗਿਆ, ਜਿੱਥੇ



ਉਸ ਨੇ ਉਸ ਨਾਲ ਜਬਰ ਜ਼ਿਨਾਹ ਕੀਤਾ ਅਤੇ ਬਾਅਦ 'ਚ ਬੱਚੀ ਦੀ ਮੌਤ ਹੋ ਗਈ। ਜਦੋਂ ਲੋਕਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਉਸ ਨੂੰ ਫੜ ਲਿਆ ਅਤੇ ਉਸ ਦੀ ਜੰਮ ਕੇ ਕੁੱਟਮਾਰ ਕੀਤੀ ਅਤੇ ਉਸ ਨੂੰ ਪੁਲਸ ਦੇ ਹਵਾਲੇ ਕਰ ਦਿੱਤਾ। ਰਾਮਮੂਰਤੀ ਨਗਰ ਪੁਲਸ ਨੇ ਦੋਸ਼ੀ ਖ਼ਿਲਾਫ ਜਿਨਸੀ ਸ਼ੋਸ਼ਣ ਤੋਂ ਬੱਚਿਆਂ ਦੀ ਸੁਰੱਖਿਆ (ਪੋਕਸੋ) ਐਕਟ ਅਤੇ ਭਾਰਤੀ ਨਿਆਂ ਸੰਹਿਤਾ ਦੀਆਂ ਸੰਬੰਧਤ ਧਾਰਾਵਾਂ 'ਚ ਮਾਮਲਾ ਦਰਜ ਕਰ ਲਿਆ ਹੈ।

## ਟਲਿਆ ਵੱਡਾ ਹਾਦਸਾ, ਯਾਤਰੀ ਟਰੇਨ ਦਾ ਡੱਬਾ ਪੱਟੜੀ ਤੋਂ ਉਤਰਿਆ

ਚੇਨਈ 19 ਜਨਵਰ। ਪੁਡੂਚੇਰੀ ਜਾ ਰਹੀ ਇਕ ਐੱਮਈਐੱਮਯੂ (ਮੇਨਲਾਈਨ ਇਲੈਕਟ੍ਰਿਕ ਮਲਟੀਪਲ ਯੂਨਿਟ) ਟਰੇਨ ਦਾ ਇਕ ਡੱਬਾ ਮੰਗਲਵਾਰ ਨੂੰ ਵਿਲੁਪੁਰਮ ਕੋਲ ਪੱਟੜੀ ਤੋਂ ਉਤਰ ਗਿਆ। ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਇਕ ਵੱਡਾ ਹਾਦਸਾ ਟਲ ਗਿਆ, ਕਿਉਂਕਿ ਲੋਕੋ ਪਾਇਲਟ ਨੇ ਇਸ ਨੂੰ



ਦੇਖ ਲਿਆ ਅਤੇ ਤੁਰੰਤ ਟਰੇਨ ਰੋਕ ਦਿੱਤੀ। ਇਸ ਘਟਨਾ 'ਚ ਕਿਸੇ ਦੇ ਹਤਾਹਤ ਹੋਣ ਦੀ ਕੋਈ ਸੂਚਨਾ ਨਹੀਂ ਹੈ ਅਤੇ ਤਿੰਨ ਘੰਟਿਆਂ ਅੰਦਰ ਟਰੇਨਾਂ ਦੀ ਆਵਾਜਾਈ ਬਹਾਲ ਕਰ ਦਿੱਤੀ ਗਈ। ਉਨ੍ਹਾਂ ਕਿਹਾ ਕਿ ਜਾਂਚ ਪੂਰੀ ਹੋਣ ਦੇ ਬਾਅਦ ਹੀ ਟਰੇਨ ਦੇ ਪੱਟੜੀ ਤੋਂ ਉਤਰਨ ਦਾ ਕਾਰਨ ਪਤਾ ਲੱਗ ਸਕੇਗਾ। ਇਸ ਘਟਨਾ ਦੇ ਜਾਂਚ ਦੇ ਆਦੇਸ਼ ਦੇ ਦਿੱਤੇ ਗਏ ਹਨ। ਲਗਭਗ 500 ਯਾਤਰੀਆਂ ਨੂੰ ਲੈ ਕੇ ਨਹੀਂ ਹੈ ਅਤੇ ਤਿੰਨ ਘੰਟਿਆਂ ਅੰਦਰ ਟਰੇਨਾਂ ਦੀ ਆਵਾਜਾਈ ਬਹਾਲ ਕਰ ਦਿੱਤੀ ਗਈ। ਉਨ੍ਹਾਂ ਕਿਹਾ ਕਿ ਜਾਂਚ ਪੂਰੀ ਹੋਣ ਦੇ ਬਾਅਦ ਹੀ ਟਰੇਨ ਦੇ ਵਿਲੁਪੁਰਮ-ਪੁਡੂਚੇਰੀ ਟਰੇਨ ਜਦੋਂ ਸਵੇਰੇ 5.25 ਵਜੇ ਵਿਲੁਪੁਰਮ ਤੋਂ ਰਵਾਨਾ ਹੋਈ। ਟਰੇਨ ਇਕ ਮੋੜ ਪਾਰ ਕਰ ਰਹੀ ਸੀ, ਉਦੋਂ ਉਸ ਦਾ ਇਕ ਡੱਬਾ ਪੱਟੜੀ ਤੋਂ ਉਤਰ ਗਿਆ ਅਤੇ ਲੋਕੋ ਪਾਇਲਟ ਨੇ ਤੁਰੰਤ ਟਰੇਨ ਰੋਕ ਦਿੱਤੀ। ਇਸ ਹਾਦਸੇ ਕਾਰਨ ਵਿਲੁਪੁਰਮ ਮਾਰਗ 'ਤੇ ਸਵੇਰੇ 8.30 ਵਜੇ ਤੱਕ ਟਰੇਨ ਸੇਵਾਵਾਂ ਰੁਕੀਆਂ ਰਹੀਆਂ। ਵਿਲੁਪੁਰਮ-ਪੁਡੂਚੇਰੀ ਐੱਮਈਐੱਮਯੂ ਇਕ ਛੋਟੀ ਦੂਰੀ ਦੀ ਟਰੇਨ ਹੈ ਜੋ ਕਰੀਬ 38 ਕਿਲੋਮੀਟਰ ਦੀ ਦੂਰੀ ਤੈਅ ਕਰਦੀ ਹੈ।

# ਖਰੜ-ਰੋਪੜ ਹਾਈਵੇ ਨੇੜੇ ਜ਼ਮੀਨ ਵੇਚਣ ਦੇ ਨਾਂ 'ਤੇ 2.14 ਕਰੋੜ ਠੱਗੇ

ਚੰਡੀਗੜ੍ਹ 19 ਜਨਵਰ। ਖਰੜ-ਰੋਪੜ ਹਾਈਵੇਅ ਨੇੜੇ ਜ਼ਮੀਨ ਵੇਚਣ ਦੇ ਨਾਂ 'ਤੇ 4 ਵਿਅਕਤੀਆਂ ਨੇ ਸੈਕਟਰ-27 ਦੇ ਵਸਨੀਕ ਤੋਂ 2 ਕਰੋੜ 14 ਲੱਖ ਰੁਪਏ ਦੀ ਧੋਖਾਧੜੀ ਕਰ ਲਈ। ਮੁਲਜ਼ਮਾਂ ਨੇ ਕਰੋੜਾਂ ਰੁਪਏ ਲੈਣ ਤੋਂ ਬਾਅਦ ਜ਼ਮੀਨ ਕਿਸੇ ਹੋਰ ਨੂੰ ਵੇਚ ਦਿੱਤੀ। ਸੈਕਟਰ-27 ਦੇ ਵਸਨੀਕ ਜਸਪਾਲ ਸਿੰਘ ਨੇ ਮਾਮਲੇ ਦੀ ਸ਼ਿਕਾਇਤ ਪੁਲਸ ਨੂੰ ਦਿੱਤੀ। ਆਰਥਿਕ ਅਪਰਾਧ ਸ਼ਾਖਾ ਪੁਲਸ ਨੇ ਮਾਮਲੇ ਦੀ ਜਾਂਚ ਕਰ ਕੇ ਸੰਦੀਪ ਕੌਰ, ਸਰਬਜੀਤ ਸਿੰਘ, ਰਵਿੰਦਰ ਕੌਰ ਅਤੇ ਤੇਜਪਾਲ ਸਿੰਘ ਖ਼ਿਲਾਫ਼ ਸਾਜ਼ਿਸ਼ ਰਚਣ, ਧੋਖਾਧੜੀ ਸਮੇਤ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੁਲਸ ਮਾਮਲੇ ਦੀ ਜਾਂਚ ਵਿਚ ਜੁੱਟੀ ਹੋਈ ਹੈ। ਸੈਕਟਰ-27 ਦੇ ਵਸਨੀਕ ਜਸਪਾਲ ਸਿੰਘ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਉਸ ਨੇ ਜ਼ਮੀਨ ਖਰੀਦਣੀ ਸੀ। ਉਸ ਦੀ ਮੁਲਾਕਾਤ ਸੰਦੀਪ ਕੌਰ, ਰਵਿੰਦਰ ਕੌਰ, ਤੇਜਪਾਲ ਸਿੰਘ ਨਾਲ ਹੋਈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਕੋਲ 29





ਕਨਾਲ ਪੰਜ ਮਰਲੇ ਜ਼ਮੀਨ ਖਰੜ-ਰੋਪੜ ਹਾਈਵੇ ਦੇ ਨੇੜੇ ਹੈ। ਜ਼ਮੀਨ ਦਾ ਸੌਦਾ 60 ਲੱਖ ਰੁਪਏ ਪ੍ਰਤੀ ਏਕੜ ਦੀ ਦਰ ਨਾਲ ਤੈਅ ਹੋਇਆ ਸੀ। ਸ਼ਿਕਾਇਤਕਰਤਾ ਨੇ 77 ਲੱਖ ਰੁਪਏ ਦੇ ਕੇ ਸਮਝੌਤੇ 'ਤੇ ਦਸਤਖਤ ਕੀਤੇ। ਸਮਝੌਤੇ ਤੋਂ ਬਾਅਦ ਸ਼ਿਕਾਇਤਕਰਤਾ ਨੇ ਕਿਸ਼ਤਾਂ 'ਚ ਮੁਲਜ਼ਮਾਂ ਨੂੰ ਅਤੇ ਤੇਜਪਾਲ ਸਿੰਘ ਖ਼ਿਲਾਫ਼ ਸਾਜ਼ਿਸ਼ ਰਚਣ, ਧੋਖਾਧੜੀ ਸਮੇਤ ਹੋਰ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਲਿਆ ਹੈ। ਪੁਲਸ ਮਾਮਲੇ ਦੀ ਜਾਂਚ ਵਿਚ ਕੁੱਲ 2 ਕਰੋੜ 14 ਲੱਖ 50 ਹਜ਼ਾਰ ਰੁਪਏ ਦੇ ਦਿੱਤੇ। ਇਸ ਰਕਮ ਦੀ ਅਦਾਇਗੀ ਕਰਨ ਤੋਂ ਬਾਅਦ ਵੀ ਮੁਲਜ਼ਮਾਂ ਨੇ ਨਾ ਤਾਂ ਜ਼ਮੀਨ ਦਾ ਕਬਜ਼ਾ ਦਿੱਤਾ ਅਤੇ ਨਾ ਹੀ ਸੇਲ ਡੀਡ ਤਿਆਰ ਕੀਤੀ। ਮੁਲਜ਼ਮਾਂ ਨੇ ਜਮੀਨ ਸ਼ਿਕਾਇਤਕਰਤਾ ਦੇ ਨਾਂ 'ਤੇ ਕਰਨ ਦੀ ਬਜਾਏ ਆਪਣੇ ਪਿਤਾ ਦੇ ਨਾਂ ਟਰਾਂਸਫਰ ਕਰ ਦਿੱਤੀ ਅਤੇ ਬਾਅਦ ਵਿਚ ਇਸ ਨੂੰ ਕਿਸੇ ਹੋਰ ਵਿਅਕਤੀ ਨੂੰ ਵੇਚ ਦਿੱਤੀ। ਮੁਲਜ਼ਮਾਂ ਨੇ ਸਮਝੌਤੇ ਵਿਚ ਜਾਅਲੀ ਦਸਤਖਤ ਕਰ ਕੇ ਸ਼ਿਕਾਇਤਕਰਤਾ ਨੂੰ ਧੋਖਾ ਦਿੱਤਾ।


ਜਿਲਾ ਚੋਣ ਦਫਤਰ
ਉੱਤਰ ਪੱਛਮੀ ਜਿਲ੍ਹਾ
ਡੀਸੀ ਦਫਤਰ ਕੰਪਲੈਕਸ, ਕੰਝਾਵਲਾ, ਦਿੱਲੀ-110081

ਜਨਤਕ ਨੋਟਿਸ

ਸਰਵ ਸਧਾਰਣ ਅਤੇ ਉੱਤਰ ਪੱਛਮੀ ਜਿਲੇ ਦੇ ਵੋਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਭਾਰਤ ਦੇ ਚੋਣ ਕਮਿਸ਼ਨ ਨੇ ਦਿੱਲੀ ਵਿਧਾਨ ਸਭਾ ਚੋਣਾਂ 2025 ਲਈ ਹੇਠਾਂ ਦਿੱਤੇ ਅਧਿਕਾਰੀਆਂ ਨੂੰ ਉੱਤਰ ਪੱਛਮੀ ਜਿਲੇ ਦੇ 7 ਵਿਧਾਨ ਸਭਾ ਚੋਣ ਖੇਤਰਾਂ ਲਈ ਜਨਰਲ/ਪੁਲਿਸ ਪਰਯਵੇਕਸ਼ਕ ਦੇ ਰੂਪ ਵਿਚ ਨਿਯੁਕਤ ਕੀਤਾ ਹੈ:-

| ਪਰਯਵੇਕਸ਼ਕ ਦਾ ਨਾਮ | ਵਿਧਾਨ ਸਭਾ ਖੇਤਰ ਦਾ ਨਾਮ ਅਤੇ ਸੰਖਿਆ | ਸੰਪਰਕ ਨੰ/ ਈਮੇਲ ਆਈਡੀ | ਜਨਤਕ ਮੀਟਿੰਗ ਦੀ ਮਿਤੀ ਅਤੇ ਸਮਾਂ | ਦਫਤਰ ਦਾ ਪਤਾ |
|---|---|---|---|---|
| ਸ੍ਰੀ ਰਾਹੁਲ ਸਿੰਘ, IAS (2012) (ਜਨਰਲ ਸੁਪਰਵਾਈਜਰ) | ਰਿਠਾਲਾ (06) | 9773504708 rsingh.observer @gmail.com | ਸ਼ਾਮ 4:30 ਤੋਂ ਸ਼ਾਮ 5:30 ਵਜੇ ਤੱਕ ਮੰਗਲਵਾਰ, ਬੁੱਧਵਾਰ ਅਤੇ ਵੀਰਵਾਰ | ਬਲਾਕ-ਬੀ, ਗਰਾਊਂਡ ਫਲੋਰ, ਕਮਰਾ ਨੰ. 1 (ਸੱਜੇ ਪਾਸੇ), ਛੋਟੂ ਰਾਮ ਗ੍ਰਾਮੀਣ ਪ੍ਰੋਧੋਗਿਕੀ ਸੰਸਥਾਨ, ਨਰੇਲਾ ਰੋਡ, ਘੇਵਰਾ, ਦਿੱਲੀ-110081 |
| ਸ੍ਰੀ ਬਿਪਿਨ ਮਾਂਝੀ, IAS (2009) (ਜਨਰਲ ਸੁਪਰਵਾਈਜਰ) | ਮੁੰਡਕਾ (08), ਕਿਰਾਰੀ (09) | 9289288008 gen.obs.0809 @gmail.com | ਸਮਾਂ ਸਵੇਰੇ 11:00 ਵਜੇ ਤੋਂ 12:00 ਵਜੇ ਤੱਕ | 107, ਸੀ-ਬਲਾਕ, ਪਹਿਲੀ ਮੰਜਿਲ, ਛੋਟੂ ਰਾਮ ਗ੍ਰਾਮੀਣ ਪ੍ਰੋਧੋਗਿਕੀ ਸੰਸਥਾਨ, ਨਰੇਲਾ ਰੋਡ, ਘੇਵਰਾ, ਦਿੱਲੀ-110081 |
| ਸ੍ਰੀ ਸੌਰਭ ਸਵਾਮੀ, IAS (2015) (ਜਨਰਲ ਸੁਪਰਵਾਈਜਰ) | ਸੁਲਤਾਨਪੁਰ ਮਾਜਰਾ (10), | 9220766207 gen.obz.ac10 @gmail.com | (ਦੁਪਹਿਰ 12:00 ਤੋਂ 2:00 ਵਜੇ ਤੱਕ 21.01.2025 23.01.2025, 24.01.2025 | ਕਮਰਾ ਨੰ. 405, ਚੌਥੀ ਮੰਜਿਲ, ਮੰਗੋਲਪੁਰੀ ਆਈਟੀਆਈ, ਦਿੱਲੀ-110083 |
| ਸ੍ਰੀ ਅਨੁਰਾਗ ਯਾਦਵ, IAS (2000) (ਜਨਰਲ ਸੁਪਰਵਾਈਜਰ) | ਮੰਗੋਲਪੁਰੀ (12) ਸ਼ਾਲੀਮਾਰ ਬਾਗ (14), ਤ੍ਰਿ ਨਗਰ (16) | 9220545428 gen.obs.ac121416 @gmail.com (ਹਮੇਸ਼ਾ ਮੋਬਾਈਲ 'ਤੇ ਸੰਪਰਕ ਕੀਤਾ ਜਾ ਸਕਦਾ ਹੈ) | ਦੁਪਹਿਰ 12:00 ਤੋਂ 1:00 ਵਜੇ ਤੱਕ ਮੰਗਲਵਾਰ, ਵੀਰਵਾਰ ਅਤੇ ਸ਼ੁੱਕਰਵਾਰ | ਕਮਰਾ ਨੰ. 1, ਕਸਤੂਰਬਾ ਡੀਐਸਈਯੂ, ਪੀਤਮਪੁਰਾ, ਨਵੀਂ ਦਿੱਲੀ - 110088 |
| ਸ੍ਰੀਮਤੀ ਗਗਨਦੀਪ ਗੰਭੀਰ, IPS (2004) (ਪੁਲਿਸ ਸੁਪਰਵਾਈਜਰ) | ਉੱਤਰ ਪੱਛਮੀ ਜਿਲ੍ਹੇ ਦੇ ਅਧੀਨ ਸਾਰੇ 07 ਵਿਧਾਨ ਸਭਾ ਹਲਕੇ (ਯਾਨੀ AC-6, 8, 9, 10, 12, 14 ਅਤੇ 16) | 9220335082 policeobservernw @gmail.com | ਦੁਪਹਿਰ 3:00 ਵਜੇ ਤੋਂ 4:00 ਵਜੇ ਤੱਕ ਸੋਮਵਾਰ, ਬੁੱਧਵਾਰ ਅਤੇ ਸ਼ੁੱਕਰਵਾਰ | ਕਮਰਾ ਨੰ. 27, ਡੀਸੀ ਆਫਿਸ ਕੰਪਲੈਕਸ, ਕਾਂਝਵਾਲਾ, ਦਿੱਲੀ-110081 |

ਜਨਰਲ ਸੁਪਰਵਾਈਜਰ/ਪੁਲਿਸ ਸੁਪਰਵਾਈਜਰ ਉਪਰੋਕਤ ਸਾਰਣੀ ਵਿੱਚ ਦੱਸੇ ਗਏ ਸਮੇਂ/ਤਾਰੀਖ/ਸਥਾਨ ਦੇ ਅਨੁਸਾਰ ਸਾਰੇ ਕੰਮਕਾਜੀ ਦਿਨਾਂ ਵਿੱਚ ਆਮ ਲੋਕਾਂ ਲਈ ਉਪਲਬਧ ਹੋਣਗੇ।

(ਅੰਕਿਤਾ ਆਨੰਦ, ਆਈਏਐਸ)
ਜਿਲ੍ਹਾ ਚੋਣ ਅਫਸਰ
ਉੱਤਰੀ-ਪੱਛਮੀ ਜਿਲ੍ਹਾ

DIP/Shabdarth/Classified/0396/24-25



**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI

# ਪਰਫਿਊਮ ਨਾਲ ਹੋ ਸਕਦੀ ਹੈ ਐਲਰਜੀ

ਗਰਮੀ 'ਚ ਪਸੀਨੇ ਦੀ ਬਦਬੂ ਤੋਂ ਛੁਟਕਾਰਾ ਪਾਉਣ ਲਈ ਸਾਰੇ ਲੋਕ ਡੀਓ ਜਾਂ ਪਰਫਿਊਮ ਦਾ ਇਸਤੇਮਾਲ ਕਰਦੇ ਹਨ ਪਰ ਇਸ 'ਚ ਕਈ ਤਰ੍ਹਾਂ ਦੇ ਕੈਮਿਕਲ ਮਿਲੇ ਹੁੰਦੇ ਹਨ ਜੋ ਸਕਿੱਨ ਲਈ ਨੁਕਸਾਨਦੇਹ ਹੋ ਸਕਦੇ ਹਨ। ਜ਼ਰੂਰਤ ਤੋਂ ਜ਼ਿਆਦਾ ਇਨ੍ਹਾਂ ਚੀਜ਼ਾਂ ਦੀ ਵਰਤੋਂ ਕਰਨ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਜਿਵੇਂ ਅਸਥਮਾ, ਕੈਂਸਰ, ਐਲਰਜੀ ਆਦਿ ਹੋ ਸਕਦੀ ਹੈ। ਆਓ ਜਾਣਦੇ ਹਾਂ ਪਰਫਿਊਮ ਤੇ ਡੀਓ ਨਾਲ ਕੀ-ਕੀ ਨੁਸਕਾਨ ਹੋ ਸਕਦੇ ਹਨ।

- ਪਰਫਿਊਮ 'ਚ ਪ੍ਰੋਪੀਲਿਨ ਤੇ ਗਲਾਏਸੋਲ ਤੱਤ ਹੁੰਦੇ ਹਨ। ਇਹ ਦੋਵੇਂ ਰਸਾਇਣ ਸਰੀਰ 'ਚ ਐਲਰਜੀ ਰੀਐਕਸ਼ਨ ਪੈਦਾ ਕਰਦੇ ਹਨ। ਇਸ ਦੇ ਇਲਾਵਾ ਇਹ ਰਸਾਇਣ ਕਿਡਨੀ ਡੈਮਜ ਦਾ ਕਾਰਨ ਵੀ ਬਣ ਸਕਦੇ ਹਨ। ਪਸੀਨਾ ਘੱਟ ਕਰ ਜਾਂ ਬਦਬੂ ਤੋਂ ਛੁਟਕਾਰਾ ਪਾਉਣ ਲਈ ਵਰਤੇ ਜਾਣ ਵਾਲੇ ਇਹ ਰਸਾਇਣ ਪਸੀਨੇ ਦੀ ਪ੍ਰਕਿਰਿਆ ਨੂੰ ਰੋਕਦੇ ਹਨ ਜਿਸ ਦੇ ਕਾਰਨ ਸਰੀਰ 'ਚ ਆਸੇਰਨੀਕ, ਕੈਡਮਿਅਮ, ਲੀਡ ਤੇ ਸਰਕਰੀ ਵਰਗੇ ਤੱਤ ਹੁੰਦੇ ਹਨ ਜੋ ਕਈ ਤਰ੍ਹਾਂ ਦੀਆਂ ਸਮੱਸਿਆ ਨੂੰ ਨੇੜੇ ਲੈ ਕੇ ਆਉਂਦੇ ਹਨ।
- ਪਰਫਿਊਮ ਜਾਂ ਡੀਓ ਨੂੰ ਐਂਟੀਬੈਕਟੀਰੀਆ ਬਣਾਉਣ ਲਈ ਟ੍ਰਾਈਕਲੋਸ਼ਨ ਕੈਮਿਕਲ ਦਾ ਇਸਤੇਮਾਲ ਕੀਤਾ ਜਾਂਦਾ ਹੈ। ਇਹ ਕੈਮਿਕਲ ਸਰੀਰ 'ਚ ਮੌਜੂਦ ਵਧੀਆ ਐਂਟੀ-ਬੈਕਟੀਰੀਆ ਨੂੰ ਨਸ਼ਟ ਕਰ ਦਿੰਦੇ ਹਨ। ਜਿਸ ਦੇ ਕਾਰਨ ਸਕਿੱਨ ਨੂੰ ਐਲਰਜੀ ਹੋਣੀ ਸ਼ੁਰੂ ਹੋ ਜਾਂਦੀ ਹੈ।



### ਉਪਾਅ

- ਪਰਫਿਊਮ ਜਾਂ ਡੀਓ ਦੇ ਕਾਰਨ ਸਕਿੱਨ 'ਤੇ ਐਲਰਜੀ ਹੋ ਜਾਵੇ ਤਾਂ ਉਸ ਜਗ੍ਹਾ ਨੂੰ ਠੰਢੇ ਪਾਣੀ ਨਾਲ ਧੋਵੋ। ਇਸ ਨਾਲ ਕਾਫ਼ੀ ਰਾਹਤ ਮਿਲੇਗੀ।

# ਭਾਰ ਘਟਣਾ ਜਾਂ ਵਧਣਾ ਬਿਮਾਰੀਆਂ ਦਾ ਸੰਕੇਤ

ਡਾ. ਮਨਜੀਤ ਸਿੰਘ ਬੱਲ

ਜੇ ਕੋਈ ਵਿਅਕਤੀ ਭੁੱਖ-ਹੜਤਾਲ 'ਤੇ ਹੋਵੇ ਜਾਂ ਕਿਸੇ ਭੂਗੋਲਿਕ ਖੇਤਰ ਵਿਚ ਭੋਜਨ ਦੀ ਘਾਟ ਹੋਵੇ ਤਾਂ ਭਾਰ ਘਟਣ ਦਾ ਕਾਰਨ ਸਾਹਮਣੇ ਹੁੰਦਾ ਹੈ ਪਰ ਜੇ ਕੋਈ ਕਾਰਨ ਨਾ ਦਿਖਾਈ ਦੇਵੇ ਤਾਂ ਵੀ ਭਾਰ ਘੱਟ ਰਿਹਾ ਹੈ ਤਾਂ ਜਾਂਚ ਅਤੇ ਟੈਸਟ ਕਰਵਾਉਣੇ ਜ਼ਰੂਰੀ ਹਨ। ਇਸ ਤਰ੍ਹਾਂ ਭਾਰ ਦਾ ਘਟਣਾ ਭਾਵੇਂ ਸਾਨੂੰ ਬੇ-ਵਜ੍ਹਾ ਲਗਦਾ ਹੈ ਪਰ ਇਸ ਦੇ ਕਾਰਨ ਸਾਨੂੰ ਇਕ ਦਮ ਜਾਂ ਜਾਂਚ ਤੋਂ ਬਿਨਾਂ ਪਤਾ ਨਹੀਂ ਲਗਦੇ।

### ਕਾਰਨ

ਪਾਚਨ ਪ੍ਰਣਾਲੀ ਜਾਂ ਅੰਤੜੀ ਰੋਗ, ਟੀ. ਬੀ, ਸ਼ੂਗਰ , ਲੰਮੇ ਸਮੇਂ ਦਾ ਰੋਗ, ਥਾਇਰਾਇਡ , ਗੁਰਦਾ-ਰੋਗ, ਦਿਲ ਦੀ ਬੀਮਾਰੀ, ਭੁੱਖਮਰੀ, ਭੁੱਖ-ਹੜਤਾਲ, ਕੈਂਸਰ, ਏਡਜ਼।

### ਪਾਚਨ ਪ੍ਰਣਾਲੀ ਤੇ ਅੰਤੜੀ ਰੋਗ

ਪਾਚਨ ਪ੍ਰਣਾਲੀ ਵਿਚ ਬਿਮਾਰੀ ਕਾਰਨ ਰੁਕਾਵਟ ਜੋ ਫ਼ੂਡ-ਪਾਇਪ, ਮਿਹਦੇ ਜਾਂ ਵੱਡੀ ਅੰਤੜੀ ਦਾ ਕੈਂਸਰ ਕਰ ਕੇ ਹੁੰਦੀ ਹੈ। ਇਕ ਮਨੋਰੋਗ ਜੋ ਆਮ ਕਰ ਕੇ ਕੁੜੀਆਂ ਜਾਂ ਔਰਤਾਂ ਵਿਚ ਹੁੰਦਾ ਹੈ, ਜਿਸ ਵਿਚ ਮਰੀਜ਼ ਆਪਣੇ ਹੀ ਵਾਲ ਖਾਈ ਜਾਂਦੀ ਹੈ ਤੇ ਕੁਝ ਮਹੀਨਿਆਂ ਜਾਂ ਸਾਲ ਬਾਅਦ ਢਿੱਡ ਵਿਚ ਇਕ ਗੋਲਾ ਜਿਹਾ ਬਣ ਜਾਂਦਾ ਹੈ। ਜਿਸ ਕਰਕੇ ਭਾਰ ਘੱਟ ਜਾਂਦਾ ਹੈ ਕਿਉਂਕਿ ਮਿਹਦੇ ਵਿਚ ਤਾਂ ਵਾਲ਼ਾਂ ਦਾ ਗੁੱਛਾ ਹੁੰਦਾ ਹੈ ਭੋਜਨ ਨੂੰ ਪਚਾਉਣ 'ਚ ਪਰੇਸ਼ਾਨੀ ਦਿੰਦਾ ਹੈ। ਇਸ ਨੂੰ ਟਰਾਇਕੋ-ਬੇਜ਼ੋਆਰ ਕਿਹਾ ਜਾਂਦਾ ਹੈ। ਵੱਡੇ ਆਪਰੇਸ਼ਨ ਨਾਲ ਵਾਲ਼ਾਂ ਦਾ ਇਹ ਗੱਛਾ ਕੱਢਿਆ ਜਾਂਦਾ ਹੈ ਜੋ ਮਿਹਦੇ ਦੇ ਸੱਚੇ ਵਿਚ ਢਲ ਕੇ ਉਸੇ ਸ਼ਕਲ ਦਾ ਬਣ ਜਾਂਦਾ ਹੈ । ਆਪਰੇਸ਼ਨ ਤੋਂ ਬਾਅਦ ਰੋਗੀ ਦੀ ਭੁੱਖ ਤੇ ਭਾਰ ਠੀਕ ਹੋ ਜਾਂਦੇ ਹਨ। ਇਸ ਤਰ੍ਹਾਂ ਦੇ ਕਾਫ਼ੀ ਕੇਸ ਵੇਖਣ ਵਿਚ ਆਉਂਦੇ ਹਨ। ਪਾਚਨ-ਰਸਾਂ ਦੀ ਘਾਟ, ਆਪਰੇਸ਼ਨ ਦੁਆਰਾ ਪਾਚਨ-ਪ੍ਰਣਾਲੀ ਦਾ ਕਾਫ਼ੀ ਹਿੱਸਾ ਕੱਢਿਆ ਜਾਣਾ, ਤੇਜ਼ਾਬੀ-ਪਣ, ਮਿਹਦੇ ਜਾਂ ਅੰਤੜੀਆਂ ਦੇ ਕੈਂਸਰ, ਅੰਤੜੀਆਂ ਵਿਚ ਪੋਲੀਪੋਸਿਸ, ਅੰਤੜੀਆਂ ਦੇ ਪੈਰਾਸਾਇਟਸ, ਕੁਝ ਵਿਅਕਤੀਆਂ ਵਿਚ ਕਿਸੇ ਖ਼ਾਸ ਭੋਜਨ ਪ੍ਰਤੀ ਅਲਰਜੀ ਆਦਿ ਕਰ ਕੇ ਸਰੀਰ ਨੂੰ ਭੋਜਨ ਤੋਂ ਤਾਕਤ ਨਹੀਂ ਮਿਲਦੀ ਜਿਸ ਨਾਲ ਭਾਰ ਵਧਦਾ ਜਾਂ ਘਟਦਾ ਹੈ। ਅੰਤੜੀ ਦੇ ਹੋਰ ਰੋਗ ਜਿਵੇਂ-ਸੀਲੀਅਕ ਡਿਜ਼ੀਜ਼, ਪੈਪਟਿਕ ਅਲਸਰ, ਕਰੋਹਨ ਡਿਸਈਜ਼, ਅਲਸਰੇਟਿਵ ਕੋਲਾਇਟਿਸ, ਪੈਨਕਰੀਏਟਾਇਟਿਸ ਆਦਿ ਭਾਰ ਘਟਾਉਂਦੇ ਹਨ। ਟੀ. ਬੀ ਦੇ ਮਰੀਜ਼ ਦਾ ਭਾਰ ਇਸ ਲਈ ਘਟਦਾ ਹੈ ਕਿ ਇਸ ਰੋਗ ਦਾ ਕਾਰਨ ਬਣਣ ਵਾਲੇ ਬੈਕਟੀਰੀਆ-ਮਾਈਕੋਬੈਕਟੀਰੀਅਮ ਟਿਊਬਰਕਲੋਸਿਸ ਇਹ ਢੀਠ ਕਿਸਮ ਦੇ ਰੋਗਾਣੂ ਹਨ ਜੋ ਸਰੀਰ ਦੇ ਸੁਰੱਖਿਆ ਸਿਸਟਮ ਜਾਂ ਇਮਿਊਨ ਸਿਸਟਮ ਦੇ ਕਾਬੂ ਨਹੀਂ ਆਉਂਦੇ। ਇਹ ਸਿਸਟਮ ਉਸ ਨੂੰ ਖ਼ਤਮ ਨਹੀਂ ਕਰ ਸਕਦਾ ਜਿਸ ਕਰ ਕੇ ਬਿਮਾਰੀ ਲੰਮੀ ਹੋ ਜਾਂਦੀ ਹੈ। ਸਾਰੀ ਤਾਕਤ ਇਹ ਬੈਕਟੀਰੀਆ ਖਿੱਚ ਲੈਂਦੇ ਹਨ ਤੇ ਸਰੀਰ ਕਮਜ਼ੋਰ ਹੋ ਜਾਂਦਾ ਹੈ। ਇਸ ਰੋਗ ਵਿਚ ਵੀ ਵਿਅਕਤੀ ਨੂੰ ਪਤਾ ਨਹੀਂ ਲਗਦਾ ਕਿ ਉਸ ਨੂੰ ਟੀ. ਬੀ ਹੈ, ਕਮਜ਼ੋਰੀ ਵਧਦੀ ਜਾਂਦੀ ਹੈ ਤੇ ਭਾਰ ਘਟਦਾ ਜਾਂਦਾ।

### ਸ਼ੂਗਰ

ਜੇ ਕਿਸੇ ਵਿਅਕਤੀ ਦੇ ਸਰੀਰ ਦਾ ਭਾਰ ਪਹਿਲਾ ਨਾਰਮਲ ਸੀ ਜਾਂ ਥੋੜ੍ਹਾ ਮੋਟਾਪਾ ਸੀ ਪਰ ਕੁਝ ਮਹੀਨਿਆਂ ਵਿਚ ਹੀ ਬਿਨਾਂ ਕਿਸੇ ਕਾਰਨ ਭਾਰ 6 ਕਿਲੋ ਘੱਟ ਗਿਆ ਤਾਂ ਸਮਝੋ ਕਿ ਕੋਈ ਸਮੱਸਿਆ ਹੈ। ਪਿਸ਼ਾਬ ਟੈਸਟ ਕਰਵਾਉਣ 'ਤੇ ਪਤਾ ਲੱਗਦਾ ਕਿ ਸ਼ੂਗਰ ਹੋ ਗਈ ਹੈ। ਜਦ ਇਨਸੂਲਿਨ ਦੀ ਮਾਤਰਾ ਘੱਟ ਜਾਵੇ ਜਾਂ ਇਸ ਦਾ ਅਸਰ ਘੱਟ ਜਾਵੇ ਤਾਂ ਬੰਦੇ ਨੂੰ ਸ਼ੂਗਰ ਹੋ ਜਾਂਦੀ ਹੈ। ਟਾਇਪ 2 ਵਾਲੀ ਸ਼ੂਗਰ ਹੌਲੀ-ਹੌਲੀ ਸ਼ੁਰੂ ਹੁੰਦੀ ਹੈ। ਕਈ ਲੋਕਾਂ ਨੂੰ ਬਹੁਤ ਸਾਲਾਂ ਤੋਂ ਮਾੜੇ-ਮੋਟੇ ਲੱਛਣ ਦਿਖਾਈ ਦਿੰਦੇ ਹਨ ਜਿਸ ਨੂੰ ਅਸੀਂ ਅਣਗੌਲਿਆ ਕਰ ਦਿੰਦੇ ਜਾਂ ਹੋ ਜਾਂਦੇ ਹਨ ਤੇ ਕਈ-ਕਈ ਸਾਲ ਡਾਇਗੋਸਿਸ ਹੀ ਨਹੀਂ ਬਣਦਾ ਪਰ ਕਈ ਵਿਚ ਵਧੇਰੇ ਭੁੱਖ, ਵਧੇਰੇ ਪਿਆਸ ਤੇ ਵਧੇਰੇ ਪਿਸ਼ਾਬ ਵਾਲੇ ਤਿੰਨੇ ਲੱਛਣਾਂ ਦੇ ਨਾਲ-ਨਾਲ ਥਕਾਵਟ, ਕਮਜ਼ੋਰੀ, ਭਾਰ ਦਾ ਘਟਣਾ, ਨਜ਼ਰ ਘਟਣੀ, ਹੱਥਾਂ-ਪੈਰਾਂ ਵਿਚ ਕੀੜੀਆਂ ਤੁਰਨੀਆਂ ਆਦਿ ਲਛਣ ਦਿਖਾਈ ਦਿੰਦੇ ਹਨ। ਭਾਰ ਘਟਣਾ ਅਤੇ ਬਾਕੀ ਲੱਛਣ ਇਸ ਗੱਲ 'ਤੇ ਨਿਰਭਰ ਕਰਦੇ ਹਨ ਕਿ ਪਿਸ਼ਾਬ ਅਤੇ ਖ਼ੂਨ ਵਿਚ ਗਲੂਕੋਜ਼ ਦਾ ਲੈਵਲ ਕਿੰਨਾ ਕੁ ਹੈ। ਜੇ ਇਹ ਲੈਵਲ ਕਾਫ਼ੀ ਸਮੇਂ ਤੋਂ ਵੱਧ ਹੈ ਤਾਂ ਇਹ ਲੱਛਣ ਵਧੇਰੇ ਹੋਣਗੇ। ਸ਼ੂਗਰ ਦੇ ਰੋਗੀਆਂ ਨੂੰ ਚਾਹੀਦਾ ਹੈ ਕਿ ਦਵਾਈਆਂ, ਪਰਹੇਜ਼ ਤੇ ਕਸਰਤ ਨਾਲ ਆਪਣੇ ਸ਼ੂਗਰ ਲੈਵਲ ਨੂੰ ਕੰਟਰੋਲ ਵਿਚ ਰੱਖਣ। ਬਾਕੀ ਕੰਮਾਂ ਦੇ ਨਾਲ-ਨਾਲ ਥਾਇਰਾਇਡ ਹਾਰਮੋਨਜ਼, ਬੇਸਲ ਮੈਟਾਬੋਲਿਕ ਰੇਟ (ਬੀ. ਐਮ.ਆਰ.) ਨੂੰ ਕੰਟਰੋਲ ਕਰ ਕੇ ਸਰੀਰ ਦੇ ਭਾਰ ਨੂੰ ਰੈਗੂਲੇਟ ਕਰਦਾ ਹੈ। ਜਿਨ੍ਹਾਂ ਵਿਅਕਤੀਆਂ ਵਿਚ ਇਸ ਹਾਰਮੋਨਜ਼ ਦੀ ਘਾਟ ਹੋ ਜਾਂਦੀ ਹੈ ਉਨ੍ਹਾਂ ਦੀ ਭੁੱਖ ਘਟਣ ਦੇ ਬਾਵਜੂਦ ਭਾਰ ਵੱਧ ਜਾਂਦਾ ਹੈ ਤੇ ਚਮੜੀ 'ਤੇ ਹਥੇਲੀਆਂ ਸਖ਼ਤ ਤੇ ਖੁਸ਼ਕ ਹੋ ਜਾਂਦੀਆਂ ਹਨ, ਨਬਜ਼ ਦੀ ਦਰ ਘੱਟ ਜਾਂਦੀ ਹੈ, ਪਸੀਨਾ ਘੱਟ ਆਉਂਦਾ ਹੈ, ਗਰਮੀ ਘੱਟ ਤੇ ਠੰਢ ਵਧੇਰੇ ਲਗਦੀ ਹੈ। ਜਦ ਇਹ ਹਾਰਮੋਨਜ਼ ਜ਼ਿਆਦਾ ਬਣਨ ਲੱਗੇ ਤਾਂ ਨਬਜ਼ ਤੇਜ਼, ਜ਼ਿਆਦਾ ਭੁੱਖ, ਭਾਰ ਦਾ ਘਟਣਾ, ਚਮੜੀ, ਹਥੇਲੀਆਂ ਗਰਮ ਤੇ ਸਿਲ੍ਹੀਆਂ, ਬਲੱਡ-ਪ੍ਰੈਸ਼ਰ ਜ਼ਿਆਦਾ, ਵਧੇਰੇ ਗਰਮੀ ਲਗਣੀ, ਦਿਲ ਧੱਕ-ਧੱਕ ਵੱਜਣਾ, ਭੁੱਖ ਜ਼ਿਆਦਾ ਤੇ ਭਾਰ ਘੱਟ ਜਾਣਾ।

### ਕੈਂਸਰ

ਭਾਰ ਘਟਣ ਦਾ ਇਕ ਆਮ ਹੀ ਕਾਰਨ ਹੈ ਕੈਂਸਰ ਜੋ ਘਾਤਕ ਸਿੱਧ ਹੁੰਦਾ ਹੈ। ਬਿਨਾਂ ਕਿਸੇ ਕਾਰਨ ਤੋਂ ਸਰੀਰ ਦਾ ਭਾਰ ਘੱਟ ਰਿਹਾ ਹੋਵੇ ਤਾਂ ਇਸ ਦੇ ਕੁੱਲ ਕਾਰਨਾਂ ਦਾ ਤੀਜਾ ਹਿੱਸਾ ਕੈਂਸਰ ਹੁੰਦੇ ਹਨ, ਮਿਹਦੇ ਤੇ ਅੰਤੜੀਆਂ, ਗਦੂਦਾਂ , ਜਿਗਰ, ਪੈਂਕਰੀਆਜ਼, ਔਰਤਾਂ ਵਿਚ ਅੰਡਕੋਸ਼ ਓਵਰੀ ਤੇ ਫੇਫੜਿਆਂ ਜਾਂ ਖ਼ੂਨ ਦਾ ਕੈਂਸਰ। ਕੈਂਸਰ ਵਿਸ਼ੇ ਅੰਦਰ ਇਕ ਲਫ਼ਜ਼ ਆਉਂਦਾ ਹੈ 'ਕੈਂਸਰ ਕੇਕੈਕਸੀਆ'। ਕੇਕੈਕਸੀਆ ਇਕ ਯੂਨਾਨੀ ਸ਼ਬਦ ਹੈ ਜਿਸ ਦਾ ਮਤਲਬ ਹੈ 'ਖੁਰ ਜਾਣਾ' ਜਾਂ ਹੌਲੀ-ਹੌਲੀ ਕਰਕੇ ਘਟਦੇ-ਘਟਦੇ ਖ਼ਤਮ ਹੋ ਜਾਣਾ। ਸਰੀਰ ਖੁਰਦਾ ਜਾ ਰਿਹਾ ਹੋਵੇ ਤਾਂ ਪੂਰੀ ਜਾਂਚ ਕਰਵਾਉਣੀ ਚਾਹੀਦੀ ਹੈ ਕਿ ਕਿਤੇ ਕੈਂਸਰ ਹੀ ਨਾ ਹੋਵੇ। ਕੈਂਸਰ ਦੇ ਰੋਗੀਆਂ ਵਿਚ ਸਰੀਰ ਦਾ ਭਾਰ ਨਿਮਨ ਅਨੁਸਾਰ ਘਟਦਾ ਹੈ ਕਿਉਂਕਿ ਭੁੱਖ ਵੀ ਘਟਦੀ ਹੈ ਇਸ ਲਈ ਘੱਟ ਆਹਾਰ ਕਰ ਕੇ ਭਾਰ ਵਿਚ ਘਾਟ ਆਉਂਦੀ ਹੈ ਜਿਸ ਬਾਰੇ ਕੈਂਸਰ ਡਾਇਗੋਜ਼ ਹੋਣ ਤੋਂ ਪਹਿਲਾਂ ਵਿਅਕਤੀ ਨੂੰ ਪਤਾ ਹੀ ਨਹੀਂ ਲਗਦਾ। ਕਈ ਵਾਰ ਕੈਂਸਰ ਦੀ ਗਿਲ੍ਹਟੀ ਜਾਂ ਜੜ੍ਹਾਂ ਜਾਂ ਮੈਂਟਾਸਟੇਸਿਸ ਸਰੀਰ ਦੇ ਇਸ ਤਰ੍ਹਾਂ ਦੇ ਅੰਗ ਜਾਂ ਥਾਂ 'ਤੇ ਹੁੰਦੀ ਹੈ ਜੋ ਭੋਜਨ ਦੇ ਰਸਤੇ ਵਿਚ ਰੁਕਾਵਟ ਬਣ ਰਿਹਾ ਹੋਵੇ ਜਿਵੇਂ ਮਿਹਦੇ ਦਾ ਜਾਂ ਅੰਤੜੀਆਂ ਦਾ ਤਾਂ ਇਸ ਨਾਲ ਪੂਰਾ ਭੋਜਨ ਪਹੁੰਚਦਾ ਹੀ ਨਹੀਂ।

### ਏਡਜ਼

ਇਸ ਰੋਗ ਦੇ ਮਰੀਜ਼ਾਂ ਵਿਚ ਭਾਰ ਘਟਣ ਦੇ ਲੱਛਣ ਹੁੰਦੇ ਹਨ ਤੇ ਆਖ਼ਰੀ ਸਟੇਜ 'ਤੇ ਉਹ ਸਿਰਫ਼ ਹੱਡੀਆਂ ਦੀ ਮੁੱਠ ਰਹਿ ਜਾਂਦਾ ਹੈ। ਮੌਤ ਤੋਂ ਪਹਿਲਾਂ ਉਹ ਜ਼ਰੂਰ ਸੋਚਦਾ ਹੈ 'ਅਬ ਪਛਤਾਏ ਕਿਆ ਕਰੇ ਜਬ ਚਿੜੀਆਂ ਚੁਗ ਗਈ ਖੇਤ'

### ਗੁਰਦਾ ਰੋਗ

ਗੁਰਦੇ ਫੇਲ੍ਹ ਹੋ ਜਾਣ ਤਾਂ ਭੁੱਖ ਘੱਟ ਅਤੇ ਉਲਟੀਆਂ ਆਉਣ ਕਰ ਕੇ ਸਰੀਰ ਦਾ ਭਾਰ ਘੱਟ ਜਾਂਦਾ ਹੈ। ਇਸ ਬਾਰੇ ਵੀ ਚੇਤੰਨ ਰਹੋ ਕਿ ਗੁਰਦਾ ਰੋਗ ਵੀ ਭਾਰ ਘਟਾਉਂਦਾ ਹੈ।

### ਦਿਲ ਦੇ ਰੋਗ

ਜਿਵੇਂ ਕੌਂਜੈਸਟਿਵ ਹਾਰਟ ਫੇਲਿਓਰ, ਫੇਫੜਿਆਂ ਦੀਆਂ ਕੁਝ ਬਿਮਾਰੀਆਂ ਜਿਵੇਂ ਟੀ.ਬੀ ਤੇ ਹੋਰ ਸਾਹ ਦੀ ਰੁਕਾਵਟ ਪੈਦਾ ਕਰਨ ਵਾਲੇ ਰੋਗ, ਕੁਝ ਨਿਊਰੋਲੋਜੀਕਲ ਬਿਮਾਰੀਆਂ ਜਿਵੇਂ ਡਿਮੈਂਸ਼ੀਆ ਆਦਿ ਨਾਲ ਵੀ ਸਰੀਰ ਦਾ ਭਾਰ ਘੱਟ ਜਾਂਦਾ ਹੈ। ਵਧਦੀ ਉਮਰ ਭਾਵ ਬੁਢਾਪੇ ਵਾਲੀ ਉਮਰੇ ਉਂਝ ਭਾਵੇਂ ਕੋਈ ਵੀ ਤਕਲੀਫ਼ ਨਾ ਹੋਵੇ, ਏਜਿੰਗ ਪ੍ਰੋਸੈਸ ਨਾਲ ਵੀ ਭਾਰ ਘਟਦਾ ਹੈ। ਇਸ ਉਮਰ ਵਿਚ ਖ਼ੂਨ ਦੀਆਂ ਨਸਾਂ ਵਿਚ ਵਹਾ ਦੀ ਗਤੀ ਘੱਟ ਜਾਂਦੀ ਹੈ ਅਤੇ ਸਰੀਰ ਦੇ ਪੱਠਿਆਂ ਤੇ ਸੈਲਾਂ ਨੂੰ ਮਿਲਣ ਵਾਲੀ ਪੌਸ਼ਟਿਕਤਾ ਦੇ ਘਟਣ ਕਾਰਨ ਕਮਜ਼ੋਰੀ ਰਹਿੰਦੀ ਸਰੀਰ ਕਈ ਵਾਰ ਕੰਬਣਾ ਸ਼ੁਰੂ ਹੋ ਜਾਂਦਾ ਹੈ।

83508 00237

*ਕੇਂਦਰ ਸਰਕਾਰ ਨੇ ਸੰਨ 2008 ਵਿਚ ਜਨ ਔਸ਼ਧੀ ਕੇਂਦਰ ਖੋਲ੍ਹਣ ਦੀ ਸ਼ੁਰੂਆਤ ਕੀਤੀ ਸੀ। ਇਸ ਯੋਜਨਾ ਦਾ ਮਤਲਬ ਭਾਰਤ ਦੇ ਆਮ ਨਾਗਰਿਕ ਨੂੰ ਘੱਟ ਕੀਮਤ 'ਤੇ ਦਵਾਈਆਂ ਪਹੁੰਚਾਉਣਾ ਸੀ। 27, ਫਰਵਰੀ 2018 ਤਕ 3195 ਅਜਿਹੀਆਂ ਦੁਕਾਨਾਂ ਸਾਰੇ ਭਾਰਤ ਦੇਸ਼ ਵਿਚ ਖੁੱਲ੍ਹ ਚੁੱਕੀਆਂ ਹਨ...*

# ਜੈਨੇਰਿਕ ਦਵਾਈਆਂ ਦਾ ਗੋਰਖਧੰਦਾ



ਡਾ. ਜਵਾਹਰ ਧੀਰ
98726-25435



ਅੱਜ ਜਿੰਨ੍ਹੀਆਂ ਕਹਾਣੀਆਂ ਡਾਕਟਰਾਂ, ਕੈਮਿਸਟਾਂ ਤੇ ਵੱਡੇ ਹਸਪਤਾਲਾਂ ਦੀਆਂ ਸੁਣੀਆਂ-ਸੁਣਾਇਆਂ ਜਾਂਦੀਆਂ ਹਨ, ਉਹ ਸ਼ਾਇਦ ਹੀ ਕਿਸੇ ਹੋਰ ਪੇਸ਼ੇ ਬਾਰੇ ਹੋਣਗੀਆਂ। ਉਂਝ ਤਾਂ ਦੇਸ਼ ਦੇ ਲੋਕਾਂ ਦੀ ਆਤਮਾ ਹੀ ਮਰ ਗਈ ਜਾਪਦੀ ਹੈ ਜੋ ਕਿਸੇ ਵੀ ਤਰ੍ਹਾਂ ਪੈਸਾ ਕਮਾ ਕੇ ਆਪਣਾ ਘਰ ਭਰਨਾ ਚਾਹੁੰਦੇ ਹਨ। ਜਲਦੀ ਤੋਂ ਜਲਦੀ ਅਮੀਰ ਬਣਨ ਦੀ ਲਾਲਸਾ ਨੇ ਆਦਮੀ ਦਾ ਜ਼ਮੀਰ ਹੀ ਮਾਰ ਦਿੱਤਾ ਹੈ। ਕੋਈ ਦੋ ਕੁ ਦਹਾਕੇ ਪਹਿਲਾਂ ਜਦੋਂ ਵੱਡੀਆਂ-ਵੱਡੀਆਂ ਫ਼ਾਰਮਾ ਕੰਪਨੀਆਂ ਨੇ ਜੈਨੇਰਿਕ ਦਵਾਈਆਂ ਦੀ ਮਾਰਕੀਟਿੰਗ ਕਰਨੀ ਸ਼ੁਰੂ ਕੀਤੀ ਤਾਂ ਖ਼ੁਸ਼ੀ ਹੋਈ ਸੀ ਕਿ ਇਸ ਨਾਲ ਮਰੀਜ਼ਾਂ ਨੂੰ ਦਵਾਈਆਂ ਸਸਤੀਆਂ ਮਿਲਣਗੀਆਂ ਪਰ ਜਿਵੇਂ-ਜਿਵੇਂ ਜੈਨੇਰਿਕ ਦਵਾਈਆਂ ਮਾਰਕੀਟ ਵਿਚ ਆਉਣ ਲੱਗੀਆਂ, ਮਰੀਜ਼ਾਂ ਦੇ ਲੁੱਟ ਹੋਣ ਦਾ ਸਿਲਸਿਲਾ ਵਧਦਾ ਗਿਆ। ਦਵਾਈਆਂ ਦੇ ਹੋਲਸੇਲ ਅਤੇ ਰਿਟੇਲ ਰੇਟਾਂ ਦਾ ਇਨ੍ਹਾਂ ਫ਼ਰਕ ਹੈ ਕਿ ਰਿਟੇਲ ਵੇਚਣ ਵਾਲੇ ਦੁਕਾਨਦਾਰ ਮੌਜਾਂ ਮਾਣ ਰਹੇ ਹਨ। ਦੱਸਣਾ ਜ਼ਰੂਰੀ ਹੈ ਕਿ ਜੈਨੇਰਿਕ ਦਵਾਈਆਂ ਅਸਲ ਵਿਚ ਕਿਸੇ ਵੀ ਦਵਾਈ ਨੂੰ ਦਿੱਤਾ ਗਿਆ ਗ਼ੈਰ ਮਾਲਿਕਾਨਾ ਅਧਿਕਾਰ ਨਾਮ ਹੈ, ਜਿਸਨੂੰ ਵਿਸ਼ਵ ਸਿਹਤ ਸੰਗਠਨ ਨਿਰਧਾਰਤ ਕਰਦਾ ਹੈ ਜਿਵੇਂ ਪੈਰਾਸਿਟਾ ਮੋਲ ਇਕ ਜੈਨੇਰਿਕ ਦਵਾਈ ਹੈ, ਜਦੋਂ ਕਿ ਇਹ ਦਵਾਈ ਕਰੋਸੀਨ ਕੈਲਪਾਲ ਆਦਿ ਬ੍ਰਾਂਡ ਨਾਮਾਂ ਹੇਠਾਂ ਵਿਕਦੀ ਹੈ ਤੇ ਕੰਪਨੀਆਂ ਵੱਲੋਂ ਕਈ ਹੋਰ ਨਾਂਵਾਂ ਹੇਠ ਬਣਾ ਕੇ ਮਨਮਰਜ਼ੀ ਦੀ ਕੀਮਤ ਵਸੂਲੀ ਜਾਂਦੀ ਹੈ।

ਡਬਲਿਊ. ਐੱਚ. ਓ. ਦੀ 46ਵੀਂ ਵਰਲਡ ਹੈਲਥ ਮੀਟਿੰਗ ਦੀ ਪ੍ਰਸਤਾਵ ਸੰਖਿਆ 46.19 ਦੇ ਅਨੁਸਾਰ ਲਗਪਗ ਸਾਰੀਆਂ ਦਵਾਈਆਂ ਨੂੰ ਜੈਨੇਰਿਕ ਨਾਂਵਾਂ ਹੇਠਾਂ ਬਣਾਉਣ ਅਤੇ ਵੇਚਣ ਦੀ ਗੱਲ ਕਹੀ ਹੈ ਪਰ ਅਫ਼ਸੋਸ ਦੀ ਗੱਲ ਹੈ ਕਿ ਇਸ ਗੱਲ 'ਤੇ ਪੂਰੀ ਤਰ੍ਹਾਂ ਅਮਲ ਨਹੀਂ ਹੋ ਰਿਹੈ। ਭਾਰਤ ਵਿਚ ਆਮ ਤੌਰ 'ਤੇ 70-80 ਦਵਾਈਆਂ ਦੀ ਵੱਡੀ ਮਾਤਰਾ ਵਿਚ ਵਰਤੋਂ ਹੁੰਦੀ ਹੈ ਪਰ ਦਵਾਈ ਕੰਪਨੀਆਂ ਵੱਲੋਂ ਕੋਈ ਲੱਖ ਬ੍ਰਾਂਡ ਕਈ ਗੁਣਾ ਮਹਿੰਗੀ ਦਰਾਂ ਵਿਚ ਵੇਚੇ ਜਾ ਰਹੇ ਹਨ। ਇਨ੍ਹਾਂ ਬ੍ਰਾਂਡੇਡ ਦਵਾਈਆਂ ਦੇ ਚਲਾਉਣ ਵਿਚ ਡਾਕਟਰਾਂ ਦਾ ਵੱਡਾ ਰੋਲ ਹੁੰਦਾ ਹੈ। ਰਿਪੋਰਟਾਂ ਅਨੁਸਾਰ ਬ੍ਰਾਂਡੇਡ ਦਵਾਈਆਂ ਜੈਨੇਰਿਕ ਦਵਾਈਆਂ ਦੇ ਮੁਕਾਬਲੇ 10 ਤੋਂ ਲੈ ਕੇ 100 ਫ਼ੀਸਦੀ ਤਕ ਜ਼ਿਆਦਾ ਮੁੱਲ 'ਤੇ ਵੇਚੀਆਂ ਜਾਂਦੀਆਂ ਹਨ। ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਅਸਲ ਰਿਸਰਚ ਦੇ ਨਾਮਾਂ ਹੇਠਾਂ ਆਪਣੇ ਬ੍ਰਾਂਡ ਨਾਮਾਂ ਹੇਠਾਂ ਵੇਚਣ ਦੀ ਆੜ੍ਹ ਵਿਚ ਵੱਡਾ ਮੁਨਾਫ਼ਾ ਕਮਾਉਂਦੀਆਂ ਹਨ ਅਤੇ ਜ਼ਿਆਦਾਤਰ ਕੰਪਨੀਆਂ ਦਾ ਕਹਿਣਾ ਹੈ ਕਿ ਸਾਡੀਆਂ ਦਵਾਈਆਂ ਦਾ ਅਸਰ ਬਾਕੀ ਕੰਪਨੀਆਂ ਨਾਲੋਂ ਕਿਤੇ ਜ਼ਿਆਦਾ ਹੁੰਦਾ ਹੈ। ਕੰਪਨੀ ਵੱਲੋਂ ਦਾਅਵਾ ਕੀਤਾ ਜਾਂਦਾ ਹੈ ਕਿ ਸਾਡੀਆਂ ਬ੍ਰਾਂਡੇਡ ਮੈਡੀਸਨਜ਼ ਦਾ ਪੱਧਰ ਜੈਨੇਰਿਕ ਦਵਾਈਆਂ ਦੇ ਮੁਕਾਬਲੇ ਬਹੁਤ ਉੱਚਾ ਹੁੰਦਾ ਹੈ। ਬੀਤੇ ਸਾਲ ਮੈਡੀਸਨ ਦੀ ਅੰਤਰਰਾਸ਼ਟਰੀ ਮੈਗਜ਼ੀਨ 'ਲੈਂਸੇਟ' ਨੇ ਕੀਤੇ ਇਕ ਸਰਵੇਖਣ ਵਿਚ ਲਿਖਿਆ ਸੀ ਕਿ ਭਾਰਤ ਵਿਚ ਹਰ ਸਾਲ 3.9 ਕਰੋੜ ਲੋਕੀ ਖ਼ਰਾਬ ਸਿਹਤ ਅਤੇ ਮਹਿੰਗੀਆਂ ਦਵਾਈਆਂ ਨਾਲ ਇਲਾਜ ਕਰਵਾਉਣ ਨਾਲ ਗਰੀਬੀ ਰੇਖਾ ਤੋਂ ਹੇਠਾਂ ਪੁੱਜ ਜਾਂਦੇ ਹੈ। ਇਸ ਅਧਿਐਨ ਵਿਚ ਇਹ ਵੀ ਕਿਹਾ ਗਿਆ ਹੈ ਕਿ ਲਗਪਗ 47 ਫ਼ੀਸਦੀ ਲੋਕਾਂ ਨੂੰ ਮਹਿੰਗੇ ਇਲਾਜ ਕਰਵਾਉਣ ਕਰ ਕੇ ਆਪਣੀ ਪ੍ਰਾਪਰਟੀ ਵੇਚਣੀ ਪਈ ਜਾਂ ਘਰ ਆਦਿ ਨੂੰ ਗਿਰਵੀ ਰੱਖਣਾ ਪਿਆ । ਇਹ ਪੜ੍ਹਦਿਆਂ ਹੋਇਆਂ ਮੈਨੂੰ ਮਹਿਸੂਸ ਹੋਇਆ ਕਿ ਭਾਰਤ ਦੀ ਜਨਤਾ ਇਸ ਦੇਸ਼ ਦੇ ਸਿਹਤ ਸਿਸਟਮ ਤੋਂ ਕਿੰਨੀ ਦੁੱਖੀ ਹੈ। ਸੱਚਮੁਚ ਜਦੋਂ ਕੋਈ ਗਰੀਬ ਬਿਮਾਰ ਹੁੰਦਾ ਹੈ ਤਾਂ ਉਸਦੀ ਹਾਲਤ ਵੇਖਣ ਵਾਲੀ ਹੁੰਦੀ ਹੈ। ਕੁਝ ਲੋਕ ਤਾਂ ਅਜਿਹੇ ਹੁੰਦੇ ਹਨ ਜੋ ਦਿਹਾੜੀ ਦੇ ਕੰਮ ਦੇ ਆਸਰੇ ਜ਼ਿੰਦਗੀ ਜੀਉਂਦੇ ਹਨ ਤੇ ਬਿਮਾਰ ਹੋ ਜਾਣ ਦੀ ਸੂਰਤ ਵਿਚ ਕਰਜ਼ਦਾਰ ਹੋ ਜਾਂਦੇ ਹਨ। ਸੱਚ ਤਾਂ ਇਹ ਹੀ ਹੈ ਕਿ ਭਾਰਤ ਦਾ ਸਿਹਤ ਸਿਸਟਮ ਹੀ ਬਿਮਾਰ ਹੈ। ਇੱਥੇ ਕਾਨੂੰਨ ਤਾਂ ਬਹੁਤ ਹਨ ਪਰ ਉਨ੍ਹਾਂ ਦੀ ਪਰਵਾਹ ਕੋਈ ਨਹੀਂ ਕਰਦਾ। ਕੋਈ ਵੀਹ ਕੁ ਵਰ੍ਹੇ ਪਹਿਲਾਂ ਭਾਰਤ ਦੀਆਂ ਬ੍ਰਾਂਡੇਡ ਦਵਾਈਆਂ ਬਣਾਉਣ ਵਾਲਿਆਂ ਮਲਟੀਨੈਸ਼ਨਲ ਕੰਪਨੀਆਂ ਨੇ ਆਪਣੇ ਹੀ ਨਾਮਾਂ ਹੇਠਾਂ ਜੈਨੇਰਿਕ ਦਵਾਈਆਂ ਦੀਆਂ ਡਵੀਜ਼ਨਾਂ ਬਣਾ ਦਿੱਤੀਆਂ। ਇਹ ਦਵਾਈਆਂ ਬ੍ਰਾਂਡੇਡ ਦੇ ਮੁਕਾਬਲੇ ਬਹੁਤ ਹੀ ਜ਼ਿਆਦਾ ਸਸਤੀਆਂ ਸਨ ਪਰ ਇਨ੍ਹਾਂ ਦਵਾਈਆਂ ਦੀਆਂ ਪ੍ਰਿੰਟ ਕੀਮਤਾਂ ਬ੍ਰਾਂਡੇਡ ਦੇ ਬਰਾਬਰ ਹੋਣ ਕਰ ਕੇ ਇਸ ਦਾ ਫ਼ਾਇਦਾ ਸਿਰਫ਼ ਤੇ ਸਿਰਫ਼ ਰਿਟੇਲ ਮੈਡੀਕਲ ਦੀਆਂ ਦੁਕਾਨਾਂ ਨੂੰ ਹੋਇਆ। ਇਨ੍ਹਾਂ ਦੁਕਾਨਾਂ 'ਤੇ ਮਿਲਦੀਆਂ ਦਵਾਈਆਂ ਦਾ ਲਾਭ ਆਮ ਆਦਮੀ ਨੂੰ ਇਸ ਲਈ ਨਹੀਂ ਹੋਇਆ ਕਿ ਉਹ ਅੰਦਰਲੀ ਕਹਾਣੀ ਤੋਂ ਜਾਣੂ ਨਹੀਂ ਸੀ। ਵੀਹ ਸਾਲ ਬਾਅਦ ਵੀ ਸਾਡੀਆਂ ਸਰਕਾਰਾਂ ਨੇ ਜੈਨੇਰਿਕ ਦਵਾਈਆਂ ਦੀਆਂ ਕੀਮਤਾਂ ਘੱਟ ਕਰਨ ਲਈ ਕੋਈ ਪ੍ਰਭਾਵਸ਼ਾਲੀ ਕਦਮ ਨਹੀਂ ਚੁੱਕਿਆ ਤੇ ਮਰੀਜ਼ਾਂ ਦੇ ਲੁੱਟ ਹੋਣ ਦਾ ਸਿਲਸਿਲਾ ਅੱਜ ਵੀ ਜਾਰੀ ਹੈ। ਭਾਰਤ ਦੀ ਕੇਂਦਰੀ ਸਰਕਾਰ ਨੇ ਸੰਨ 2008 ਵਿਚ ਜਨ ਔਸ਼ਧੀ ਕੇਂਦਰ ਖੋਲ੍ਹਣ ਦੀ ਸ਼ੁਰੂਆਤ ਕੀਤੀ ਸੀ। ਇਸ ਯੋਜਨਾ ਦਾ ਮਤਲਬ ਭਾਰਤ ਦੇ ਆਮ ਨਾਗਰਿਕ ਨੂੰ ਘੱਟ ਕੀਮਤ 'ਤੇ ਦਵਾਈਆਂ ਪਹੁੰਚਾਉਣਾ ਸੀ। ਸਰਕਾਰ ਦਾ ਟੀਚਾ ਪੂਰੇ ਭਾਰਤ ਵਿਚ 3000 ਅਜਿਹੀਆਂ ਦੁਕਾਨਾਂ ਖੋਲ੍ਹਣ ਦਾ ਸੀ ਪਰ 27 ਫਰਵਰੀ 2018 ਤਕ 3195 ਅਜਿਹੀਆਂ ਦੁਕਾਨਾਂ ਸਾਰੇ ਭਾਰਤ ਦੇਸ਼ ਵਿਚ ਖੁੱਲ੍ਹ ਚੁੱਕੀਆਂ ਹਨ। ਜਿਨ੍ਹਾਂ ਵਿਚੋਂ ਪੰਜਾਬ ਵਿਚ 68 ਖੁੱਲ੍ਹੀਆਂ ਹਨ। ਮੋਦੀ ਸਰਕਾਰ ਦਾ ਇਹ ਫੈਸਲਾ ਕਿ ਪੇਂਡੂ ਲੈਵਲ ਤਕ ਸਸਤੀਆਂ ਦਵਾਈਆਂ ਦਾ ਪੁੱਜਣਾ ਜ਼ਰੂਰੀ ਹੈ, ਸ਼ਲਾਘਾ ਯੋਗ ਕਿਹਾ ਜਾ ਸਕਦਾ ਹੈ ਪਰ ਪਤਾ ਨਹੀਂ ਕਿਉਂ ਮੀਡੀਆ ਵਿਚ ਇਹ ਖ਼ਬਰਾਂ ਕਿਉਂ ਆਉਂਦੀਆਂ ਹਨ ਕਿ ਜਨ ਔਸ਼ਧੀ ਕੇਂਦਰਾਂ ਵਿਚ ਜਾਂ ਤਾਂ ਪੂਰੀਆਂ ਦਵਾਈਆਂ ਪੁੱਜਦੀਆਂ ਹੀ ਨਹੀਂ ਅਤੇ ਜਾਂ ਆਮ ਆਦਮੀ ਇਨ੍ਹਾਂ ਦੁਕਾਨਾਂ ਬਾਰੇ ਜਾਣਦਾ ਹੀ ਨਹੀਂ। ਬੀਤੇ ਦਿਨੀਂ ਇਹ ਖ਼ਬਰ ਆਈ ਸੀ ਕਿ ਅਜਿਹੀਆਂ ਦੁਕਾਨਾਂ ਪ੍ਰਾਈਵੇਟ ਹਸਪਤਾਲਾਂ ਵਿਚ ਨਹੀਂ ਖੁੱਲ੍ਹੀਆਂ। ਸਿਰਫ਼ ਸਰਕਾਰੀ ਹਸਪਤਾਲਾਂ ਜਾਂ ਹੋਰ ਪ੍ਰਾਈਵੇਟ ਜਗ੍ਹਾ 'ਤੇ ਹੀ ਖੁੱਲ੍ਹੀਆਂ ਹਨ। ਚੰਗੀ ਗੱਲ ਹੈ, ਜਿੱਥੇ ਵੀ ਖੁੱਲ੍ਹੀਆਂ ਉੱਥੇ ਲੋਕਾਂ ਨੂੰ ਫ਼ਾਇਦਾ ਹੀ ਹੋਵੇਗਾ। ਸਵਾਲ ਤਾਂ ਇਹ ਹੈ ਕਿ ਜੈਨੇਰਿਕ ਡਵੀਜ਼ਨ ਦੀਆਂ ਜੋ ਦਵਾਈਆਂ ਮੈਡੀਸਨ ਦੀਆਂ ਦੁਕਾਨਾਂ 'ਤੇ ਵਿਕਦੀਆਂ ਹਨ, ਉਨ੍ਹਾਂ ਦੀ ਪ੍ਰਿੰਟ ਕੀਮਤ ਬ੍ਰਾਂਡੇਡ ਦਵਾਈਆਂ ਦੇ ਬਰਾਬਰ ਕਿਉਂ ਹੈ? ਜੇ ਇਹ ਦਵਾਈਆਂ ਜਨ ਔਸ਼ਧੀ ਕੇਂਦਰਾਂ 'ਤੇ ਬਹੁਤ ਹੀ ਜ਼ਿਆਦਾ ਸਸਤੀਆਂ ਦਰਾਂ 'ਤੇ ਮਿਲਦੀਆਂ ਹਨ ਤਾਂ ਰਿਟੇਲ ਦੁਕਾਨਾਂ 'ਤੇ ਮਹਿੰਗੀਆਂ ਕਿਉਂ ਜੈਨੇਰਿਕ ਦਵਾਈਆਂ ਨੇ ਰਿਟੇਲਰਾਂ ਦੀਆਂ ਮੌਜਾਂ ਲਾਈਆਂ ਹੋਈਆਂ ਹਨ। ਇਸ ਦਾ ਫ਼ਾਇਦਾ ਨਾ ਤੇ ਮੈਨੂਫੈਕਚਰ ਨੂੰ ਹੈ ਤੇ ਨਾ ਹੀ ਹੋਲਸੇਲਰ ਨੂੰ। ਰਿਟੇਲਰ ਪੰਜ 100ਫ਼ੀਸਦੀ ਤਕ ਕਮਾਈ ਕਰਦਾ ਹੈ ਤੇ ਖ਼ਰੀਦਦਾਰ ਰਗੜਿਆ ਜਾਂਦਾ ਹੈ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਇਸ ਗੋਰਖਧੰਦੇ ਨੂੰ ਬੰਦ ਕਰਨ ਲਈ ਪਹਿਲ ਕਰੇ ਤਾਂ ਜੋ ਮਰੀਜ਼ ਬਿਮਾਰੀ ਤੋਂ ਛੁੱਟ ਕੇ ਇਸ ਲੁੱਟ ਤੋਂ ਵੀ ਬਚ ਸਕੇ।



### ਦਵਾਈਆਂ ਦੇ ਰੇਟ ਦੀ ਹੇਰ-ਫੇਰ

*ਦੱਸਣਾ ਜ਼ਰੂਰੀ ਹੈ ਕਿ ਜੈਨੇਰਿਕ ਦਵਾਈਆਂ ਅਸਲ ਵਿਚ ਕਿਸੇ ਵੀ ਦਵਾਈ ਨੂੰ ਦਿੱਤਾ ਗਿਆ ਗੈਰ ਮਾਲਿਕਾਨਾ ਅਧਿਕਾਰ ਨਾਮ ਹੈ, ਜਿਸਨੂੰ ਵਿਸ਼ਵ ਸਿਹਤ ਸੰਗਠਨ ਨਿਰਧਾਰਤ ਕਰਦਾ ਹੈ ਜਿਵੇਂ ਪੈਰਾਸਿਟਾ ਮੋਲ ਇਕ ਜੈਨੇਰਿਕ ਦਵਾਈ ਹੈ। ਕੰਪਨੀਆਂ ਵੱਲੋਂ ਕਈ ਹੋਰ ਨਾਂਵਾਂ ਹੇਠ ਬਣਾ ਕੇ ਮਨਮਰਜ਼ੀ ਦੀ ਕੀਮਤ ਵਸੂਲੀ ਜਾਂਦੀ ਹੈ। ਇਸ ਲਈ ਦਵਾਈਆਂ ਖ਼ਰੀਦਦੇ ਸਮੇਂ ਉਸ ਦੀ ਤਾਰੀਖ਼ ਤੇ ਰੇਟ ਦਾ ਖ਼ਾਸ ਧਿਆਨ ਰੱਖਣਾ ਚਾਹੀਦਾ ਹੈ। ਜੇ ਤੁਹਾਨੂੰ ਲੱਗਦਾ ਹੈ ਕਿ ਦਵਾਈਆਂ ਦੇ ਰੇਟ 'ਚ ਹੇਰ-ਫੇਰ ਕੀਤੀ ਗਈ ਹੈ ਤਾਂ ਉਸ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ। ਜਿਸ ਤਰ੍ਹਾਂ ਅੱਜਕੱਲ੍ਹ ਬਿਮਾਰੀਆਂ ਇਨਸਾਨ ਨੂੰ ਘੇਰ ਰਹੀਆਂ ਹਨ। ਇਸ ਤਰ੍ਹਾਂ ਦਵਾਈਆਂ ਵਿਅਕਤੀ ਦੀ ਜ਼ਰੂਰਤ ਬਣ ਗਈਆਂ ਹਨ। ਦੁਕਾਨਦਾਰ ਦੀ ਲੁਟ ਤੋਂ ਬਚਣ ਲਈ ਦਵਾਈ ਦੀ ਕੀਮਤ 'ਤੇ ਖ਼ਾਸ ਧਿਆਨ ਦਿੱਤਾ ਜਾਣਾ ਚਾਹੀਦਾ ਹੈ...*

# ਮਸੂੜਿਆਂ ਦੇ ਦਰਦ ਤੇ ਸੋਜ ਤੋਂ ਰਾਹਤ




ਮਸੂੜਿਆਂ 'ਚ ਸੋਜ ਜਾਂ ਦਰਦ ਹੋਣਾ ਆਮ ਜਿਹੀ ਸਮੱਸਿਆ ਹੈ। ਇਸ 'ਚ ਬਹੁਤ ਜ਼ਿਆਦਾ ਦਰਦ ਹੁੰਦਾ ਹੈ। ਦਰਦ ਦੇ ਕਾਰਨ ਬਰਸ਼ ਕਰਨਾ ਤਾਂ ਦੂਰ ਕੁਝ ਖਾ-ਪੀ ਵੀ ਨਹੀਂ ਹੁੰਦਾ। ਕਈ ਵਾਰ ਤਾਂ ਮਸੂੜਿਆਂ 'ਚ ਇਨ੍ਹੀ ਜ਼ਿਆਦਾ ਸੋਜ ਆ ਜਾਂਦੀ ਹੈ ਕਿ ਉਨ੍ਹਾਂ 'ਚ ਖ਼ੂਨ ਨਿਕਲਣਾ ਸ਼ੁਰੂ ਹੋ ਜਾਂਦਾ ਹੈ। ਪੌਸ਼ਟਿਕ ਤੱਤਾਂ ਦੀ ਘਾਟ, ਮੂੰਹ ਦੀ ਇਨਫੈਕਸ਼ਨ ਦੇ ਕਾਰਨ ਮਸੂੜਿਆਂ 'ਚ ਸੋਜ ਹੋਣੀ ਸ਼ੁਰੂ ਹੋ ਜਾਂਦੀ ਹੈ ਤੇ ਦਰਦ ਦੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਵੈਸੇ ਤਾਂ ਬਾਜ਼ਾਰ 'ਚ ਕਈ ਤਰ੍ਹਾਂ ਦੇ ਮਾਊਥਵਾਸ਼ ਤੇ ਕਈ ਤਰ੍ਹਾਂ ਦੀਆਂ ਦਵਾਈਆਂ ਹੈ ਜਿਸ ਦਾ ਇਸਤੇਮਾਲ ਕਰ ਕੇ ਦਰਦ ਤੋਂ ਰਾਹਤ ਪਾਈ ਜਾ ਸਕਦੀ ਹੈ। ਜਿਸ ਤਰ੍ਹਾਂ ਅਸੀਂ ਜਾਣਦੇ ਹਾਂ ਕਿ ਜ਼ਿਆਦਾ ਦਵਾਈਆਂ ਖਾਣ ਦੇ ਨਾਲ ਹੋਰ ਬਹੁਤ ਸਾਰੀਆਂ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਕਰਕੇ ਕੁਝ ਇਹੋ ਜਿਹੇ ਘਰੇਲੂ ਉਪਾਅ ਹਨ ਜਿੰਨਾਂ ਨਾਲ ਅਸੀਂ ਇਸ ਸਮੱਸਿਆ ਤੋਂ ਨਿਜਾਤ ਪਾ ਸਕਦੇ ਹਾਂ।

### ਨਮਕ ਦਾ ਪਾਣੀ

ਮਸੂੜਿਆਂ 'ਚ ਦਰਦ ਹੋਣ 'ਤੇ ਨਮਕ ਵਾਲੇ ਪਾਣੀ ਦਾ ਕਰੂਲਾ ਕਰੋ। ਇਸ ਤਰ੍ਹਾਂ ਕਰਨ ਨਾਲ ਦੰਦਾਂ 'ਚ ਹੋਣ ਵਾਲੀ ਦਰਦ ਤੇ ਮੂੰਹ ਦੀ ਇਨਫੈਕਸ਼ਨ ਦੀ ਸਮੱਸਿਆ ਨੂੰ ਦੂਰ ਕੀਤਾ ਜਾ ਸਕਦਾ ਹੈ।

### ਲੌਂਗ

ਲੌਂਗ ਵੀ ਮਸੂੜਿਆਂ ਦੀ ਸੋਜ ਨੂੰ ਘੱਟ ਕਰਨ ਦਾ ਕੰਮ ਕਰਦੇ ਹਨ। ਲੌਂਗ 'ਚ ਪਾਏ ਜਾਣ ਵਾਲੇ ਯੂਗੇਨੋਲ ਮਸੂੜਿਆਂ ਦੀ ਸੋਜ ਨੂੰ ਘੱਟ ਕਰਨ 'ਚ ਮਦਦ ਕਰਦੇ ਹਨ। ਜਦੋਂ ਵੀ ਮਸੂੜੇ ਫੁੱਲ ਜਾਣ ਤਾਂ ਲੌਂਗਾਂ ਦਾ ਇਸਤੇਮਾਲ ਕਰੋ।

### ਕੈਸਟਰ ਤੇਲ

ਮਸੂੜਿਆਂ ਦੀ ਸੋਜ ਨੂੰ ਦੂਰ ਕਰਨ ਲਈ ਕੈਸਟਰ ਤੇਲ ਵੀ ਬਹੁਤ ਫ਼ਾਇਦੇਮੰਦ ਹੈ। ਸੋਜ ਵਾਲੀ ਜਗ੍ਹਾ 'ਤੇ ਕੈਸਟਰ ਤੇਲ ਲਗਾਉਣ ਨਾਲ ਕੁਝ ਸਮੇਂ ਬਾਅਦ ਦਰਦ ਤੋਂ ਰਾਹਤ ਮਿਲ ਜਾਂਦੀ ਹੈ।

### ਅਦਰਕ

ਮੂੰਹ ਦੀ ਇਨਫੈਕਸ਼ਨ ਤੋਂ ਬਚਣ ਲਈ ਅਦਰਕ ਕਾਫ਼ੀ ਪੁਰਾਣਾ ਇਲਾਜ ਹੈ। ਇਸ ਨਾਲ ਸੋਜ ਤੋਂ ਰਾਹਤ ਤੇ ਮੂੰਹ ਦੇ ਬੈਕਟੀਰੀਆ ਤੋਂ ਬਚਿਆ ਜਾ ਸਕਦਾ ਹੈ।

### ਨਿੰਬੂ ਪਾਣੀ

ਮਸੂੜਿਆਂ 'ਚ ਸੋਜ ਦੇ ਕਾਰਨ ਮੂੰਹ 'ਚ ਬੈਕਟੀਰੀਆ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਬੈਕਟੀਰੀਆ ਨੂੰ ਖ਼ਤਮ ਜਾਂ ਘੱਟ ਕਰਨ ਲਈ ਨਿੰਬੂ ਪਾਣੀ ਨਾਲ ਕਰੂਲਾ ਕਰੋ। ਇਸ ਤਰ੍ਹਾਂ ਕਰਨ ਨਾਲ ਮੂੰਹ 'ਚ ਬੈਕਟੀਰੀਆ ਨਹੀਂ ਹੋਣਗੇ ਤੇ ਸੋਜ ਵੀ ਘੱਟ ਹੋਵੇਗੀ।

### ਐਲੋਵੇਰਾ

ਐਲੋਵੇਰਾ ਜੈਲ 'ਚ ਐਂਟੀਬੈਕਟੀਰੀਅਲ ਤੇ ਐਂਟੀਫੰਗਲ ਗੁਣ ਪਾਏ ਜਾਂਦੇ ਹਨ ਜੋ ਮਸੂੜਿਆਂ 'ਚੋਂ ਨਿਕਲ ਰਹੇ ਖ਼ੂਨ ਜਾਂ ਸੋਜ ਨੂੰ ਠੀਕ ਕਰਨ 'ਚ ਮਦਦ ਕਰਦੇ ਹਨ।

### ਸਰ੍ਹੋਂ ਦਾ ਤੇਲ

ਇਸ ਪਰੇਸ਼ਾਨੀ ਤੋਂ ਛੁਟਕਾਰਾ ਪਾਉਣ ਲਈ ਸਰ੍ਹੋਂ ਦਾ ਤੇਲ ਬਹੁਤ ਫ਼ਾਇਦੇਮੰਦ ਹੈ। ਇਸ 'ਚ ਥੋੜ੍ਹਾ ਜਿਹਾ ਨਮਕ ਮਿਲਾ ਕੇ ਮਸੂੜਿਆਂ 'ਤੇ ਲਗਾਉਣ ਨਾਲ ਦਰਦ ਤੇ ਸੋਜ ਤੋਂ ਨਿਜਾਤ ਪਾਈ ਜਾ ਸਕਦੀ ਹੈ।

# ਜਲ ਹੀ ਜੀਵਨ ਹੈ

ਡਾ. ਫ਼ਕੀਰ ਚੰਦ ਸ਼ੁਕਲਾ

ਇਸ ਵਿਚ ਕੋਈ ਸ਼ੱਕ ਨਹੀਂ ਕਿ ਪ੍ਰੋਟੀਨ, ਚਿਕਨਾਈ ਅਤੇ ਖਣਿਜ ਪਦਾਰਥ ਖ਼ੁਰਾਕ ਦੇ ਲੋੜੀਂਦੇ ਤੱਤ ਹਨ। ਇਨ੍ਹਾਂ ਦੀ ਘਾਟ ਨਾਲ ਸਰੀਰ ਨੂੰ ਕਈ ਤਰ੍ਹਾਂ ਦੇ ਰੋਗ ਲੱਗ ਜਾਂਦੇ ਹਨ ਪਰ ਸਾਡੇ ਸਰੀਰ ਲਈ ਪਾਣੀ ਇਨ੍ਹਾਂ ਸਾਰਿਆਂ ਤੋਂ ਜ਼ਿਆਦਾ ਮਹੱਤਵਪੂਰਨ ਹੈ ਭਾਵੇਂ ਇਸ ਵੱਲ ਅਸੀਂ ਧਿਆਨ ਨਹੀਂ ਦਿੰਦੇ। ਕੋਈ ਵੀ ਵਿਅਕਤੀ ਰੋਟੀ ਤੋਂ ਬਿਨਾਂ ਰਹਿ ਸਕਦਾ ਹੈ ਪਰ ਪਾਣੀ ਤੋਂ ਬਿਨਾਂ ਨਹੀਂ ਰਹਿ ਸਕਦਾ। ਇਸ ਬਾਰੇ ਤੁਸੀਂ ਖ਼ੁਦ ਹੀ ਅੰਦਾਜ਼ਾ ਲਗਾ ਸਕਦੇ ਹੋ। ਹਰ ਰੋਜ਼ ਸਰੀਰ ਲਈ ਪਾਣੀ ਦੀ ਲੋੜ ਦਾ ਧਿਆਨ ਰੱਖ ਕੇ ਅਸੀਂ ਆਪਣੇ ਆਪ ਨੂੰ ਕਈ ਤਰ੍ਹਾਂ ਦੇ ਰੋਗਾਂ ਤੋਂ ਬਚਾ ਸਕਦੇ ਹਾਂ। ਪਾਣੀ ਸਾਡੇ ਸਰੀਰ ਵਿਚ ਕਈ ਮਹੱਤਵਪੂਰਨ ਕੰਮ ਕਰਦਾ ਹੈ ਜਿਵੇਂ ਕਿ ਇਹ ਸਰੀਰ ਵਿਚ ਪੌਸ਼ਟਿਕ ਤੱਤਾਂ ਨੂੰ ਲੈ ਕੇ ਜਾਣ ਵਿਚ ਮਦਦ ਕਰਦਾ ਹੈ। ਸਰੀਰ ਵਿਚ ਪੈਦਾ ਹੋਏ ਵਾਧੂ ਪਦਾਰਥਾਂ ਨੂੰ ਬਾਹਰ ਕੱਢਦਾ ਹੈ। ਸਰੀਰ ਦੇ ਤਾਪਮਾਨ ਨੂੰ ਬਰਕਰਾਰ ਰੱਖਦਾ ਹੈ।

ਖ਼ੂਨ ਦੀ ਮਾਤਰਾ ਕਾਇਮ ਰੱਖਦਾ ਹੈ। ਜੋੜਾਂ, ਰੀੜ੍ਹ ਦੀ ਹੱਡੀ ਅਤੇ ਗਰਭ ਅਵਸਥਾ ਵੇਲੇ ਭਰੂਣ ਲਈ ਲੁਬਰੀਕੈਂਟ ਭਾਵ ਤੇਲ ਦਾ ਕੰਮ ਕਰਦਾ ਹੈ ਅਤੇ ਇਕ ਗੱਦੇ ਵਾਂਗ ਇਨ੍ਹਾਂ ਨੂੰ ਸੰਭਾਲ ਕੇ ਰੱਖਦਾ ਹੈ। ਆਮ ਤੌਰ 'ਤੇ ਅਸੀਂ ਪਾਣੀ ਦੀ ਪ੍ਰਵਾਹ ਨਹੀਂ ਕਰਦੇ ਅਤੇ ਉਦੋਂ ਹੀ ਪਾਣੀ ਪੀਂਦੇ ਹਾਂ ਜਦੋਂ ਸਾਨੂੰ ਪਿਆਸ ਲੱਗਦੀ ਹੈ। ਇਸ ਦਾ ਮਤਲਬ ਇਹ ਹੁੰਦਾ ਹੈ ਕਿ ਸਾਡੇ ਸਰੀਰ ਨੂੰ ਪਾਣੀ ਦੀ ਲੋੜ ਹੈ ਪਰ ਪਿਆਸ ਬੁਝਾਉਣ ਲਈ ਪਾਣੀ-ਪੀਣ ਨਾਲ ਸਰੀਰ ਦੀ ਲੋੜ ਪੂਰੀ ਨਹੀਂ ਹੁੰਦੀ। ਪਾਣੀ ਦੀ ਲੋੜ ਪੂਰੀ ਕਰਨ ਲਈ ਸਾਨੂੰ 7-8 ਗਲਾਸ ਪਾਣੀ ਹਰ ਰੋਜ਼ ਪੀਣਾ ਚਾਹੀਦਾ ਹੈ। ਗਰਮੀਆਂ ਵਿਚ ਤਾਂ ਫੇਰ ਵੀ ਪਾਣੀ ਪੀਤਾ ਜਾਂਦਾ ਹੈ ਪਰ ਸਰਦੀਆਂ ਵਿਚ ਪਿਆਸ ਨਹੀਂ ਲੱਗਦੀ। ਪਿਆਸ ਨਾ ਲੱਗਣ 'ਤੇ ਵੀ ਸਾਨੂੰ 7-8 ਗਲਾਸ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ। ਮੋਟੇ ਵਿਅਕਤੀ ਨੂੰ ਤਾਂ ਪਾਣੀ ਦੀ ਹੋਰ ਵੀ ਜ਼ਿਆਦਾ ਲੋੜ ਹੁੰਦੀ ਹੈ। ਵਿਗਿਆਨੀਆਂ ਦੀ ਰਾਏ ਅਨੁਸਾਰ ਪ੍ਰਤੀ 10 ਕਿੱਲੋ ਵਾਧੂ ਭਾਰ ਮਗਰ ਇਕ ਗਲਾਸ ਵਾਧੂ ਪਾਣੀ ਦੀ ਲੋੜ ਹੁੰਦੀ ਹੈ।

### ਵਿਸ਼ੇਸ਼ਤਾ

ਅੱਜਕੱਲ੍ਹ ਇਸ਼ਤਿਹਾਰਬਾਜ਼ੀ ਦਾ ਜ਼ਮਾਨਾ ਹੈ। ਪੀਣ ਵਾਲੇ ਪਦਾਰਥਾਂ ਦੀ ਡੁਗਡੁਗੀ ਵੱਜਦੀ ਸੁਣੀ ਹੋਣੀ ਹੈ ਕਿ ਇਹ ਡਰਿੰਕ ਘੱਟ ਕੈਲੋਰੀਆਂ ਵਾਲੀ ਹੈ ਜਾਂ ਇਸ ਨੂੰ ਪੀਣ ਨਾਲ ਜ਼ੀਰੋ ਕੈਲੋਰੀਆਂ ਮਿਲਦੀਆਂ ਹਨ। ਕਿਸੇ ਡਰਿੰਕ ਬਾਰੇ ਕਿਹਾ ਜਾਂਦਾ ਹੈ ਕਿ ਇਹ ਅਲਕੋਹਲ ਫ੍ਰੀ ਹੈ ਜਾਂ ਇਸ ਵਿਚ ਕੈਫੀਨ ਦੀ ਘੱਟ ਮਾਤਰਾ ਹੁੰਦੀ ਹੈ। ਇਸ ਇਸ਼ਤਿਹਾਰਬਾਜ਼ੀ ਸਦਕਾ ਲੋਕੀ ਮੱਲੋਮੱਲੀ ਉਨ੍ਹਾਂ ਵੱਲ ਖਿੱਚੇ ਜਾਂਦੇ ਹਨ ਪਰ ਕਿੰਨੇ ਅਫ਼ਸੋਸ ਦੀ ਗੱਲ ਹੈ ਕਿ ਅਸੀਂ ਪਾਣੀ ਨੂੰ ਓਨਾ ਹੀ ਬੁੱਕਤ ਨਹੀਂ ਦਿੰਦੇ। ਅਸੀਂ ਸਾਰੇ ਜਾਣਦੇ ਹੀ ਹਾਂ ਕਿ ਪਾਣੀ ਵਿਚ ਅਲਕੋਹਲ ਵੀ ਨਹੀਂ ਹੁੰਦਾ, ਕੈਫੀਨ ਵੀ ਨਹੀਂ ਅਤੇ ਇਸ ਨੂੰ ਪੀਣ ਨਾਲ ਕੈਲੋਰੀਆਂ ਵਧਣ ਦਾ ਵੀ ਡਰ ਨਹੀਂ ਰਹਿੰਦਾ। ਇਸ ਲਈ ਪਾਣੀ ਨੂੰ ਖੁੱਲ੍ਹੇ ਦਿਲ ਨਾਲ ਪੀਣਾ ਚਾਹੀਦਾ ਹੈ। ਇਨ੍ਹਾਂ ਤੋਂ ਇਲਾਵਾ ਪਾਣੀ ਦੀ ਇਕ ਹੋਰ ਖ਼ਾਸੀਅਤ ਇਹ ਵੀ ਹੈ। ਇਹ ਨਾ ਤਾਂ ਤੇਜ਼ਾਬੀ ਮਾਦੇ ਵਾਲਾ ਹੁੰਦਾ ਹੈ ਅਤੇ ਨਾ ਹੀ ਖਾਰ ਵਾਲਾ। ਆਮ ਖ਼ੁਰਾਕੀ ਪਦਾਰਥਾਂ ਨੂੰ ਅਸੀਂ ਕਹਿੰਦੇ ਹਾਂ ਕਿ ਇਹ ਤੇਜ਼ਾਬੀ ਤਾਸੀਰ ਵਾਲਾ ਪਦਾਰਥ ਹੈ ਜਾਂ ਖਾਰ ਵਾਲਾ ਅਤੇ ਅਜਿਹੇ ਖ਼ੁਰਾਕੀ ਪਦਾਰਥਾਂ ਦੀ ਵਰਤੋਂ ਦਾ ਆਪਣਾ-ਆਪਣਾ ਲਾਭ ਅਤੇ ਨੁਕਸਾਨ ਹੁੰਦਾ ਹੈ। ਜਦ ਕਿ ਪਾਣੀ ਦੀ ਵਰਤੋਂ ਨਾਲ ਇਸ ਤਰ੍ਹਾਂ ਦੇ ਤੇਜ਼ਾਬੀ ਜਾਂ ਖਾਰ ਵਾਲੇ ਪ੍ਰਭਾਵ ਦਾ ਕੋਈ ਡਰ ਨਹੀਂ ਹੁੰਦਾ।



### ਲਾਭ

ਅੱਜਕੱਲ੍ਹ ਜ਼ਿਆਦਾਤਰ ਲੋਕੀਂ ਮੋਟਾਪੇ ਦੇ ਸ਼ਿਕਾਰ ਹੁੰਦੇ ਜਾ ਰਹੇ ਹਨ। ਸ਼ਾਇਦ ਤੁਸੀਂ ਨਹੀਂ ਜਾਣਦੇ ਕਿ ਕਿਸੇ ਵਿਅਕਤੀ ਦੇ ਪਾਣੀ-ਪੀਣ ਨਾਲ ਅਤੇ ਮੋਟੇ ਹੋਣ ਦਾ ਗਹਿਰਾ ਸਬੰਧ ਹੈ। ਇਹ ਵਿਗਿਆਨਕ ਤੱਥ ਹੈ ਕਿ ਘੱਟ ਪਾਣੀ-ਪੀਣ ਨਾਲ ਮੋਟਾਪਾ ਹੋ ਜਾਂਦਾ ਹੈ ਅਤੇ ਜ਼ਿਆਦਾ ਪਾਣੀ-ਪੀਣ ਨਾਲ ਮੋਟਾਪਾ ਘੱਟ ਜਾਂਦਾ ਹੈ। ਅਜਿਹਾ ਇਸ ਕਰਕੇ ਹੁੰਦਾ ਹੈ ਕਿ ਗੁਰਦਿਆਂ ਨੂੰ ਪੂਰਨ ਰੂਪ ਵਿਚ ਕੰਮ ਕਰਨ ਲਈ ਪਾਣੀ ਦੀ ਲੋੜ ਹੁੰਦੀ ਹੈ ਅਤੇ ਜੇ ਪੂਰੀ ਤਰ੍ਹਾਂ ਪਾਣੀ ਨਾ ਮਿਲੇ ਤਾਂ ਇਹ ਠੀਕ ਤਰ੍ਹਾਂ ਕੰਮ ਨਹੀਂ ਕਰ ਸਕਦੇ। ਜਦੋਂ ਇਹ ਪੂਰੀ ਤਰ੍ਹਾਂ ਕੰਮ ਨਹੀਂ ਕਰ ਪਾਉਂਦੇ ਉਦੋਂ ਇਹ ਆਪਣਾ ਕੁਝ ਕੰਮ ਜਿਗਰ ਦੇ ਸਪੁਰਦ ਕਰ ਦੇਂਦੇ ਹਨ ਪਰ ਜਿਗਰ ਦਾ ਕੰਮ ਤਾਂ ਸਰੀਰ ਵਿਚਲੀ ਫੈਟ ਨੂੰ ਪਚਾ ਕੇ ਊਰਜਾ ਪੈਦਾ ਕਰਨਾ ਹੈ ਤਾਂ ਜੋ ਸਰੀਰ ਆਪਣੇ ਕੰਮ ਸੁਚਾਰੂ ਰੂਪ ਵਿਚ ਕਰ ਸਕੇ। ਜਦੋਂ ਗੁਰਦਾ ਵੀ ਆਪਣੇ ਕੰਮ ਦਾ ਭਾਰ ਜਿਗਰ 'ਤੇ ਪਾ ਦਿੰਦਾ ਹੈ ਤਾਂ ਉਹ ਪੂਰੀ ਤਰ੍ਹਾਂ ਕੰਮ ਨਹੀਂ ਕਰ ਪਾਉਂਦਾ। ਇਸ ਕਰਕੇ ਸਰੀਰ 'ਤੇ ਚਿਕਨਾਈ ਦੀਆਂ ਪਰਤਾਂ ਚੜ੍ਹ ਜਾਂਦੀਆ ਹਨ। ਅੱਜਕੱਲ੍ਹ ਦੀ ਭੱਜ-ਨੱਠ ਵਾਲੀ ਜ਼ਿੰਦਗੀ ਅਤੇ ਸਹੀ ਖ਼ੁਰਾਕ ਨਾ ਖਾਣ ਨਾਲ ਅਕਸਰ ਲੋਕਾਂ ਨੂੰ ਬਦਹਜ਼ਮੀ ਅਤੇ ਕਬਜ਼ ਦੀ ਸ਼ਿਕਾਇਤ ਹੋ ਜਾਂਦੀ ਹੈ। ਕਬਜ਼ ਦੂਰ ਕਰਨ ਦਾ ਸਭ ਤੋਂ ਵਧੀਆ ਤਰੀਕਾ ਰੱਜ ਕੇ ਪਾਣੀ-ਪੀਣਾ ਚਾਹੀਦਾ ਹੈ। ਸਵੇਰੇ ਉੱਠਦਿਆਂ ਸਾਰ ਹੀ ਤਾਜ਼ੇ ਪਾਣੀ ਦੇ ਦੋ ਗਲਾਸ ਪੀਣ ਮਗਰੋਂ ਹਲਕਾ ਟਹਿਲਣਾ ਚਾਹੀਦਾ ਹੈ। ਇਸ ਤਰ੍ਹਾਂ ਪੇਟ ਚੰਗੀ ਤਰ੍ਹਾਂ ਸਾਫ਼ ਹੋ ਜਾਂਦਾ ਹੈ ਅਤੇ ਬੰਦੇ ਨੂੰ ਕਬਜ਼ ਤੋਂ ਛੁਟਕਾਰਾ ਮਿਲ ਜਾਂਦਾ ਹੈ। ਜੇ ਸਰਦੀਆਂ ਹੋਣ ਤਾਂ ਪਾਣੀ ਨੂੰ ਹਲਕਾ ਕੋਸਾ ਕਰ ਕੇ ਵੀ ਪੀ ਸਕਦੇ ਹੋ। ਪਾਣੀ ਵਿਚ ਨਿੰਬੂ ਨਿਚੋੜ ਕੇ ਤੇ ਲੂਣ ਵੀ ਪੀ ਸਕਦੇ ਹੋ। ਇਸ ਤਰ੍ਹਾਂ ਸਰੀਰ ਵਿਚ ਇਹ ਪਾਣੀ ਹੌਲੀ-ਹੌਲੀ ਤੁਰੇਗਾ ਅਤੇ ਅੰਗਾਂ ਦੀ ਚੰਗੀ ਤਰ੍ਹਾਂ ਸਫ਼ਾਈ ਕਰਦਾ ਜਾਵੇਗਾ। ਨਿੰਬੂ ਅਤੇ ਲੂਣ ਮਿਲੇ ਪਾਣੀ ਨੂੰ ਆਤੜੀਆਂ ਵਿਚੋਂ ਲੰਘਣ ਲਈ ਵੀਹ ਮਿੰਟ ਲੱਗਦੇ ਹਨ ਜਦੋਂ ਕਿ ਸਾਦਾ ਪਾਣੀ-ਪੀਣ ਨਾਲ ਸਿਰਫ਼ ਦਸ ਮਿੰਟ ਹੀ ਲੱਗਦੇ ਹਨ। ਜਿਨ੍ਹਾਂ ਲੋਕਾਂ ਨੂੰ ਬਲੱਡ ਪ੍ਰੈਸ਼ਰ ਦੀ ਸ਼ਿਕਾਇਤ ਹੈ ਉਨ੍ਹਾਂ ਨੂੰ ਪਾਣੀ ਵਿਚ ਲੂਣ ਨਹੀਂ ਪਾਉਣਾ ਚਾਹੀਦਾ। ਅਸੀਂ ਖ਼ੁਰਾਕ ਵਿਚ ਪ੍ਰੋਟੀਨ ਵਾਲੇ ਪਦਾਰਥਾਂ ਦੀ ਆਮ ਵਰਤੋਂ ਕਰਦੇ ਹਾਂ। ਸਰੀਰ ਵਿਚ ਜਦੋਂ ਪ੍ਰੋਟੀਨ ਦਾ ਮੈਟਾਬੋਲਿਜ਼ਮ ਹੁੰਦਾ ਹੈ ਤਾਂ ਇਕ ਯੂਰੀਆ ਬਣਦਾ ਹੈ। ਇਸ ਯੂਰੀਆ ਦਾ ਪਿਸ਼ਾਬ ਰਾਹੀ ਸਰੀਰ ਤੋਂ ਖਾਰਜ ਹੋਣਾ ਜ਼ਰੂਰੀ ਹੈ। ਜਿੰਨੀ ਜ਼ਿਆਦਾ ਪ੍ਰੋਟੀਨ ਅਸੀਂ ਖਾਵਾਂਗੇ ਉਨ੍ਹਾਂ ਹੀ ਜ਼ਿਆਦਾ ਯੂਰੀਆ ਬਣੇਗਾ। ਇਸ ਲਈ ਪ੍ਰੋਟੀਨ ਖਾਣ ਨਾਲ ਪੈਦਾ ਹੋਏ ਯੂਰੀਆ ਤੋਂ ਛੁਟਕਾਰਾ ਪਾਉਣ ਲਈ ਸਾਨੂੰ ਜ਼ਿਆਦਾ ਮਾਤਰਾ ਵਿਚ ਪਾਣੀ-ਪੀਣ ਦੀ ਲੋੜ ਹੁੰਦੀ ਹੈ। ਤੁਸੀਂ ਆਮ ਵੇਖਿਆ ਹੋਣਾ ਹੈ ਕਿ ਕਈ ਵਿਅਕਤੀਆਂ ਦੇ ਸਾਹ ਵਿੱਚੋਂ ਬਹੁਤ ਬਦਬੂ ਆਉਂਦੀ ਹੈ ਤੇ ਉਨ੍ਹਾਂ ਨਾਲ ਗੱਲ ਕਰਨਾ ਵੀ ਔਖਾ ਹੋ ਜਾਂਦਾ ਹੈ। ਸਾਹ ਰਾਹੀ ਬਦਬੂ ਆਉਣਾ ਇਸ ਗੱਲ ਦਾ ਸੰਕੇਤ ਹੈ ਕਿ ਤੁਹਾਡੇ ਸਰੀਰ ਨੂੰ ਪਾਣੀ ਦੀ ਬਹੁਤ ਲੋੜ ਹੈ। ਇਸ ਲਈ ਤੁਹਾਨੂੰ ਜ਼ਿਆਦਾ ਮਾਤਰਾ ਵਿਚ ਪਾਣੀ—ਪੀਣਾ ਚਾਹੀਦਾ ਹੈ। ਮੂੰਹ ਵਿਚ ਪੈਦਾ ਹੋਣ ਵਾਲਾ ਸਲਾਈਵਾ ਦੰਦਾਂ ਤੋਂ ਬੈਕਟੀਰੀਆ ਹਟਾਉਂਦਾ ਹੈ ਅਤੇ ਜੀਭ ਨੂੰ ਤਰ ਰੱਖਦਾ ਹੈ। ਸਾਹ ਵਿਚ ਬਦਬੂ ਆਉਣ ਦੇ ਕਈ ਕਾਰਨ ਹੋ ਸਕਦੇ ਹਨ ਪਰ ਹਰ ਰੋਜ਼ 7-8 ਗਲਾਸ ਪਾਣੀ—ਪੀਣ ਨਾਲ ਇਸ ਬਦਬੂ ਤੋਂ ਕਾਫ਼ੀ ਹੱਦ ਤਕ ਛੁਟਕਾਰਾ ਪਾਇਆ ਜਾ ਸਕਦਾ ਹੈ। ਹਰ ਰੋਜ਼ ਪਾਣੀ-ਪੀਣ ਨਾਲ ਤੁਹਾਡੇ ਚਿਹਰੇ 'ਤੇ ਰੰਗਤ ਆ ਜਾਂਦੀ ਹੈ ਤੇ ਤੁਹਾਡਾ ਚਿਹਰਾ ਖਿੜਿਆ-ਖਿੜਿਆ ਵਿਖਾਈ ਦੇਣ ਲੱਗਦਾ ਹੈ। ਸ਼ਾਇਦ ਤੁਸੀਂ ਨਹੀਂ ਜਾਣਦੇ ਕਿ ਐਨਾ ਨੂਰ ਤਾਂ ਤੁਹਾਡੇ ਚਿਹਰੇ 'ਤੇ ਕਈ ਤਰ੍ਹਾਂ ਦੀਆਂ ਕਰੀਮਾਂ ਮਲ ਕੇ ਵੀ ਨਹੀਂ ਆਉਂਦਾ। ਅੱਖਾਂ ਦੇ ਥੱਲੇ ਬਣੇ ਹੋਏ ਕਾਲੇ ਦਾਇਰੇ ਅਤੇ ਅੰਦਰ ਧਸੀਆਂ ਹੋਈਆਂ ਅੱਖਾਂ ਤੁਹਾਡੇ ਲਈ ਇਕ ਕਿਸਮ ਦੀ ਚੇਤਾਵਨੀ ਹੈ ਕਿ ਤੁਹਾਨੂੰ ਪਾਣੀ ਦੀ ਜ਼ਿਆਦਾ ਵਰਤੋਂ ਕਰਨੀ ਚਾਹੀਦੀ ਹੈ। ਸਰੀਰ ਨੂੰ ਅੰਦਰੋਂ ਸਾਫ਼ ਰੱਖੋ, ਚਿਹਰੇ 'ਤੇ ਰੰਗਤ ਖ਼ੁਦ-ਬ-ਖ਼ੁਦ ਆ ਜਾਵੇਗੀ। ਉਲਟੀਆਂ ਅਤੇ ਟੱਟੀਆਂ ਆਉਣ ਕਰ ਕੇ ਬੱਚਿਆਂ ਵਿਚ ਪਾਣੀ ਦੀ ਘਾਟ ਹੋ ਜਾਂਦੀ ਹੈ ਤੇ ਜੇ ਇਸ ਘਾਟ ਨੂੰ ਪੂਰਾ ਨਾ ਕੀਤਾ ਜਾਵੇ ਤਾਂ ਬੱਚੇ ਦੀ ਜਾਨ ਨੂੰ ਖ਼ਤਰਾ ਹੋ ਸਕਦਾ ਹੈ। ਅਜਿਹੀ ਅਵਸਥਾ ਵਿਚ ਓ.ਆਰ.ਐਸ ਦਾ ਘੋਲ ਪਿਲਾਉਂਦੇ ਰਹਿਣਾ ਚਾਹੀਦਾ ਹੈ ਜਾਂ ਪਾਣੀ ਉਬਾਲ ਕੇ ਅਤੇ ਉਸ ਵਿਚ ਖੰਡ, ਲੂਣ ਅਤੇ ਮਿੱਠਾ ਸੋਡਾ ਮਿਲਾ ਕੇ ਥੋੜ੍ਹੀ-ਥੋੜ੍ਹੀ ਦੇਰ ਮਗਰੋਂ ਪਿਲਾਉਂਦੇ ਰਹਿਣਾ ਚਾਹੀਦਾ ਹੈ ਤਾਂ ਜੋ ਸਰੀਰ ਵਿਚ ਪਾਣੀ ਦੀ ਘਾਟ ਨਾ ਹੋਵੇ।

### ਬੰਦ ਬੋਤਲ ਪਾਣੀ

ਅੱਜਕੱਲ੍ਹ ਪਤਾ ਨਹੀਂ ਕੋਈ ਰਿਵਾਜ਼ ਹੈ ਜਾਂ ਸਟੇਟਸ ਸਿੰਬਲ ਹੈ ਕਿ ਬੰਦ ਬੋਤਲ ਪਾਣੀ ਜਿਸ ਨੂੰ ਕਿ ਮਿਨਰਲ ਵਾਟਰ ਕਹਿ ਕੇ ਵੇਚਿਆ ਜਾਂਦਾ ਹੈ। ਇਸ ਦੀ ਸੇਲ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਇਹ ਪਾਣੀ ਬੋਤਲਾਂ ਤੋਂ ਇਲਾਵਾ ਡੱਬਿਆਂ ਵਿਚ ਵੀ ਮਿਲਦਾ ਹੈ। ਨਵੀਆਂ ਹੋਈਆਂ ਖੋਜਾਂ ਅਨੁਸਾਰ ਬੰਦ ਬੋਤਲ ਪਾਣੀ ਬੰਦੇ ਲਈ ਅੰਮ੍ਰਿਤ ਦੀ ਬਜਾਏ ਇਕ ਤਰ੍ਹਾਂ ਦਾ ਜ਼ਹਿਰ ਹੈ। ਪਲਾਸਟਿਕ ਦੀ ਬੋਤਲ ਜਾਂ ਡਿੱਬੇ ਵਿਚ ਲੰਮੇ ਸਮੇਂ ਤਕ ਮਿਨਰਲ ਵਾਟਰ ਪਿਆ ਰਹਿਣ ਨਾਲ ਉਸ ਪਲਾਸਟਿਕ 'ਚੋਂ ਐਂਟੀਮਨੀ ਨਾਂ ਦਾ ਇਕ ਰਸਾਇਣ ਪੈਦਾ ਹੋ ਜਾਂਦਾ ਹੈ ਜਿਹੜਾ ਕਿ ਪਾਣੀ ਵਿਚ ਘੁਲਣ ਮਗਰੋਂ ਸਿਹਤ ਲਈ ਕਾਫ਼ੀ ਖ਼ਤਰਨਾਕ ਸਿੱਧ ਹੁੰਦਾ ਹੈ। ਇਸ ਤਰ੍ਹਾਂ ਦੇ ਪਾਣੀ ਨੂੰ ਪੀਣ ਨਾਲ ਬੰਦੇ ਨੂੰ ਉਲਟੀਆਂ ਵੀ ਆ ਸਕਦੀਆਂ ਹਨ ਅਤੇ ਇਸ ਤਰ੍ਹਾਂ ਦੇ ਹਾਲਾਤ ਵਿਚ ਮੌਤ ਵੀ ਹੋ ਸਕਦੀ ਹੈ ਕਿਉਂਕਿ ਐਂਟੀਮਨੀ ਦੀ ਥੋੜ੍ਹੀ ਜਿੰਨੀ ਮਾਤਰਾ ਵੀ ਸਰੀਰ ਵਿਚ ਘੁਲਣ ਨਾਲ ਜ਼ਹਿਰੀਲਾਪਨ ਪੈਦਾ ਹੋ ਜਾਂਦਾ ਹੈ। ਨਵੀਆਂ ਖੋਜਾਂ ਰਾਹੀ ਇਹ ਤੱਤ ਵੀ ਸਾਹਮਣੇ ਆਏ ਹਨ ਕਿ ਪਲਾਸਟਿਕ ਦੀਆਂ ਬੋਤਲਾਂ ਵਾਲਾ ਪਾਣੀ ਐਸਟਰੋਜਨ ਅਤੇ ਹੋਰ ਕਈ ਤਰ੍ਹਾਂ ਦੇ ਹਾਰਮੋਨਜ਼ ਨੂੰ ਨੁਕਸਾਨ ਪਹੁੰਚਾਉਂਦਾ ਹੈ ਅਤੇ ਸੰਤਾਨ ਪੈਦਾ ਕਰਨ ਵਿਚ ਰੁਕਾਵਟ ਆ ਜਾਂਦੀ ਹੈ।

98153 59222

### ਪੀਣ ਵਾਲਾ ਪਾਣੀ ਕਿਹੋ ਜਿਹਾ ਹੋਵੇ

*ਪੀਣ ਵਾਲਾ ਪਾਣੀ ਸਾਫ਼-ਸੁਥਰਾ ਅਤੇ ਜੀਵਾਣੂ ਅਤੇ ਕੀਟਾਣੂ ਰਹਿਤ ਹੋਣਾ ਚਾਹੀਦਾ ਹੈ। ਅੱਜਕੱਲ੍ਹ ਪਾਣੀ ਸਾਫ਼ ਕਰਨ ਦੇ ਕਈ ਤਰ੍ਹਾਂ ਦੇ ਯੰਤਰ ਬਾਜ਼ਾਰ ਵਿਚ ਮਿਲਦੇ ਹਨ ਪਰ ਇਨ੍ਹਾਂ ਦੀ ਵਰਤੋਂ ਨਾਲ ਵੀ ਕਿਸੇ ਹੱਦ ਤਕ ਹੀ ਪਾਣੀ ਸਾਫ਼ ਹੋ ਸਕਦਾ ਹੈ, ਬਿਲਕੁਲ ਸ਼ੁੱਧ ਨਹੀਂ। ਪਾਣੀ ਨੂੰ ਪੀਣ ਯੋਗ ਬਣਾਉਣ ਲਈ ਸਭ ਤੋਂ ਸਸਤਾ ਅਤੇ ਵਧੀਆ ਤਰੀਕਾ ਹੈ ਉਬਾਲਣਾ। ਪਾਣੀ ਨੂੰ ਉਬਾਲ ਕੇ ਠੰਢਾ ਕਰ ਕੇ ਪੀਣਾ ਚਾਹੀਦਾ ਹੈ। ਪਾਣੀ ਅਸ਼ੁੱਧ ਹੋਣ ਨਾਲ ਅਤੇ ਇਸ ਦੀ ਵਰਤੋਂ ਕਰਨ ਨਾਲ ਕਈ ਤਰ੍ਹਾਂ ਦੇ ਰੋਗ ਲੱਗਣ ਦਾ ਡਰ ਰਹਿੰਦਾ ਹੈ। ਹੈਜ਼ਾ, ਟਾਈਫਾਇਡ ਆਦਿ ਰੋਗ ਦੂਸ਼ਿਤ ਪਾਣੀ ਦੀ ਵਰਤੋਂ ਨਾਲ ਲੱਗਦੇ ਹਨ ਅਤੇ ਫੈਲਦੇ ਹਨ। ਸ਼ਹਿਰਾਂ ਵਿਚ ਫੈਕਟਰੀਆਂ ਵੱਲੋਂ ਖਾਰਜ ਕੀਤੇ ਜ਼ਹਿਰੀਲੇ ਪਦਾਰਥ ਪਾਣੀ ਵਿਚ ਮਿਲ ਜਾਂਦੇ ਹਨ। ਪਾਣੀ ਦੀ ਵਰਤੋਂ ਜਦੋਂ ਸਬਜ਼ੀਆਂ ਅਤੇ ਹੋਰ ਫਸਲਾਂ ਉਗਾਉਣ ਲਈ ਕੀਤੀ ਜਾਂਦੀ ਹੈ ਤਾਂ ਇਨ੍ਹਾਂ ਜਿਨਸਾਂ ਵਿਚ ਹੈਵੀ ਮੈਟਲਜ਼ ਦੀ ਚੋਖੀ ਮਾਤਰਾ ਹੋ ਜਾਂਦੀ ਹੈ ਜਿਹੜੀ ਕਿ ਜਿਗਰ, ਗੁਰਦੇ ਅਤੇ ਹੱਡੀਆਂ 'ਤੇ ਮਾਰੂ ਅਸਰ ਕਰਦੀਆਂ ਹਨ। ਵਿਗਿਆਨਕ ਸਰਵੇਖਣ ਰਾਹੀਂ ਪਤਾ ਲੱਗਿਆ ਹੈ ਕਿ ਇਹੋ ਜਿਹੇ ਪਾਣੀ ਨਾਲ ਸੰਚਾਈ ਕੀਤੀਆਂ ਫਸਲਾਂ ਵਿਚ ਲੈੱਡ, ਕਾਪਰ, ਜ਼ਿੰਕ ਅਤੇ ਕੈਡਮੀਅਮ ਦੀ ਬਹੁਤ ਜ਼ਿਆਦਾ ਮਾਤਰਾ ਹੁੰਦੀ ਹੈ ਜਿਨ੍ਹਾਂ ਦੀ ਵਰਤੋਂ ਨਾਲ ਕੈਂਸਰ ਵਰਗੇ ਭਿਆਨਕ ਰੋਗ ਹੋਣ ਦੀ ਸੰਭਾਵਨਾ ਰਹਿੰਦੀ ਹੈ। ਪੀਣ ਵਾਲਾ ਪਾਣੀ ਨਾ ਤਾਂ ਬਹੁਤ ਠੰਢਾ ਅਤੇ ਨਾ ਹੀ ਬਹੁਤਾ ਗਰਮ ਹੋਣਾ ਚਾਹੀਦਾ ਹੈ।*

# ਹੋਮਿਓਪੈਥੀ ਦੇ ਝਰੋਖੇ 'ਚੋਂ ਬੱਚੇਦਾਨੀ ਦੀ ਇਨਫੈਕਸ਼ਨ ਅਤੇ ਰਸੌਲੀਆਂ



ਔਰਤਾਂ ਵਿਚ ਬੱਚੇਦਾਨੀ ਦੀ ਸੋਜ਼ ਅਤੇ ਇਨਫੈਕਸ਼ਨ ਹੋਣ ਦੇ ਅਹਿਮ ਕਾਰਨ ਉਸ ਦੀ ਇੰਮੂਨਿਟੀ ਦਾ ਘਟਣਾ ਹੁੰਦਾ ਹੈ ਤਾਂ ਸਿੱਟੇ ਵਜੋਂ ਕੀਟਾਣੂ ਆਸਾਨੀ ਨਾਲ ਹਮਲਾ ਕਰ ਸਕਦੇ ਹਨ ਅਤੇ ਔਰਤ ਇਨਫੈਕਸ਼ਨ ਦਾ ਸ਼ਿਕਾਰ ਹੋ ਜਾਂਦੀ ਹੈ।

ਇਨਫੈਕਸ਼ਨ ਹੋਣ ਦੇ ਮੁੱਖ ਕਾਰਨ ਜਣੇਪਾ ਸਹੀ ਡਾਕਟਰੀ ਮਦਦ ਤੋਂ ਬਿਨਾਂ ਘਰ ਵਿਚ ਹੋਣਾ, ਵਾਰ-ਵਾਰ ਅਬੋਰਸ਼ਨ ਹੋਣਾ, ਗਰਭ ਨਿਰੋਧਕ ਤਕਨੀਕਾਂ ਦਾ ਇਸਤੇਮਾਲ ਠੀਕ ਢੰਗ ਨਾਲ ਨਾ ਹੋਣਾ, ਬੱਚੇਦਾਨੀ ਦਾ ਆਪ੍ਰੇਸ਼ਨ ਹੋਣ ਤੋਂ ਬਾਅਦ, ਮੀਨੋਪਾਜ਼ ਤੋਂ ਬਾਅਦ ਬੱਚੇਦਾਨੀ ਦੀ ਟੀ. ਬੀ.। ਇਸ ਇਨਫੈਕਸ਼ਨ ਵਿਚ ਮਰੀਜ਼ ਨੂੰ ਲਗਾਤਾਰ ਪੇਟ ਦਰਦ ਅਤੇ ਕਮਰ ਦਰਦ ਰਹਿੰਦਾ ਹੈ। ਨਲਾਂ ਵਿਚ ਦਰਦ ਹੋਣਾ, ਪਿਸ਼ਾਬ ਦੀ ਵਾਰ-ਵਾਰ ਹਾਜ਼ਤ ਹੋਣਾ ਅਤੇ ਜਲਣ ਅਤੇ ਖੁਜਲੀ ਹੋਣਾ, ਹਲਕਾ ਬੁਖਾਰ ਅਤੇ ਪੇਟ ਦੇ ਹੇਠਲੇ ਹਿੱਸੇ ਵਿਚ ਦਰਦ ਜੋ ਕਿ ਮਹਾਂਵਾਰੀ ਦੇ ਦਿਨਾਂ ਵਿਚ ਵਧ ਜਾਂਦੀ ਹੈ।

ਬੱਚੇਦਾਨੀ ਦੀਆਂ ਰਸੌਲੀਆਂ ਵੀ ਬੱਚੇਦਾਨੀ ਦੀ ਸੋਜ਼ ਅਤੇ ਇਨਫੈਕਸ਼ਨ ਨੂੰ ਵਧਾਉਣ ਦਾ ਮੁੱਖ ਕਾਰਨ ਬਣਦੀਆਂ ਹਨ। ਜਿਸ ਵਿਚ ਮਹਾਂਵਾਰੀ ਦਾ ਅਸੰਤੁਲਨ ਹੋਣਾ, ਭਾਰ ਪੈਣ ਦੀ ਸਮੱਸਿਆ, ਪਾਣੀ ਪੈਣਾ ਅਤੇ ਕਮਰ ਦਰਦ ਹੋਣਾ ਵਰਗੇ ਲੱਛਣ ਪਾਏ ਜਾਂਦੇ ਹਨ। ਇਨ੍ਹਾਂ ਬਿਮਾਰੀਆਂ ਤੋਂ ਛੁਟਕਾਰਾ ਪਾਉਣ ਲਈ ਆਧੁਨਿਕ ਸਾਇੰਸ ਵਿਚ ਆਪ੍ਰੇਸ਼ਨ ਰਾਹੀਂ ਇਲਾਜ ਕੀਤਾ ਜਾਂਦਾ ਹੈ ਪਰ ਆਪ੍ਰੇਸ਼ਨ ਦੀ ਲੋੜ ਹਰ ਇਕ ਉਸ ਔਰਤ ਨੂੰ ਨਹੀਂ ਹੁੰਦੀ ਜੋ ਕਿ ਰਸੌਲੀਆਂ ਤੋਂ ਪ੍ਰਭਾਵਿਤ ਹੁੰਦੀ ਹੈ। ਮਰੀਜ਼ਾਂ ਨੂੰ ਆਪ੍ਰੇਸ਼ਨ ਦੇ ਸਾਰੇ ਪਹਿਲੂਆਂ ਤੋਂ ਜਾਣੂ ਕਰਵਾਉਣਾ ਇਕ ਡਾਕਟਰ ਦਾ ਮੁੱਢਲਾ ਫਰਜ਼ ਹੁੰਦਾ ਹੈ। ਆਪ੍ਰੇਸ਼ਨ ਤੋਂ ਬਾਅਦ ਸਰੀਰ ਵਿਚ ਆਉਣ ਵਾਲੀਆਂ ਤਬਦੀਲੀਆਂ ਜਿਵੇਂ ਦਿਲ ਦੀ ਧੜਕਣ ਦਾ ਵਧਣਾ, ਹੱਡੀਆਂ ਖੁਰਨੀਆਂ, ਜੋੜਾਂ ਦੇ ਦਰਦ, ਰੀੜ੍ਹ ਦੀ ਹੱਡੀ ਦੀਆਂ ਬਿਮਾਰੀਆਂ, ਪਾਚਣ ਸ਼ਕਤੀ ਕਮਜ਼ੋਰ ਹੋਣਾ, ਛਾਤੀ ਦੇ ਕੈਂਸਰ ਦੀ ਸੰਭਾਵਨਾ ਦਾ ਵਧਣਾ ਆਦਿ ਬਾਰੇ ਮਰੀਜ਼ਾਂ ਨੂੰ ਸਮਝਾਉਣਾ ਬਹੁਤ ਜ਼ਰੂਰੀ ਹੈ।

ਉਪਰੋਕਤ ਬਿਮਾਰੀਆਂ ਤੋਂ ਇਲਾਵਾ ਇਕ ਹੋਰ ਬਿਮਾਰੀ ਜੋ ਕਿ ਔਰਤਾਂ ਵਿਚ ਬੇਔਲਾਦਪਨ ਦਾ ਇਕ ਮੁੱਖ ਕਾਰਨ ਹੁੰਦੀ ਹੈ ਉਹ ਹੈ ਬੱਚੇਦਾਨੀ ਦੀ ਟੀ. ਬੀ. ਜਿਸ ਵਿਚ ਬੱਚੇਦਾਨੀ ਦੀ ਸੋਜ਼ ਹੋ ਜਾਂਦੀ ਹੈ ਅਤੇ ਬੱਚੇਦਾਨੀ ਦੀ ਇਨਫੈਕਸ਼ਨ ਦਾ ਕਾਰਨ ਬਣਦੀ ਹੈ। ਇਸ ਵਿਚ ਔਰਤਾਂ ਦੀ ਮਹਾਂਵਾਰੀ ਬੰਦ ਹੋ ਜਾਂਦੀ ਹੈ ਪੇਟ ਵਿਚ ਦਰਦ ਹੋਣਾ, ਤੇਜ਼ ਬੁਖਾਰ, ਜੀਅ ਕੱਚਾ ਹੋਣਾ ਅਤੇ ਉਲਟੀਆਂ ਆਉਣਾ ਵਰਗੇ ਲੱਛਣ ਹੁੰਦੇ ਹਨ।

ਹੋਮਿਓਪੈਥਿਕ ਇਲਾਜ : ਚਾਹੇ ਬੱਚੇਦਾਨੀ ਦੀ ਇਨਫੈਕਸ਼ਨ ਹੋਵੇ ਜਾਂ ਰਸੌਲੀਆਂ ਜਾਂ ਫੇਰ ਬੱਚੇਦਾਨੀ ਦੀ ਟੀ. ਬੀ. ਸਹੀ ਸਮੇਂ 'ਤੇ ਬਿਮਾਰੀ ਦਾ ਪਤਾ ਲਗਾ ਕਿ ਉਸ ਦਾ ਇਲਾਜ ਕਰਵਾਉਣ ਨਾਲ ਬਿਮਾਰੀ ਨੂੰ ਵਧਣ ਤੋਂ ਰੋਕਿਆ ਜਾ ਸਕਦਾ ਹੈ, ਨਾਲ ਹੀ ਮਰੀਜ਼ ਬਿਨਾਂ ਕਿਸੇ ਦੂਰ ਪ੍ਰਭਾਵ ਤੋਂ ਤੰਦਰੁਸਤੀ ਹਾਸਲ ਕਰ ਸਕਦਾ ਹੈ।

ਹੋਮਿਓਪੈਥਿਕ ਇਲਾਜ ਪ੍ਰਣਾਲੀ ਬੱਚੇਦਾਨੀ ਦੀ ਇਨਫੈਕਸ਼ਨ ਦਾ ਇਲਾਜ ਬਹੁਤ ਸਫ਼ਲਤਾਪੂਰਵਕ ਕਰ ਰਹੀ ਹੈ। ਜਦੋਂ ਮਰੀਜ਼ ਦੀ ਪੂਰੀ ਕੇਸ ਹਿਸਟਰੀ ਲੈ ਕੇ ਦਵਾਈ ਦਿੱਤੀ ਜਾਂਦੀ ਹੈ ਤਾਂ ਉਹ ਪੂਰੇ ਸਰੀਰ ਉਤੇ ਅਸਰ ਕਰਦਿਆਂ ਹੋਇਆਂ ਬਿਮਾਰੀ ਨੂੰ ਠੀਕ ਕਰਦੀ ਹੈ ਅਤੇ ਸਰੀਰ ਨੂੰ ਤੰਦਰੁਸਤ ਕਰਦੀ ਹੈ। ਮਰੀਜ਼ ਦੀ ਇਮੂਨਿਟੀ ਵਧਾਉਂਦੀ ਹੈ ਤਾਂ ਜੋ ਉਹ ਅੱਗੋਂ ਵੀ ਕਿਸੇ ਭਿਆਨਕ ਬਿਮਾਰੀ ਦਾ ਸ਼ਿਕਾਰ ਹੋਣ ਤੋਂ ਬਚੇ ਰਹਿ ਸਕਣ।

**ਡਾ: ਅਮਨਦੀਪ ਕੌਰ**

# ਕੰਮ ਦੀ ਕਰੋ ਯੋਜਨਾਬੰਦੀ ਤੇ ਦਫ਼ਤਰ ਜਾਓ ਖ਼ੁਸ਼-ਖ਼ੁਸ਼



ਸਵੇਰ ਸਮੇਂ ਕੰਮ 'ਤੇ ਜਾਣ ਵਾਲੀਆਂ ਕਈ ਔਰਤਾਂ ਪ੍ਰੇਸ਼ਾਨੀ ਵਿਚ ਹਰ ਕੰਮ ਨਿਪਟਾਉਂਦੀਆਂ ਹਨ, ਉਨ੍ਹਾਂ ਨੂੰ ਬਹੁਤ ਗੁੱਸਾ ਆਉਂਦਾ ਹੈ, ਜਦੋਂ ਸਭ ਕੰਮ ਛੇਤੀ-ਛੇਤੀ ਕਰਨ 'ਤੇ ਵੀ ਉਹ ਦਫਤਰ ਤੋਂ ਲੇਟ ਹੋ ਜਾਂਦੀਆਂ ਹਨ। ਨਤੀਜੇ ਵਜੋਂ ਉਹ ਸਵੇਰੇ-ਸਵੇਰੇ ਹੀ ਤਣਾਅਗ੍ਰਸਤ ਹੋ ਜਾਂਦੀਆਂ ਹਨ। ਪਤੀ ਨਾਲ ਵੀ ਝਗੜਾ ਹੁੰਦਾ ਹੈ, ਉਹ ਝੁੰਜਲਾ ਜਾਂਦੀ ਹੈ ਅਤੇ ਆਪਣਾ ਗੁੱਸਾ ਬੱਚਿਆਂ 'ਤੇ ਕੱਢਦੀ ਹੈ।

ਪਰ ਕਈ ਔਰਤਾਂ ਨੂੰ ਕੋਈ ਪ੍ਰੇਸ਼ਾਨੀ ਨਹੀਂ ਹੁੰਦੀ, ਉਹ ਅੱਠ ਵਜੇ ਤੋਂ ਪਹਿਲਾਂ ਹੀ ਆਪਣਾ ਸਾਰਾ ਕੰਮ ਨਿਪਟਾ ਲੈਂਦੀਆਂ ਹਨ। ਵੈਸੇ ਵੀ ਉਹ ਸਾਰੇ ਕੰਮ ਖੁਸ਼ੀ-ਖੁਸ਼ੀ ਕਰਦੀਆਂ ਹਨ। ਚਾਹੇ ਕੰਮ ਤਾਂ ਇਕੋ ਜਿਹਾ ਹੀ ਹੁੰਦਾ ਹੈ ਪਰ ਫਰਕ ਹੈ ਤਾਂ ਸਿਰਫ ਸੋਚ ਅਤੇ ਸੁਭਾਅ ਦਾ। ਕਈ ਔਰਤਾਂ ਆਪਣੇ ਕੰਮ ਨੂੰ ਲੈ ਕੇ ਤਣਾਅਮੁਕਤ ਰਹਿੰਦੀਆਂ ਹਨ ਪਰ ਕਈ ਇਹ ਸੋਚ ਕੇ ਹੀ ਪ੍ਰੇਸ਼ਾਨ ਹੋ ਜਾਂਦੀਆਂ ਹਨ ਕਿ ਉਹ ਇਹ ਸਭ ਕਿਵੇਂ ਕਰਨਗੀਆਂ ?

ਦੂਜੇ ਪਾਸੇ ਹੋਰ ਔਰਤਾਂ ਨੂੰ ਪਤਾ ਹੁੰਦਾ ਹੈ ਕਿ ਉਨ੍ਹਾਂ ਨੂੰ ਇਹ ਸਭ ਕੁਝ ਆਪ ਹੀ ਕਰਨਾ ਪੈਣਾ ਹੈ, ਇਸ ਲਈ ਉਹ ਮਾਨਸਿਕ ਅਤੇ ਸਰੀਰਕ ਤੌਰ 'ਤੇ ਤਿਆਰ ਰਹਿੰਦੀਆਂ ਹਨ। ਜੇਕਰ ਤੁਸੀਂ ਨੌਕਰੀਪੇਸ਼ਾ ਹੋ ਤਾਂ ਤੁਸੀਂ ਵੀ ਚਾਹੁੰਦੇ ਹੋ ਕਿ ਤੁਹਾਡੇ ਮਨ 'ਤੇ ਕੰਮ ਦਾ ਬੋਝ ਨਾ ਪਵੇ ਅਤੇ ਤੁਸੀਂ ਤਣਾਅਮੁਕਤ ਰਹੋ, ਤਾਂ ਆਓ ਤੁਹਾਡੇ ਲਈ ਅਸੀਂ ਕੁਝ ਖਾਸ ਸੁਝਾਅ ਦੇ ਰਹੇ ਹਾਂ, ਜਿਨ੍ਹਾਂ ਨੂੰ ਅਪਣਾਅ ਕੇ ਤੁਸੀਂ ਆਪਣੇ-ਆਪ ਨੂੰ ਤਣਾਅਮੁਕਤ ਰੱਖ ਸਕਦੇ ਹੋ-

- ਇਹ ਰਾਤ ਨੂੰ ਹੀ ਤੈਅ ਕਰ ਲਵੋ ਕਿ ਸਵੇਰੇ ਨਾਸ਼ਤੇ ਜਾਂ ਦੁਪਹਿਰ ਦੇ ਖਾਣੇ ਲਈ ਕੀ ਬਣਾਉਣਾ ਹੈ। ਜੇਕਰ ਪਤੀ ਅਤੇ ਬੱਚਿਆਂ ਦੀ ਸਲਾਹ ਵੀ ਲੈ ਲਈ ਜਾਵੇ ਤਾਂ ਚੰਗਾ ਹੋਵੇਗਾ। ਸਵੇਰੇ ਨਾਸ਼ਤੇ ਦੇ ਲਈ ਪੂਰੀ ਸਮੱਗਰੀ ਰਸੋਈ ਦੀ ਸੈਲਫ 'ਤੇ ਰੱਖ ਲਓ। ਆਪਣਾ, ਪਤੀ ਅਤੇ ਬੱਚਿਆਂ ਦਾ ਟਿਫਨ ਧੋ ਅਤੇ ਸਾਫ ਕਰਕੇ ਰੱਖੋ। ਦੁਪਹਿਰ ਦੇ ਖਾਣੇ ਲਈ ਬਣਾਉਣ ਵਾਲੀ ਸਬਜ਼ੀ ਕੱਟ ਕੇ ਵੀ ਰੱਖ ਸਕਦੇ ਹੋ।
- ਦਫਤਰ ਜਾਂਦੇ ਸਮੇਂ ਪਾਉਣ ਵਾਲੇ ਕੱਪੜਿਆਂ ਦੀ ਚੋਣ ਵੀ ਰਾਤ ਨੂੰ ਹੀ ਕਰ ਲਵੋ ਤਾਂ ਚੰਗੀ ਗੱਲ ਹੈ। ਉਸ ਦੇ ਨਾਲ ਕਿਹੜਾ ਗਹਿਣਾ ਪਾਉਣਾ ਹੈ ਜਾਂ ਜੋ ਤੁਹਾਨੂੰ ਹੋਰ ਕੋਈ ਜਚਦੀ ਪੁਸ਼ਾਕ ਪਹਿਨਣੀ ਹੈ, ਉਸ ਨੂੰ ਰਾਤ ਵੇਲੇ ਹੀ ਅਲਮਾਰੀ ਵਿਚੋਂ ਕੱਢ ਕੇ ਇਕ ਪਾਸੇ ਰੱਖ ਲਵੋ।
- ਬੱਚਿਆਂ ਅਤੇ ਪਤੀ ਦੇ ਕੱਪੜੇ ਵੀ ਤਿਆਰ ਕਰਕੇ ਰੱਖ ਦਿਓ। ਇਹ ਨਾ ਹੋਵੇ ਕਿ ਸਵੇਰੇ ਪਤੀ ਦਾ ਰੁਮਾਲ ਨਹੀਂ ਮਿਲ ਰਿਹਾ ਅਤੇ ਬੱਚਿਆਂ ਦੀਆਂ ਜ਼ੁਰਾਬਾਂ। ਇਹ ਸਭ ਰਾਤ ਨੂੰ ਹੀ ਰੱਖ ਲਵੋ। ਇਸ ਤਰ੍ਹਾਂ ਤੁਸੀਂ ਸਵੇਰ ਨੂੰ ਭੱਜ-ਦੌੜ ਤੋਂ ਬਚ ਸਕਦੇ ਹੋ।
- ਜੇਕਰ ਪਤੀ ਜਾਂ ਬੱਚੇ ਨਾਸ਼ਤੇ ਵਿਚ ਕਿਸੇ ਖਾਸ ਖਾਣੇ ਦੀ ਫਰਮਾਇਸ਼ ਕਰਨ, ਜਿਸ ਨੂੰ ਤਿਆਰ ਕਰਨ ਵਿਚ ਵਧੇਰੇ ਸਮਾਂ ਲਗਦਾ ਹੋਵੇ ਤਾਂ ਉਸ ਦੀ ਤਿਆਰੀ ਰਾਤ ਨੂੰ ਹੀ ਕਰ ਸਕਦੇ ਹੋ ਪਰ ਫਿਰ ਵੀ ਤੁਸੀਂ ਜੇਕਰ ਸਵੇਰੇ ਥੋੜ੍ਹਾ ਜਲਦੀ ਉਠੋਗੇ ਤਾਂ ਸਾਰਾ ਕੰਮ ਆਰਾਮ ਨਾਲ ਨਿਪਟਾ ਸਕੋਗੇ।
- ਬੱਚੇ ਜੇਕਰ ਵੱਡੇ ਹਨ ਤਾਂ ਰਾਤ ਨੂੰ ਸਬਜ਼ੀ ਕੱਟਣ, ਆਪਣੇ-ਆਪਣੇ ਕੱਪੜੇ ਕੱਢ ਕੇ ਰੱਖਣ ਅਤੇ ਛੋਟੇ-ਛੋਟੇ ਕੰਮਾਂ ਵਿਚ ਵੀ ਉਨ੍ਹਾਂ ਦੀ ਮਦਦ ਲੈ ਸਕਦੇ ਹੋ।
- ਜੇਕਰ ਬੱਚੇ ਨਾਸ਼ਤਾ ਕਰਦੇ ਸਮੇਂ ਜ਼ਿੱਦ ਕਰਨ ਜਾਂ ਨੁਕਤਾਚੀਨੀ ਕਰਨ ਤਾਂ ਉਨ੍ਹਾਂ ਨੂੰ ਨਾਸ਼ਤਾ ਕਰਾਉਣ ਵਿਚ ਪਤੀ ਦੀ ਮਦਦ ਲੈ ਸਕਦੇ ਹੋ।
- ਹਰ ਇਕ ਕੰਮ ਨੂੰ ਦਿਲਚਸਪੀ ਨਾਲ ਕਰੋ, ਚੀਜ਼ਾਂ ਨੂੰ ਬਹੁਤਾ ਨਾ ਖਿਲਾਰੋ, ਹਰ ਵਸਤੂ ਨੂੰ ਥਾਂ ਸਿਰ ਰੱਖਦੇ ਜਾਓ।
- ਸਵੇਰੇ ਉਠਣ ਦਾ ਸਮਾਂ ਨਿਸ਼ਚਿਤ ਕਰੋ। ਇਹ ਧਿਆਨ ਰੱਖੋ ਕਿ ਜੇਕਰ ਤੁਸੀਂ ਸਮੇਂ ਸਿਰ ਉਠ ਕੇ ਸਾਰਾ ਕੰਮ ਪੂਰਾ ਕਰ ਲਵੋਗੇ ਤਾਂ ਤੁਹਾਡਾ ਮੂਡ ਵੀ ਠੀਕ ਰਹੇਗਾ ਅਤੇ ਤੁਸੀਂ ਦਫਤਰ ਵੀ ਸਮੇਂ ਸਿਰ ਪਹੁੰਚੋਗੇ। ਇਹ ਦੇਖ ਲਵੋ ਕਿ ਤੁਹਾਨੂੰ ਪੂਰਾ ਕੰਮ ਕਰਨ ਵਿਚ ਕਿੰਨਾ ਸਮਾਂ ਲਗਦਾ ਹੈ, ਉਸ ਦੇ ਅਨੁਸਾਰ ਹੀ ਸਵੇਰੇ ਉਠੋ।
- ਬੱਚਿਆਂ ਨੂੰ ਤਿਆਰ ਕਰਨ, ਉਨ੍ਹਾਂ ਦੇ ਟਿਫਨ ਪੈਕ ਕਰਨ ਆਦਿ ਵਿਚ ਪਤੀ ਦੀ ਮਦਦ ਲੈ ਸਕਦੇ ਹੋ।
- ਪਤੀ ਨੂੰ ਨਿਮਰਤਾਪੂਰਬਕ ਮਦਦ ਕਰਨ ਲਈ ਕਹੋ। ਹੌਲੀ-ਹੌਲੀ ਉਹ ਤੁਹਾਡੀ ਪ੍ਰੇਸ਼ਾਨੀ ਨੂੰ ਸਮਝਦੇ ਹੋਏ ਤੁਹਾਨੂੰ ਸਹਿਯੋਗ ਕਰਨ ਲੱਗਣਗੇ।
- ਆਪਣੇ ਮਨ ਨੂੰ ਹਮੇਸ਼ਾ ਖੁਸ਼ ਰੱਖਣ ਦੀ ਕੋਸ਼ਿਸ਼ ਕਰੋ। ਕੰਮ ਨੂੰ ਭਾਰ ਨਾ ਸਮਝ ਕੇ ਆਪਣੇ ਨਿੱਤ ਦੇ ਕੰਮ ਦਾ ਹਿੱਸਾ ਸਮਝ ਕੇ ਨਿਪਟਾਓ। ਇਸ ਨਾਲ ਤੁਹਾਨੂੰ ਕੰਮ ਕਰਨ ਵਿਚ ਆਸਾਨੀ ਹੋਵੇਗੀ। **-ਭਾਸ਼ਣਾ ਬਾਂਸਲ**

# ਸਰਦੀਆਂ ਵਿਚ ਚਮੜੀ ਦੀ ਕੋਮਲਤਾ ਨੂੰ ਬਰਕਰਾਰ ਰਖੋ



ਠੰਢ ਤੋਂ ਬਚਣ ਲਈ ਲੋਕ ਕੱਪੜੇ, ਸਵੈਟਰ, ਦਸਤਾਨੇ ਆਦਿ ਪਹਿਨ ਕੇ ਆਪਣਾ ਪੂਰਾ ਸਰੀਰ ਢਕ ਲੈਂਦੇ ਹਨ। ਇਸ ਨਾਲ ਠੰਢ ਤੋਂ ਤਾਂ ਬਚਾਅ ਹੋ ਜਾਂਦਾ ਹੈ ਪਰ ਚਮੜੀ ਰੋਗਾਂ ਤੋਂ ਬਚਾਅ ਨਹੀਂ ਹੁੰਦਾ ਅਤੇ ਸਰਦੀਆਂ ਦਾ ਮੌਸਮ ਚਮੜੀ ਦੇ ਲਈ ਦੁਖਦਾਈ ਬਣ ਸਕਦਾ ਹੈ। ਇਸ ਲਈ ਚਮੜੀ ਪ੍ਰਤੀ ਵਰਤੀ ਗਈ ਥੋੜ੍ਹੀ ਲਾਪ੍ਰਵਾਹੀ ਉਸ ਨੂੰ ਬਦਰੰਗ ਅਤੇ ਰੁੱਖਾ ਬਣਾ ਸਕਦੀ ਹੈ। ਇਸ ਦੇ ਨਾਲ ਹੀ ਇਹ ਵੀ ਜ਼ਰੂਰੀ ਹੈ ਕਿ ਚਮੜੀ ਮਾਹਿਰਾਂ ਵੱਲੋਂ ਦੱਸੀਆਂ ਗਈਆਂ ਸਾਵਧਾਨੀਆਂ ਵਰਤ ਕੇ ਇਸ ਮੌਸਮ ਵਿਚ ਵੀ ਚਮੜੀ ਦੀ ਸੁੰਦਰਤਾ ਅਤੇ ਕੋਮਲਤਾ ਨੂੰ ਬਣਾਈ ਰੱਖਿਆ ਜਾ ਸਕਦਾ ਹੈ।

ਸਰਦੀ ਦੇ ਮੌਸਮ ਵਿਚ ਚਮੜੀ ਸਬੰਧੀ ਰੋਗਾਂ ਤੋਂ ਕਿਵੇਂ ਬਚਿਆ ਜਾਵੇ ? ਇਸ ਸਬੰਧ ਵਿਚ ਮਾਹਿਰ ਡਾਕਟਰ ਕਹਿੰਦੇ ਹਨ ਕਿ, 'ਚਮੜੀ ਰੁੱਖੀ ਹੋਣ 'ਤੇ ਕਈ ਬਿਮਾਰੀਆਂ ਹੁੰਦੀਆਂ ਹਨ ਅਤੇ ਚਮੜੀ ਰੁਖੀ ਹੋਣ ਦੇ ਵੀ ਕਈ ਕਾਰਨ ਹਨ। ਸਰਦੀ ਵਿਚ ਤਾਪਮਾਨ ਵਿਚ ਹੋਣ ਵਾਲੀ ਤਬਦੀਲੀ ਕਾਰਨ ਕੋਸ਼ਕਾਵਾਂ ਸੁੰਗੜ ਜਾਂਦੀਆਂ ਹਨ। ਚਮੜੀ ਵਿਚੋਂ ਨਿਕਲਣ ਵਾਲਾ ਕੁਦਰਤੀ ਤੇਲ ਉਹ ਗਰਮੀ ਵਿਚ ਪਸੀਨੇ ਦੇ ਨਾਲ ਨਿਕਲਦਾ ਹੈ ਜੋ ਸਰਦੀ ਵਿਚ ਨਹੀਂ ਨਿਕਲ ਪਾਉਂਦਾ। ਨਤੀਜੇ ਵਜੋਂ ਖਾਰਿਸ਼ ਹੋਣ ਲਗਦੀ ਹੈ ਅਤੇ ਚਮੜੀ ਵਿਚ ਖੁਸ਼ਕੀ ਦੀ ਸ਼ਿਕਾਇਤ ਹੋਣ ਲਗਦੀ ਹੈ। ਲੋਕ ਇਸ ਮੌਸਮ ਵਿਚ ਧੁੱਪ ਸੇਕਣਾ ਵੀ ਪਸੰਦ ਕਰਦੇ ਹਨ। ਜ਼ਿਆਦਾ ਸਮਾਂ ਧੁੱਪ ਵਿਚ ਰਹਿਣ ਨਾਲ 'ਸਕਿਨ ਟੋਨ' ਨਾਂਅ ਦੀ ਬਿਮਾਰੀ ਹੋ ਸਕਦੀ ਹੈ। ਇਸ ਨਾਲ ਚਮੜੀ ਬਦਰੰਗ ਹੋ ਸਕਦੀ ਹੈ। ਇਸ ਤੋਂ ਇਲਾਵਾ ਅਚਾਨਕ ਠੰਢ ਤੋਂ ਗਰਮੀ ਵਿਚ ਅਤੇ ਗਰਮੀ 'ਚੋਂ ਅਚਾਨਕ ਠੰਢ ਵਿਚ ਨਹੀਂ ਜਾਣਾ ਚਾਹੀਦਾ। ਇਸ ਨਾਲ ਸਰੀਰ ਦੇ ਤਾਪਮਾਨ ਵਿਚ ਤਬਦੀਲੀ ਆਉਂਦੀ ਹੈ, ਨਤੀਜੇ ਵਜੋਂ 'ਕੋਲਡ ਆਲਟੀਕੇਰੀਆ' ਵੀ ਹੋ ਸਕਦਾ ਹੈ। ਸਰਦੀ ਦੇ ਮੌਸਮ ਵਿਚ ਔਸਤਨ 37 ਡਿਗਰੀ ਗਰਮ ਪਾਣੀ ਨਾਲ ਨਹਾਉਣਾ ਚਾਹੀਦਾ ਹੈ। ਬਜ਼ੁਰਗਾਂ ਨੂੰ ਖੁਸ਼ਕ ਚਮੜੀ ਹੋਣ ਕਾਰਨ ਖਾਰਸ਼ ਵਧੇਰੇ ਹੁੰਦੀ ਹੈ, ਇਸ ਦਾ ਮੁੱਖ ਕਾਰਨ ਹੈ ਕਿ ਉਨ੍ਹਾਂ ਦੀਆਂ ਕੋਸ਼ਕਾਵਾਂ ਮ੍ਰਿਤ ਹੋ ਜਾਂਦੀਆਂ ਹਨ ਜਿਸ ਨਾਲ ਚਮੜੀ ਖੁਸ਼ਕ ਅਤੇ ਰੁੱਖੀ ਹੋ ਕੇ ਖਾਰਸ਼ ਹੋ ਜਾਂਦੀ ਹੈ, ਇਸ ਨੂੰ 'ਵਿੰਟਰ ਇੱਚ' ਕਿਹਾ ਜਾਂਦਾ ਹੈ। ਇਸ ਮੌਸਮ ਵਿਚ ਰੇਨਾਲਡਸ ਫਿਨਾਮਿਨਾ ਵੀ ਹੋ ਸਕਦਾ ਹੈ। ਇਸ ਬਿਮਾਰੀ ਵਿਚ ਨਹੁੰਆਂ ਵਿਚ ਖੂਨ ਦੀ ਪੂਰਤੀ ਨਹੀਂ ਹੁੰਦੀ ਅਤੇ ਇਹ ਨੀਲੇ ਪੈ ਜਾਂਦੇ ਹਨ। ਸਹੀ ਇਲਾਜ ਨਾ ਕਰਵਾਉਣ 'ਤੇ ਉਂਗਲੀਆਂ ਵੀ ਪਤਲੀਆਂ ਅਤੇ ਛੋਟੀਆਂ ਹੋਣ ਲਗਦੀਆਂ ਹਨ।

ਸਰਦੀ ਦੇ ਮੌਸਮ ਵਿਚ ਹੱਡੀਆਂ ਅਤੇ ਪੈਰ ਫਟਣ ਦੀ ਬਿਮਾਰੀ ਵੀ ਵਧੇਰੇ ਹੁੰਦੀ ਹੈ ਕਿਉਂਕਿ ਇਸ ਮੌਸਮ ਵਿਚ ਚਮੜੀ ਸਖਤ ਹੋ ਜਾਂਦੀ ਹੈ ਅਤੇ ਥੋੜ੍ਹੀ ਜਿਹੀ ਵੀ ਲਾਪ੍ਰਵਾਹੀ ਕਾਰਨ ਫਟ ਜਾਂਦੀ ਹੈ। ਇਸ ਤੋਂ ਇਲਾਵਾ ਕਈ ਤਰ੍ਹਾਂ ਦੀ ਹੋਰ ਖਾਰਸ਼ ਵੀ ਪ੍ਰੇਸ਼ਾਨ ਕਰਦੀ ਹੈ, ਜੋ ਕਿ ਸੰਕ੍ਰਾਮਿਕ ਵੀ ਹੋ ਸਕਦੀ ਹੈ।

ਸਰਦੀ ਆਉਂਦੇ ਹੀ ਬੱਚਿਆਂ ਵਿਚ ਚਮੜੀ ਦੀਆਂ ਬਿਮਾਰੀਆਂ ਪੈਦਾ ਹੋਣ ਲਗਦੀਆਂ ਹਨ। ਫੈਟ ਜਮ੍ਹਾ ਹੋਣ ਕਾਰਨ ਚਮੜੀ ਲਾਲ ਹੋ ਜਾਂਦੀ ਹੈ ਅਤੇ ਖਾਰਿਸ਼ ਸ਼ੁਰੂ ਹੋ ਜਾਂਦੀ ਹੈ। ਜ਼ਿਆਦਾ ਖਾਰਸ਼ ਕਰਨ ਨਾਲ ਜ਼ਖਮ ਵੀ ਹੋ ਜਾਂਦੇ ਹਨ, ਜਿਸ ਨੂੰ 'ਪੈਨੀਕੋਲਾਈਟਸ' ਕਿਹਾ ਜਾਂਦਾ ਹੈ। ਇਸ ਮੌਸਮ ਵਿਚ ਪੈਰ ਅਤੇ ਹੱਥ ਜਾਂ ਉਂਗਲਾਂ ਵਿਚ ਵੀ ਸੋਜ ਹੋ ਜਾਂਦੀ ਹੈ। ਜ਼ਿਆਦਾ ਦੇਰ ਤੱਕ ਪਾਣੀ ਵਿਚ ਕੰਮ ਕਰਨ ਨਾਲ ਖੂਨ ਦੀਆਂ ਕੋਸ਼ਕਾਵਾਂ ਸੁੰਗੜ ਜਾਂਦੀਆਂ ਹਨ, ਜਿਸ ਕਾਰਨ ਖੂਨ ਦਾ ਸੰਚਾਰ ਪੂਰੀ ਤਰ੍ਹਾਂ ਨਹੀਂ ਹੁੰਦਾ ਜਿਸ ਨਾਲ ਉਂਗਲਾਂ ਵਿਚ ਸੋਜ ਆ ਜਾਂਦੀ ਹੈ ਇਸ ਨੂੰ 'ਚਿੱਲ ਬਲੇਜਾ' ਕਿਹਾ ਜਾਂਦਾ ਹੈ।

ਸਰਦੀ ਦਾ ਮੌਸਮ ਉਨ੍ਹਾਂ ਲੋਕਾਂ ਲਈ ਵੀ ਮੁਸੀਬਤ ਖੜ੍ਹੀ ਕਰ ਸਕਦਾ ਹੈ, ਜਿਨ੍ਹਾਂ ਨੂੰ ਪਹਿਲਾਂ ਹੀ ਕਈ ਤਰ੍ਹਾਂ ਦੇ ਚਮੜੀ ਰੋਗ ਹਨ। ਠੰਢ ਦੇ ਮੌਸਮ ਵਿਚ ਇਹ ਰੋਗ ਵਧ ਜਾਂਦਾ ਹੈ। ਚਮੜੀ ਵਿਚ ਖਾਰਸ਼ ਅਤੇ ਖੁਸ਼ਕੀ ਤੋਂ ਬਚਣ ਲਈ ਲੋਕ ਬਾਜ਼ਾਰ ਵਿਚੋਂ ਕਰੀਮਾਂ ਲੈ ਕੇ ਉਨ੍ਹਾਂ ਦਾ ਇਸਤੇਮਾਲ ਕਰਦੇ ਹਨ ਪਰ ਜਿਥੋਂ ਤੱਕ ਸੰਭਵ ਹੋਵੇ ਨਾਰੀਅਲ ਤੇਲ ਦਾ ਹੀ ਇਸਤੇਮਾਲ ਕਰਨਾ ਚਾਹੀਦਾ ਹੈ। ਸਰਦੀ ਵਿਚ ਘਰ ਪਹੁੰਚਣ ਤੋਂ ਤੁਰੰਤ ਬਾਅਦ ਕੱਪੜੇ ਨਹੀਂ ਬਦਲਣੇ ਚਾਹੀਦੇ, ਇਸ ਨਾਲ ਸਰੀਰ ਦੇ ਤਾਪਮਾਨ ਵਿਚ ਅਚਾਨਕ ਤਬਦੀਲੀ ਆ ਜਾਂਦੀ ਹੈ ਅਤੇ ਖਾਰਸ਼ ਸ਼ੁਰੂ ਹੋ ਸਕਦੀ ਹੈ।

ਧੁੱਪ ਸੇਕਦੇ ਸਮੇਂ ਸਿਰ 'ਤੇ ਕੱਪੜਾ ਰੱਖ ਲੈਣਾ ਚਾਹੀਦਾ ਹੈ। ਇਸ ਗੱਲ ਦਾ ਵੀ ਖਿਆਲ ਰੱਖਣਾ ਚਾਹੀਦਾ ਹੈ ਕਿ ਸੂਰਜ ਦੀ ਸਿੱਧੀ ਰੌਸ਼ਨੀ ਚਮੜੀ 'ਤੇ ਨਾ ਪਵੇ। ਹੀਟਰ ਜਾਂ ਬਲੋਅਰ ਦਾ ਪ੍ਰਯੋਗ ਘੱਟ ਤੋਂ ਘੱਟ ਕਰੋ। ਤੇਲ ਜਾਂ ਕਰੀਮ ਦਾ ਪ੍ਰਯੋਗ ਨਹਾਉਣ ਤੋਂ ਤੁਰੰਤ ਬਾਅਦ ਕਰਨਾ ਚਾਹੀਦਾ ਹੈ। ਜ਼ਿਆਦਾ ਦੇਰ ਤੱਕ ਅੱਗ ਦੇ ਕੋਲ ਨਾ ਬੈਠੋ। ਪੈਰਾਂ ਦੀਆਂ ਅੱਡੀਆਂ ਦੇ ਫਟਣ 'ਤੇ ਰਾਤ ਸਮੇਂ ਗਰਮ ਪਾਣੀ ਵਿਚ ਥੋੜ੍ਹਾ ਜਿਹਾ ਮਿੱਠਾ ਸੋਡਾ ਮਿਲਾ ਕੇ ਉਸ ਵਿਚ ਪੈਰ ਡੁਬੋ ਕੇ ਰੱਖੋ ਅਤੇ ਉਸ ਤੋਂ ਬਾਅਦ ਸਾਫ਼ ਕੱਪੜੇ ਨਾਲ ਸਾਫ਼ ਕਰਕੇ ਤੇਲ ਜਾਂ ਕਰੀਮ ਲਗਾ ਲਓ।

## ਮੈਡੀਕਲ ਪ੍ਰੈਕਟੀਸ਼ਨਰਜ ਐਸੋਸੀਏਸ਼ਨ ਦਾ ਇਜਲਾਸ

ਅਹਿਮਦਗੜ੍ਹ, 20 ਜਨਵਰੀ (ਪੱਤਰ ਪ੍ਰੇਰਕ)-ਮੈਡੀਕਲ ਪ੍ਰੈਕਟੀਸ਼ਨਰਜ ਐਸੋਸੀਏਸ਼ਨ ਬਲਾਕ ਪੱਖੋਵਾਲ ਦਾ 13ਵਾਂ ਇਜਲਾਸ ਡਾ: ਬਿਕਰਮਦੇਵ ਘੁੰਗਰਾਣਾ ਦੀ ਪ੍ਰਧਾਨਗੀ ਹੇਠ ਹੋਇਆ। ਸਭ ਤੋਂ ਪਹਿਲਾ ਵਿਛੜ ਚੁੱਕੇ ਆਗੂ ਅਤੇ ਹੋਤੀ ਦੇ ਭੂਚਾਲ ਵਿਚ ਮਾਰੇ ਗਏ ਲੋਕਾਂ ਲਈ 2 ਮਿੰਟ ਦਾ ਮੌਨ ਧਾਰਨ ਕੀਤਾ ਗਿਆ। ਡਾ: ਜਸਵਿੰਦਰ ਸਿੰਘ ਕਾਲਖ ਸੀਨੀਅਰ ਮੀਤ ਪ੍ਰਧਾਨ ਸੂਬਾ ਕਮੇਟੀ ਅਤੇ ਸੁਖਵਿੰਦਰ ਸਿੰਘ ਘੁੰਗਰਾਣਾ ਬਲਾਕ ਪ੍ਰਧਾਨ ਨੇ ਐਸੋਸੀਏਸ਼ਨ ਦੀਆਂ ਪ੍ਰਾਪਤੀਆਂ ਬਾਰੇ ਖੁੱਲ ਕੇ ਚਰਚਾ ਕੀਤੀ। ਡਾ: ਅਵਤਾਰ ਭੱਟੀ ਖਜ਼ਾਨਚੀ ਨੇ ਸਾਲਾਨਾ ਆਡਿਟ ਰਿਪੋਰਟ ਪੇਸ਼ ਕੀਤੀ। ਜਿਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ। ਬਲਾਕ ਦੇ ਪ੍ਰਧਾਨ ਵੱਲੋਂ ਪੁਰਾਣੀ ਕਮੇਟੀ ਨੂੰ ਭੰਗ ਕਰਕੇ ਨਵੀਂ ਕਮੇਟੀ ਦੀ ਚੋਣ ਵੋਟਿੰਗ ਰਾਹੀਂ ਕਰਵਾਈ ਗਈ। ਜਿਸ ਵਿਚ ਡਾ: ਭਗਵੰਤ ਸਿੰਘ ਬੜੂੰਦੀ ਨੂੰ ਪ੍ਰਧਾਨ, ਡਾ: ਅਜੈਬ ਸਿੰਘ ਧੂਲਕੋਟ ਨੂੰ ਬਲਾਕ ਸੈਕਟਰੀ ਅਤੇ ਡਾ: ਅਵਤਾਰ ਸਿੰਘ ਭੱਟੀ ਨੂੰ ਖਜ਼ਾਨਚੀ ਚੁਣਿਆ ਗਿਆ। ਇਸ ਦੌਰਾਨ ਡਾ: ਹਰਦਾਸ ਸਿੰਘ ਢੈਪਈ ਨੂੰ ਮੁੱਖ ਸਰਪ੍ਰਸਤ ਅਤੇ ਡਾ: ਮਹਿੰਦਰ ਸਿੰਘ ਛਪਾਰ ਨੂੰ ਸਲਾਹਕਾਰ ਕਮੇਟੀ ਦਾ ਚੇਅਰਮੈਨ ਚੁਣਿਆ ਗਿਆ।

# ਸਰਦੀਆਂ ਵਿਚ ਗੁੜ ਦੇ ਪਕਵਾਨਾਂ ਦਾ ਸਵਾਦ



ਸਰਦੀਆਂ ਦੇ ਮੌਸਮ ਵਿਚ ਕਈ ਤਰ੍ਹਾਂ ਦੇ ਫਲ, ਸਬਜ਼ੀਆਂ ਕਾਫੀ ਮਾਤਰਾ ਵਿਚ ਮਿਲਦੇ ਹਨ। ਨਾਲ ਹੀ ਤਿਲ, ਗੁੜ, ਮੂੰਗਫਲੀ ਆਦਿ ਵੀ ਮਿਲਦੇ ਹਨ, ਜਿਸ ਨੂੰ ਗਰੀਬਾਂ ਦਾ ਮੇਵਾ ਕਿਹਾ ਜਾਂਦਾ ਹੈ, ਜੋ ਕਾਫੀ ਪੌਸ਼ਟਿਕ ਅਤੇ ਸਿਹਤ ਲਈ ਲਾਭਦਾਇਕ ਹੈ। ਇਨ੍ਹਾਂ ਵਿਚ ਪ੍ਰੋਟੀਨ ਅਤੇ ਕੈਲਸ਼ੀਅਮ ਦੀ ਕਾਫੀ ਮਾਤਰਾ ਹੁੰਦੀ ਹੈ। ਮੋਟੇ ਅਤੇ ਸ਼ੂਗਰ ਤੋਂ ਪੀੜਤ ਵਿਅਕਤੀ ਗੁੜ ਦਾ ਪ੍ਰਯੋਗ ਸੀਮਤ ਮਾਤਰਾ ਵਿਚ ਕਰਨ। ਥੋੜ੍ਹਾ ਜਿਹਾ ਗੁੜ ਹਰ ਰੋਜ਼ ਖਾਣ ਨਾਲ ਭੋਜਨ ਕਰਨ ਨਾਲ ਜੋ ਮਿੱਟੀ ਅੰਦਰ ਚਲੀ ਜਾਂਦੀ ਹੈ, ਉਹ ਇਕੱਠੀ ਨਹੀਂ ਹੁੰਦੀ। ਇਸ ਲਈ ਸਰਦੀਆਂ ਦੇ ਮੌਸਮ ਵਿਚ ਗੁੜ ਜਾਂ ਗੁੜ ਤੋਂ ਬਣੀਆਂ ਚੀਜ਼ਾਂ ਜ਼ਰੂਰ ਖਾਓ। ਗੁੜ ਤੋਂ ਕਈ ਤਰ੍ਹਾਂ ਦੇ ਪਕਵਾਨ ਬਣ ਸਕਦੇ ਹਨ, ਜਿਨ੍ਹਾਂ ਵਿਚੋਂ ਕੁਝ ਪਕਵਾਨ ਹੇਠਾਂ ਦਿੱਤੇ ਜਾ ਰਹੇ ਹਨ :

**ਮੂੰਗਫਲੀ ਦੇ ਲੱਡੂ**

ਸਮੱਗਰੀ : 200 ਗ੍ਰਾਮ ਗੁੜ, 50 ਗ੍ਰਾਮ ਮੂੰਗਫਲੀ ਦੇ ਦਾਣੇ, ਇਕ ਚਮਚਾ ਘਿਓ।

ਵਿਧੀ : ਕੜਾਹੀ ਵਿਚ ਘਿਓ ਪਾ ਕੇ ਮੂੰਗਫਲੀ ਭੁੰਨ ਲਓ। ਮੂੰਗਫਲੀ ਕੱਢ ਕੇ ਕੜਾਹੀ ਵਿਚ ਗੁੜ ਪਾ ਕੇ ਚੰਗੀ ਤਰ੍ਹਾਂ ਹਿਲਾਓ। ਜਦੋਂ ਗੁੜ ਗਾੜ੍ਹਾ ਹੋਣ ਲੱਗੇ ਤਾਂ ਉਸ ਵਿਚ ਭੁੰਨੀ ਹੋਈ ਮੂੰਗਫਲੀ ਪਾ ਕੇ ਚੰਗੀ ਤਰ੍ਹਾਂ ਮਿਲਾਓ। ਥਾਲੀ ਵਿਚ ਦੇਸੀ ਘਿਓ ਲਗਾ ਕੇ ਉਸ ਮਿਸ਼ਰਣ ਨੂੰ ਕੜਾਹੀ ਵਿਚੋਂ ਕੱਢ ਕੇ ਥਾਲੀ ਵਿਚ ਰੱਖੋ। ਹਲਕਾ ਠੰਢਾ ਹੋ ਜਾਣ 'ਤੇ ਆਪਣੇ ਹੱਥਾਂ ਨੂੰ ਘਿਓ ਲਗਾ ਕੇ ਉਸ ਮਿਸ਼ਰਣ ਦੇ ਲੱਡੂ ਬਣਾਓ।

**ਗੁੜ ਤੋਂ ਬਣੀ ਮੂੰਗਫਲੀ ਦੀ ਪੱਟੀ**

ਸਮੱਗਰੀ : 200 ਗ੍ਰਾਮ ਗੁੜ, 50 ਗ੍ਰਾਮ ਭੁੰਨੀ ਮੂੰਗਫਲੀ ਦੇ ਦਾਣੇ, 5-6 ਕਾਜੂ ਦੇ ਟੁਕੜੇ, ਇੱਛਾ ਅਨੁਸਾਰ ਨਾਰੀਅਲ, ਥੋੜ੍ਹਾ ਜਿਹਾ ਦੇਸੀ ਘਿਓ।

ਵਿਧੀ : ਕੜਾਹੀ ਨੂੰ ਗਰਮ ਕਰਕੇ ਉਸ ਵਿਚ ਗੁੜ ਨੂੰ ਪਾ ਕੇ ਹਿਲਾਓ। ਜਦੋਂ ਗੁੜ ਗਾੜ੍ਹਾ ਹੋਣ ਲੱਗੇ ਤਾਂ ਉਸ ਵਿਚ ਤਲੀ ਹੋਈ ਮੂੰਗਫਲੀ ਦੇ ਦਾਣੇ ਪਾ ਕੇ ਮਿਲਾਓ। ਹੇਠਾਂ ਉਤਾਰ ਕੇ ਉਸ ਵਿਚ ਨਾਰੀਅਲ ਅਤੇ ਕਾਜੂ ਦੇ ਟੁਕੜੇ ਮਿਲਾ ਲਓ। ਥਾਲੀ ਵਿਚ ਦੇਸੀ ਘਿਓ ਲਗਾ ਕੇ ਉਸ ਮਿਸ਼ਰਣ ਨੂੰ ਥਾਲੀ ਵਿਚ ਫੈਲਾਅ ਦਿਓ। ਉਸ ਨੂੰ ਆਪਣੇ ਢੰਗ ਨਾਲ ਕੱਟ ਲਓ।

**ਗੁੜ ਤੋਂ ਬਣੇ ਤਿਲ ਦੇ ਲੱਡੂ**

ਸਮੱਗਰੀ : ਗੁੜ 400 ਗ੍ਰਾਮ, 100 ਗ੍ਰਾਮ ਤਿਲ, ਇਕ-ਚੌਥਾਈ ਚਮਚ ਇਲਾਇਚੀ ਪਾਊਡਰ, 5-10 ਕਾਜੂ ਦੇ ਟੁਕੜੇ, 10 ਗ੍ਰਾਮ ਕਿਸ਼ਮਿਸ਼, ਕੱਦੂਕਸ਼ ਕੀਤਾ ਹੋਇਆ ਨਾਰੀਅਲ।

ਵਿਧੀ : ਤਿਲ ਨੂੰ ਗੁਲਾਬੀ ਹੋਣ ਤੱਕ ਭੁੰਨ ਲਓ। ਕੜਾਹੀ ਵਿਚ ਗੁੜ ਨੂੰ ਗਰਮ ਕਰ ਲਓ। ਭੁੰਨੇ ਹੋਏ ਤਿਲ ਉਸ ਵਿਚ ਪਾ ਦਿਓ। ਕਾਜੂ ਦੇ ਟੁਕੜੇ, ਕਿਸ਼ਮਿਸ਼, ਇਲਾਇਚੀ ਪਾਊਡਰ ਅਤੇ ਨਾਰੀਅਲ ਪਾ ਕੇ ਹੇਠਾਂ ਉਤਾਰ ਲਓ। ਹਲਕਾ ਜਿਹਾ ਠੰਢਾ ਹੋਣ 'ਤੇ ਲੱਡੂ ਬਣਾਓ। ਥਾਲੀ ਵਿਚ ਘਿਓ ਲਗਾ ਕੇ ਉਸ ਵਿਚ ਲੱਡੂ ਰੱਖਦੇ ਜਾਓ।

**ਗੁੜ ਤੋਂ ਬਣੀ ਚਿੜਵੇ ਦੀ ਪੱਟੀ**

ਸਮੱਗਰੀ : 100 ਗ੍ਰਾਮ ਗੁੜ ਅਤੇ 50 ਗ੍ਰਾਮ ਚਿੜਵਾ।

ਵਿਧੀ : ਗੁੜ ਨੂੰ ਕੜਾਹੀ ਵਿਚ ਗਰਮ ਕਰ ਲਵੋ। ਉਸ ਵਿਚ ਚਿੜਵਾ ਪਾ ਕੇ ਚੰਗੀ ਤਰ੍ਹਾਂ ਹਿਲਾਓ। ਇਕ ਥਾਲੀ ਵਿਚ ਘਿਓ ਲਗਾ ਕੇ ਇਸ ਮਿਸ਼ਰਣ ਨੂੰ ਥਾਲੀ ਵਿਚ ਫੈਲਾਓ। ਠੰਢਾ ਹੋਣ 'ਤੇ ਜਾਂ ਹਲਕੇ ਗਰਮ ਨੂੰ ਹੀ ਆਪਣੀ ਪਸੰਦ ਦੇ ਆਕਾਰ ਵਿਚ ਕੱਟੋ। **-ਨੀਲਮ ਗੁਪਤਾ**

# ਦੇਸ਼ ਭਗਤੀ ਦੇ ਜਜ਼ਬੇ ਨਾਲ ਭਰਪੂਰ ਵਿਮਲਾ ਡਾਂਗ

ਕਿਸੇ ਵੀ ਕੌਮ ਦੀ ਕਿਸਮਤ ਦੇ ਸਿਰਜਣਹਾਰੇ ਉਹ ਦੇਸ਼ ਭਗਤ ਹੁੰਦੇ ਹਨ, ਜਿਨ੍ਹਾਂ ਵਿਚ ਦੇਸ਼ ਲਈ ਮਰ ਮਿਟਣ ਦੀ ਦ੍ਰਿੜ੍ਹਤਾ ਹੁੰਦੀ ਹੈ ਅਤੇ ਜੋ ਆਪਾ ਨਿਛਾਵਰ ਕਰਨ ਦੀ ਭਾਵਨਾ ਨਾਲ ਭਰਪੂਰ ਹੁੰਦੇ ਹਨ। ਇਨ੍ਹਾਂ ਦੇਸ਼ ਭਗਤਾਂ ਵਿਚ ਇਕ ਨਾਂਅ ਵਿਮਲਾ ਡਾਂਗ ਦਾ ਵੀ ਆਉਂਦਾ ਹੈ। ਵਿਮਲਾ ਜਿਥੇ ਪੰਜਾਬ ਇਸਤਰੀ ਸਭਾ ਦੀ ਸੰਸਥਾਪਕ ਅਤੇ ਸਿਰਕੱਢ ਆਗੂ ਰਹੀ ਹੈ, ਉਥੇ ਉਹ ਇਕ ਕ੍ਰਾਂਤੀਕਾਰੀ ਲੇਖਿਕਾ ਵੀ ਸੀ। ਉਸ ਨੇ ਆਪਣੀ ਸਾਰੀ ਜ਼ਿੰਦਗੀ ਸਮਾਜ ਵਿਚ ਲਿਤਾੜੇ ਹੋਏ ਲੋਕਾਂ ਦੀ ਭਲਾਈ ਲਈ ਸਮਰਪਿਤ ਕਰ ਦਿੱਤੀ। ਉਨ੍ਹਾਂ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਵਿਚ ਪ੍ਰਮੁੱਖ ਆਗੂ ਦੀ ਭੂਮਿਕਾ ਨਿਭਾਈ ਅਤੇ ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਵਿਚ ਉਨ੍ਹਾਂ ਦਾ ਯੋਗਦਾਨ ਅਹਿਮ ਸੀ।

ਵਿਮਲਾ ਡਾਂਗ ਦਾ ਜਨਮ 26 ਦਸੰਬਰ 1926 ਈ: ਨੂੰ ਲਾਹੌਰ ਵਿਖੇ ਪਿਤਾ ਔਤਾਰ ਲਾਲ ਬਕਾਇਆ ਦੇ ਘਰ ਮਾਤਾ ਕਮਲਾ ਬਕਾਇਆ ਦੀ ਕੁੱਖੋਂ ਹੋਇਆ। ਕਸ਼ਮੀਰੀ ਪੰਡਿਤਾਂ ਦੇ ਘਰ ਜੰਮੀ ਬਿਮਲਾ ਦੀ ਮੁਢਲੀ ਵਿੱਦਿਆ ਗੰਗਾਰਾਮ ਸਕੂਲ ਲਾਹੌਰ ਅਤੇ ਵਿਲਸਨ ਕਾਲਜ ਮੁੰਬਈ ਵਿਚ ਹੋਈ। ਪਰਿਵਾਰ ਦੇ ਮਾਹੌਲ ਅਨੁਸਾਰ ਵਿਮਲਾ ਨੂੰ ਬਚਪਨ ਤੋਂ ਹੀ ਪੜ੍ਹਾਈ ਦੇ ਨਾਲ-ਨਾਲ ਸੰਗੀਤ ਅਤੇ ਨਾਚ ਵਿਚ ਦਿਲਚਸਪੀ ਸੀ। ਇਸ ਤੋਂ ਇਲਾਵਾ ਖੇਡਾਂ ਵਿਚ ਵੀ ਉਹ ਆਪਣੇ ਸਕੂਲ ਦੀ ਕੈਪਟਨ ਸੀ। ਸਕੂਲ ਦੇ ਕੰਧ-ਅਖਬਾਰ ਲਈ ਦੇਸ਼ ਭਗਤੀ ਦੇ ਗੀਤ ਲਿਖਣੇ ਅਤੇ ਗਾਉਣੇ ਵੀ ਉਸ ਦਾ ਸ਼ੌਕ ਸੀ। ਲਗਭਗ 16 ਸਾਲ ਦੀ ਉਮਰ ਵਿਚ ਉਸ ਨੇ ਸਿਆਸੀ ਸਰਗਰਮੀਆਂ, ਜਲਸੇ ਅਤੇ ਹੋਰ ਸੱਭਿਆਚਾਰਕ ਪ੍ਰੋਗਰਾਮਾਂ ਵਿਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਇਨ੍ਹਾਂ ਦਿਨਾਂ ਵਿਚ ਹੀ ਵਿਮਲਾ ਦੇ ਪਿਤਾ ਦੀ ਲੰਡਨ ਵਿਚ ਮੌਤ ਹੋ ਗਈ। ਪਿਤਾ ਦੀ ਮੌਤ ਦੇ ਗਹਿਰੇ ਸਦਮੇ ਕਾਰਨ ਵਿਮਲਾ ਦੇ ਦਿਲ ਵਿਚ ਸਮਾਜਿਕ ਸਰਗਰਮੀਆਂ ਪ੍ਰਤੀ ਹਲਚਲ ਹੋਰ ਵੀ ਤੇਜ਼ ਹੋ ਗਈ ਅਤੇ ਉਸ ਨੇ ਕਾਲਜ ਵਿਚ ਇਸਤਰੀਆਂ ਦੀ ਇਕ ਸਵੈ-ਰੱਖਿਆ ਲੀਗ ਦੀ ਬ੍ਰਾਂਚ ਬਣਾਉਣ ਵਿਚ ਅਹਿਮ ਰੋਲ ਅਦਾ ਕੀਤਾ। ਮਈ 1943 ਵਿਚ ਭਾਰਤੀ ਕਮਿਊਨਿਸਟ ਪਾਰਟੀ ਦੀ ਪਹਿਲੀ ਕਾਂਗਰਸ ਮੁੰਬਈ ਵਿਚ ਹੋਈ, ਜਿਸ ਵਿਚ ਵਿਮਲਾ ਨੇ ਹਿੱਸਾ ਲਿਆ।

ਇਥੇ ਉਸ ਦੀ ਮੁਲਾਕਾਤ ਬਾਬਾ ਸੋਹਣ ਸਿੰਘ ਭਕਨਾ, ਸੋਹਣ ਸਿੰਘ ਜੋਸ਼ ਅਤੇ ਤੇਜਾ ਸਿੰਘ ਸੁਤੰਤਰ ਵਰਗੇ ਦੇਸ਼ ਭਗਤਾਂ ਨਾਲ ਹੋਈ। ਵਿਮਲਾ ਇਨ੍ਹਾਂ ਦੇਸ਼ ਭਗਤਾਂ ਦੀ ਉਸਾਰੂ ਅਤੇ ਸੁਤੰਤਰ ਸੋਚ ਤੋਂ ਬਹੁਤ ਪ੍ਰਭਾਵਿਤ ਹੋਈ। 1943 ਵਿਚ ਹੀ ਬੰਗਾਲ ਅੰਦਰ ਭਿਆਨਕ ਕਾਲ ਪਿਆ। ਇਸ ਵਿਚ ਲੱਖਾਂ ਲੋਕ ਮਰ ਗਏ ਅਤੇ ਹਰ ਪਾਸੇ ਭਿਆਨਕ ਬਿਮਾਰੀਆਂ ਫੈਲਣ ਕਾਰਨ ਲੋਕਾਂ ਵਿਚ ਹਾਹਾਕਾਰ ਮਚ ਗਈ। (ਚਲਦਾ) -ਪਿੰਡ ਗੋਲੇਵਾਲਾ (ਫਰੀਦਕੋਟ)।

**ਅਮਰਜੀਤ ਸਿੰਘ ਬਰਾੜ**

# ਵਿਗਿਆਨ ਪ੍ਰਦਰਸ਼ਨੀ ਵਿੱਚ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਕਾਰਗੁਜ਼ਾਰੀ

## ਗਣਿਤ, ਸਾਇੰਸ ਅਤੇ ਬੈਸਟ ਆਊਟ ਆਫ਼ ਵੇਸਟ ਦੇ ਵਰਕਿੰਗ ਮਾਡਲਾਂ ਦੀ ਪ੍ਰਦਰਸ਼ਨੀ ਲਾਈ

**ਰਾਜਪੁਰਾ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜਪੁਰਾ ਟਾਊਨ ਦੇ ਸਰਕਾਰੀ ਹਾਈ ਸਕੂਲ ਵਿੱਚ ਸੰਜੀਵ ਸ਼ਰਮਾ ਡੀਈਓ ਸੈਕੰਡਰੀ ਪਟਿਆਲਾ ਅਤੇ ਡਾ. ਰਵਿੰਦਰਪਾਲ ਸ਼ਰਮਾ ਡਿਪਟੀ ਡੀਈਓ ਪਟਿਆਲਾ ਦੀ ਅਗਵਾਈ ਹੇਠ ਬਲਾਕ ਪੱਧਰੀ ਸਾਇੰਸ ਪ੍ਰਦਰਸ਼ਨੀ ਲਗਾਈ ਗਈ ਜਿਸ ਵਿੱਚ ਵਿਗਿਆਨ ਦੇ ਸੱਤ ਵੱਖ-ਵੱਖ ਵਿਸ਼ਿਆਂ 'ਤੇ ਸਕੂਲੀ ਵਿਦਿਆਰਥੀਆਂ ਨੇ ਮਾਡਲ ਬਣਾ ਕੇ ਪ੍ਰਦਰਸ਼ਿਤ ਕੀਤੇ। ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਬੈਸਟ ਆਊਟ ਆਫ਼ ਵੇਸਟ ਤੋਂ ਤਿਆਰ ਕੀਤੀਆਂ ਵਸਤਾਂ ਦੀ ਪ੍ਰਦਰਸ਼ਨੀ ਵੀ ਲਗਾਈ। ਵਿਦਿਆਰਥੀਆਂ ਨੂੰ ਦੋ ਗਰੁੱਪਾਂ ਛੇਵੀਂ ਤੋਂ ਅੱਠਵੀਂ ਅਤੇ ਨੌਵੀਂ ਤੋਂ ਦਸਵੀਂ ਵਿੱਚ ਵੰਡਿਆ ਗਿਆ ਸੀ। ਬਲਾਕ ਨੋਡਲ ਅਫ਼ਸਰ ਕਮ ਹੈੱਡ ਮਾਸਟਰ ਸਰਕਾਰੀ ਹਾਈ ਸਕੂਲ ਸੈਦਖੇੜੀ ਹਰਪ੍ਰੀਤ ਸਿੰਘ ਨੇ ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ। ਸਕੂਲ ਇੰਚਾਰਜ ਸੰਗੀਤਾ ਵਰਮਾ ਨੇ ਵਿਦਿਆਰਥੀਆਂ ਨੂੰ ਜੀ ਆਇਆਂ ਕਿਹਾ। ਇਸ ਮੌਕੇ ਜਤਿੰਦਰ ਸਿੰਘ, ਰਾਜਿੰਦਰ ਸਿੰਘ ਚਾਨੀ, ਕਮਲਦੀਪ ਸਿੰਘ ਸਾਇੰਸ ਮਾਸਟਰ, ਨਰੇਸ਼ ਧਮੀਜਾ, ਕੁਲਦੀਪ ਵਰਮਾ, ਜਸਵਿੰਦਰ ਕੌਰ, ਲੈਕਚਰਾਰ ਵਰਿੰਦਰਜੀਤ ਕੌਰ, ਵਰਿੰਦਰ ਕੁਮਾਰ, ਸੋਨੀਆ ਮਰਵਾਹਾ, ਪਾਇਲ ਬੱਤਾ, ਕੰਵਰਿੰਦਰਪਾਲ ਸਿੰਘ, ਸੀਮਾ ਸੇਠੀ, ਅਨੂਪਮ, ਅਲਕਾ ਗੌਤਮ, ਕਰਮਦੀਪ ਕੌਰ, ਮਨਦੀਪ ਸਿੰਘ, ਗੁਲਜ਼ਾਰ ਖ਼ਾਨ ਅਤੇ ਗਾਈਡ ਅਧਿਆਪਕ ਮੌਜੂਦ ਸਨ। ਨਤੀਜਿਆਂ ਅਨੁਸਾਰ ਬਲਾਕ ਰਾਜਪੁਰਾ- 2 ਦੇ ਈਪੀ ਗਤੀਵਿਧੀਆਂ ਦੇ 6ਵੀਂ ਤੋਂ 8ਵੀਂ ਜਮਾਤ ਵਰਗ ਦੇ ਮੁਕਾਬਲਿਆਂ ਵਿੱਚੋਂ ਲੇਖ ਮੁਕਾਬਲੇ ਵਿੱਚ ਪਹਿਲਾ ਸਥਾਨ ਲਵਪ੍ਰੀਤ ਸਿੰਘ ਸਰਕਾਰੀ ਮਿਡਲ ਸਕੂਲ ਰਾਮਪੁਰ ਖ਼ੁਰਦ, ਦੂਜਾ ਸਥਾਨ ਹਸ਼ਮੀਤ ਕੌਰ ਸਰਕਾਰੀ ਹਾਈ ਸਕੂਲ ਖੇੜਾ ਗੱਜੂ ਤੇ ਤੀਜਾ ਸਥਾਨ ਹਰਮਨਜੋਤ ਕੌਰ ਸਰਕਾਰੀ ਮਿਡਲ ਸਕੂਲ ਚਮਾਰੂ ਨੇ ਪ੍ਰਾਪਤ ਕੀਤਾ। ਪੋਸਟਰ ਮੁਕਾਬਲੇ ਵਿੱਚ ਪਹਿਲਾ ਸਥਾਨ ਪਾਇਲ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਰਾਜਪੁਰਾ ਟਾਊਨ, ਦੂਜਾ ਸਥਾਨ ਰਾਜਵਿੰਦਰ ਕੌਰ ਸਰਕਾਰੀ ਹਾਈ ਸਕੂਲ ਸੈਦਖੇੜੀ ਜਦਕਿ ਤੀਜਾ ਸਥਾਨ ਰਹਿਮਤ ਕੌਰ ਪੀਐੱਮ ਸ੍ਰੀ ਸਰਕਾਰੀ ਹਾਈ ਸਕੂਲ ਢਕਾਨਸੂ ਕਲਾਂ ਨੇ ਪ੍ਰਾਪਤ ਕੀਤਾ। ਸਲੋਗਨ ਮੁਕਾਬਲੇ ਵਿੱਚ ਪਹਿਲਾ ਸਥਾਨ ਈਸ਼ਾ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਰਾਜਪੁਰਾ ਟਾਊਨ, ਦੂਜਾ ਸਥਾਨ ਜਸਲੀਨ ਕੌਰ ਸਰਕਾਰੀ ਹਾਈ ਸਕੂਲ ਗੁਰਦਿੱਤਪੁਰਾ ਨੱਤੀਆਂ ਤੇ ਤੀਸਰਾ ਸਥਾਨ ਪਰਮਿੰਦਰ ਕੌਰ ਸਰਕਾਰੀ ਹਾਈ ਸਕੂਲ ਖੇੜਾ ਗੱਜੂ ਨੇ ਪ੍ਰਾਪਤ ਕੀਤਾ। ਬੈਸਟ ਆਊਟ ਆਫ ਵੇਸਟ ਮੁਕਾਬਲੇ ਵਿੱਚ ਪਹਿਲਾ ਸਥਾਨ ਗੁਰਮੋਹਿਤ ਸਿੰਘ ਸਰਕਾਰੀ ਹਾਈ ਸਕੂਲ ਗੁਰਦਿੱਤਪੁਰ ਨੱਤਿਆਂ, ਦੂਜਾ ਸਥਾਨ ਮਨਦੀਪ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਐੱਨਟੀਸੀ ਰਾਜਪੁਰਾ ਤੇ ਤੀਸਰਾ ਸਥਾਨ ਪੂਨਮ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਰਾਜਪੁਰਾ ਟਾਊਨ ਨੇ ਪ੍ਰਾਪਤ ਕੀਤਾ।



ਜੇਤੂ ਵਿਦਿਆਰਥੀ ਆਪਣੇ ਅਧਿਆਪਕਾਂ ਨਾਲ ਸਨਮਾਨ ਚਿੰਨ੍ਹ ਦਿਖਾਉਂਦੇ ਹੋਏ।

# ਸਰਕਾਰੀ ਮਿਡਲ ਸਕੂਲ ਭੋਜੇ ਮਾਜਰਾ ਦੇ ਵਿਦਿਆਰਥੀ ਸਾਇੰਸ ਮਾਡਲ ਮੁਕਾਬਲੇ ਵਿਚ ਚਮਕੇ



**ਚਮਕੌਰ ਸਾਹਿਬ 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰੀ ਅਵਿਸ਼ਕਾਰ ਅਭਿਆਨ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੱਲੀਆਂ ਕਲਾਂ ਵਿਖੇ ਕਰਵਾਏ ਗਏ ਸਾਇੰਸ ਮਾਡਲ ਮੁਕਾਬਲੇ ਵਿੱਚ ਸਰਕਾਰੀ ਮਿਡਲ ਸਕੂਲ ਭੋਜੇ ਮਾਜਰਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਸਫਲਤਾ ਹਾਸਲ ਕੀਤੀ। ਮੁਕਾਬਲੇ ਦਾ ਆਯੋਜਨ *ਸ੍ਰੀ. ਰਜਿੰਦਰ ਸਿੰਘ,( ਬਲਾਕ ਨੋਡਲ ਅਫਸਰ* ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੱਲੀਆਂ ਕਲਾਂ ਦੇ ਪ੍ਰਿੰਸੀਪਲ )8ਵੀਂ ਜਮਾਤ ਦੇ ਵਿਦਿਆਰਥੀ ਪਵਨਜੋਤ ਸਿੰਘ ਨੇ ਰਿਸੋਰਸ ਮੈਨੇਜਮੈਂਟ ਥੀਮ ਤਹਿਤ ਪਹਿਲਾ ਇਨਾਮ ਪ੍ਰਾਪਤ ਕੀਤਾ, ਜਦਕਿ 7ਵੀਂ ਜਮਾਤ ਦੇ ਮਨਪ੍ਰੀਤ ਸਿੰਘ ਨੇ ਮੈਥੇਮੈਟੀਕਲ ਮਾਡਲਿੰਗ ਅਤੇ ਕੰਪਿਊਟੇਸ਼ਨਲ ਥਿੰਕਿੰਗ ਥੀਮ ਤਹਿਤ ਦੂਜਾ ਇਨਾਮ ਪ੍ਰਾਪਤ ਕੀਤਾ। ਉਨ੍ਹਾਂ ਦੀਆਂ ਪ੍ਰਾਪਤੀਆਂ ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਨਵੀਨਤਾਕਾਰੀ ਵਿਚਾਰਾਂ ਨੂੰ ਦਰਸਾਉਂਦੀਆਂ ਹਨ। ਦੋਵੇਂ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਾਇੰਸ ਅਧਿਆਪਕ, ਸ੍ਰੀ. ਪ੍ਰਭਜੀਤ ਸਿੰਘ, ਜਿਨ੍ਹਾਂ ਨੇ ਮੁਕਾਬਲੇ ਲਈ ਉਨ੍ਹਾਂ ਨੂੰ ਸਲਾਹ ਦੇਣ ਵਿਚ ਅਹਿਮ ਭੂਮਿਕਾ ਨਿਭਾਈ।

ਜ਼ਿਕਰਯੋਗ ਹੈ ਕਿ ਇਹ ਸਕੂਲ ਪਿਛਲੇ ਦਿਨੀ ਗਰੀਨ ਸਕੂਲ ਵਿੱਚ ਵੀ ਚੁਣਿਆ ਗਿਆ ਹੈ। ਸਕੂਲ ਇੰਚਾਰਜ, ਸ੍ਰੀ. ਹਰਪ੍ਰੀਤ ਸਿੰਘ, ਅਤੇ ਸ਼੍ਰੀ ਪ੍ਰਵਿੰਦਰ ਸਿੰਘ ਨੇ ਇਸ ਜਿੱਤ ਲਈ ਵਿਦਿਆਰਥੀਆਂ ਅਤੇ ਉਹਨਾਂ ਦੇ ਅਧਿਆਪਕ ਨੂੰ ਵਧਾਈ ਦਿੱਤੀ ਅਤੇ ਉਹਨਾਂ ਨੂੰ ਅਕਾਦਮਿਕ ਉੱਤਮਤਾ ਲਈ ਆਪਣਾ ਸਮਰਪਣ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ।

# ਡਿਪਟੀ ਕਮਿਸ਼ਨਰ ਵੱਲੋਂ ਪ੍ਰਤੀਯੋਗਤਾ ਦੀ ਭਾਵਨਾ ਪੈਦਾ ਕਰਨ ਲਈ ਵਿਦਿਆਰਥੀਆਂ ਦੇ ਵੱਖ-ਵੱਖ ਮੁਕਾਬਲੇ ਕਰਵਾਉਣ ਦੇ ਨਿਰਦੇਸ਼

## ਵਿਦਿਆਰਥੀਆਂ ਨੂੰ ਉਸਾਰੂ ਮੰਚ ਪ੍ਰਦਾਨ ਕਰਨ ਲਈ ਯੂਥ ਫੈਸਟੀਵਲ ਵਾਂਗ ਪ੍ਰੋਗਰਾਮ ਉਲੀਕਿਆ ਜਾਵੇ

**ਜਲੰਧਰ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਬੱਚਿਆਂ ਵਿੱਚ ਪ੍ਰਤੀਯੋਗਤਾ ਦੀ ਭਾਵਨਾ ਪੈਦਾ ਕਰਨ ਦੇ ਮੰਤਵ ਨਾਲ ਅਧਿਕਾਰੀਆਂ ਨੂੰ ਜ਼ਿਲ੍ਹੇ ਦੇ ਵੱਖ-ਵੱਖ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਦਰਮਿਆਨ ਵੱਖ-ਵੱਖ ਮੁਕਾਬਲੇ ਕਰਵਾਉਣ ਦੇ ਨਿਰਦੇਸ਼ ਦਿੱਤੇ।



ਡਿਪਟੀ ਕਮਿਸ਼ਨਰ ਨੇ ਅੱਜ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਕਮਿਸ਼ਨਰ ਨਗਰ ਨਿਗਮ ਗੌਤਮ ਜੈਨ, ਸਹਾਇਕ ਕਮਿਸ਼ਨਰ (ਯੂ.ਟੀ.) ਸੁਨੀਲ ਫੋਗਟ, ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਜਸਬੀਰ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਬੁਧੀ ਰਾਜ ਸਿੰਘ ਸਮੇਤ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਬੰਧਤ ਅਧਿਕਾਰੀਆਂ ਨੂੰ ਯੂਥ ਫੈਸਟੀਵਲ ਦੀ ਤਰਜ਼ 'ਤੇ ਕਰਵਾਏ ਜਾਣ ਵਾਲੇ ਮੁਕਾਬਲਿਆਂ ਲਈ ਢੁੱਕਵੀਂ ਰੂਪ-ਰੇਖਾ ਉਲੀਕਣ ਲਈ ਕਿਹਾ। ਉਨ੍ਹਾਂ ਕਿਹਾ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਦੀ ਭਾਗੀਦਾਰੀ ਯਕੀਨੀ ਬਣਾਈ ਜਾਵੇ, ਤਾਂ ਜੋ ਉਨ੍ਹਾਂ ਵਿੱਚ ਪ੍ਰਤੀਯੋਗਤਾ ਦੀ ਚਿਣਗ ਪੈਦਾ ਕੀਤੀ ਜਾ ਸਕੇ।

ਡਾ. ਅਗਰਵਾਲ ਨੇ ਕਿਹਾ ਕਿ ਇਨ੍ਹਾਂ ਮੁਕਾਬਲਿਆਂ ਦਾ ਮੰਤਵ ਵਿਦਿਆਰਥੀਆਂ ਵਿੱਚ ਉੱਚ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੇ ਨਾਲ-ਨਾਲ ਕਲਾ, ਸੱਭਿਆਚਾਰ, ਸੰਗੀਤ ਅਤੇ ਖੇਡਾਂ ਨੂੰ ਵੀ ਉਤਸ਼ਾਹਿਤ ਕਰਨਾ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਇਸ ਈਵੈਂਟ ਦੌਰਾਨ ਵਿਦਿਆਰਥੀਆਂ ਨੂੰ ਵੱਖ-ਵੱਖ ਖੇਤਰਾਂ ਵਿੱਚ ਕਰੀਅਰ ਦੀਆਂ ਸੰਭਾਵਨਾਵਾਂ ਬਾਰੇ ਜਾਣਕਾਰੀ ਵੀ ਦਿੱਤੀ ਜਾਵੇ, ਤਾਂ ਜੋ ਉਹ ਭਵਿੱਖ ਵਿੱਚ ਸਹੀ ਕਿੱਤੇ ਦੀ ਚੋਣ ਕਰਕੇ ਆਤਮ ਨਿਰਭਰ ਬਣਨ ਦੇ ਨਾਲ-ਨਾਲ ਦੇਸ਼ ਤੇ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਯੋਗਦਾਨ ਪਾ ਸਕਣ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਸਬੰਧੀ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ, ਮੁਕਾਬਲੇ ਲਈ ਵੱਖ-ਵੱਖ ਸਥਾਨਾਂ ਸਮੇਤ ਹੋਰ ਲੋੜੀਂਦੇ ਪ੍ਰਬੰਧ ਸਮੇਂ ਸਿਰ ਯਕੀਨੀ ਬਣਾਏ ਜਾਣ, ਤਾਂ ਜੋ ਈਵੈਂਟ ਨੂੰ ਵੱਡੇ ਪੱਧਰ 'ਤੇ ਸਫ਼ਲ ਬਣਾਇਆ ਜਾ ਸਕੇ।ਮੀਟਿੰਗ ਵਿੱਚ ਐਸ.ਡੀ.ਐਮ. ਬਲਬੀਰ ਰਾਜ ਸਿੰਘ, ਐਸ.ਡੀ.ਐਮ. ਰਣਦੀਪ ਸਿੰਘ ਹੀਰ, ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਸਿੰਘ ਭੋਗਲ, ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਗੁਰਿੰਦਰਜੀਤ ਕੌਰ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਮਨਜਿੰਦਰ ਸਿੰਘ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਅਜੈ ਭਾਰਤੀ ਸਮੇਤ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਸੁਪਰੀਮ ਕੋਰਟ ਵੱਲੋਂ ਸੁਖਪਾਲ ਖਹਿਰਾ ਨੂੰ ਰਾਹਤ



**ਨਵੀਂ ਦਿੱਲੀ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਪੰਜਾਬ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੂੰ ਵੱਡੀ ਰਾਹਤ ਦਿੰਦਿਆਂ ਮਨੀ ਲਾਂਡਰਿੰਗ ਕੇਸ ਵਿਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਦਿੱਤੀ ਜ਼ਮਾਨਤ ਨੂੰ ਚੁਣੌਤੀ ਦਿੰਦੀ ਐੱਨਫੋਰਸਮੈਂਟ ਡਾਇਰੈਕਟੋਰੇਟ(ਈਡੀ) ਦੀ ਪਟੀਸ਼ਨ ਖਾਰਜ ਕਰ ਦਿੱਤੀ ਹੈ। ਹਾਈ ਕੋਰਟ ਨੇ ਐੱਨਡੀਪੀਐੱਸ ਐਕਟ ਤਹਿਤ 2015 ਵਿਚ ਦਰਜ ਕੇਸ 'ਚ ਖਹਿਰਾ ਨੂੰ 27 ਜਨਵਰੀ 2022 ਨੂੰ ਜ਼ਮਾਨਤ ਦੇ ਦਿੱਤੀ ਸੀ। ਜਸਟਿਸ ਐੱਮ.ਐੱਮ.ਸੁੰਦਰੇਸ਼ ਦੀ ਅਗਵਾਈ ਵਾਲੇ ਬੈਂਚ ਨੇ ਈਡੀ ਦੀ ਪਟੀਸ਼ਨ ਇਹ ਕਹਿੰਦਿਆਂ ਰੱਦ ਕਰ ਦਿੱਤੀ ਕਿ ਉਹ ਇਸ ਨੂੰ ਸੁਣਨ ਲਈ ਤਿਆਰ ਨਹੀਂ ਹੈ। ਵਧੀਕ ਸੌਲੀਸਿਟਰ ਜਨਰਲ ਐੱਸਵੀ ਰਾਜੂ ਨੇ ਦਾਅਵਾ ਕੀਤਾ ਸੀ ਕਿ ਖਹਿਰਾ ਅਰਜ਼ੀਆਂ ਦਾਖ਼ਲ ਕਰਕੇ ਮੁਕੱਦਮੇ ਦੀ ਕਾਰਵਾਈ ਨੂੰ ਲਮਕਾ ਰਿਹਾ ਹੈ ਤਾਂ ਕਿ ਅਦਾਲਤੀ ਕਾਰਵਾਈ ਅੱਗੇ ਨਾ ਵਧੇ। ਖਹਿਰਾ ਨੇ ਸੁਪਰੀਮ ਕੋਰਟ ਦੇ ਫੈਸਲੇ ਮਗਰੋਂ ਐਕਸ 'ਤੇ ਲਿਖਿਆ, "ਮੈਂ ਪਰਮਾਤਮਾ ਵਾਹਿਗੁਰੂ ਅਤੇ ਮਾਣਯੋਗ ਸੁਪਰੀਮ ਕੋਰਟ ਦਾ ਬਹੁਤ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਅੱਜ ਈਡੀ ਦੀ ਜ਼ਮਾਨਤ ਰੱਦ ਕਰਨ ਦੀ ਪਟੀਸ਼ਨ ਖਾਰਜ ਕਰਕੇ ਮੈਨੂੰ ਇਨਸਾਫ਼ ਦਿੱਤਾ ਹੈ।"

# ਲੌਸ ਐਂਜਲਸ 'ਚ ਭਿਆਨਕ ਅੱਗ ਵਿਚਕਾਰ ਦੁਨੀਆਂ ਦੇ ਸਭ ਤੋਂ ਮਹਿੰਗੇ ਘਰਾਂ 'ਚ ਲੁੱਟਾਂ-ਖੋਹਾਂ ਸ਼ੁਰੂ

**ਵਾਸ਼ਿੰਗਟਨ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕਾ ਦੇ ਕੈਲੇਫ਼ੋਰਨੀਆ ਸੂਬੇ ਦੇ ਜੰਗਲਾਂ ਦੀ ਅੱਗ ਨੇ ਲੌਸ ਐਂਜਲਸ ਸ਼ਹਿਰ ਦੇ ਇੱਕ ਵੱਡੇ ਹਿੱਸੇ ਨੂੰ ਤਬਾਹ ਕਰ ਦਿੱਤਾ ਹੈ। ਅੱਗ ਨਾਲ ਵੱਡੀ ਗਿਣਤੀ 'ਚ ਘਰ, ਸਕੂਲ ਅਤੇ ਧਾਰਮਿਕ ਸਥਾਨ ਤਬਾਹ ਹੋ ਗਏ ਹਨ। ਅਧਿਕਾਰੀਆਂ ਨੇ ਕਿਹਾ ਕਿ ਅੱਗ ਲਗਾਤਾਰ ਵੱਧ ਰਹੀ ਹੈ। ਹੁਣ ਤਕ 30 ਲੋਕਾਂ ਦੀ ਮੌਤ ਦੀ ਪੁਸ਼ਟੀ ਕੀਤੀ ਗਈ ਹੈ ਅਤੇ ਇਹ ਗਿਣਤੀ ਵੱਧ ਸਕਦੀ ਹੈ। ਇਸ ਦੌਰਾਨ ਅੱਗ ਨਾਲ ਪ੍ਰਭਾਵਿਤ ਸ਼ਹਿਰ 'ਚ ਲੁੱਟ-ਖੋਹ ਸ਼ੁਰੂ ਹੋਣ ਦੀਆਂ ਰਿਪੋਰਟਾਂ ਹਨ।

ਜਿਵੇਂ ਹੀ ਅੱਗ ਕਾਰਨ ਹਜ਼ਾਰਾਂ ਵਸਨੀਕਾਂ ਨੇ ਆਪਣੇ ਘਰ ਖ਼ਾਲੀ ਕੀਤੇ, ਉਧਰ ਲੁਟੇਰਿਆਂ ਨੇ ਖ਼ਾਲੀ ਘਰਾਂ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਲੁੱਟ-ਖਸੁੱਟ ਦੀਆਂ ਘਟਨਾਵਾਂ ਇੰਨੀਆਂ ਵੱਧ ਗਈਆਂ ਕਿ ਅਧਿਕਾਰੀਆਂ ਨੂੰ ਚਿਤਾਵਨੀ ਜਾਰੀ ਕਰਨੀ ਪਈ। ਕਾਊਂਟੀ ਸੈਰਿਫ਼ ਕੈਥਰੀਨ ਬਰਗਰ ਦੇ ਹਵਾਲੇ ਨਾਲ AFP ਨੇ ਕਿਹਾ, "ਐਮਰਜੈਂਸੀ ਦੇ ਇਸ ਸਮੇਂ 'ਚ ਅਸੀਂ ਸਾਰਿਆਂ ਨੇ ਅਜਿਹੇ ਵਿਅਕਤੀਆਂ ਨੂੰ





ਦੇਖਿਆ ਹੈ ਜੋ ਘਰਾਂ 'ਚ ਚੋਰੀ ਅਤੇ ਲੁੱਟ ਖੋਹ ਕਰ ਕੇ ਕਮਜ਼ੋਰ ਭਾਈਚਾਰਿਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਇਹ ਬਿਲਕੁੱਲ ਅਸਵੀਕਾਰਨਯੋਗ ਹੈ।"

ਲੁਟੇਰਿਆਂ ਨੂੰ ਸੰਬੋਧਨ ਕਰਦਿਆਂ ਬਰਗਰ ਨੇ ਕਿਹਾ, "ਮੈਂ ਤੁਹਾਨੂੰ ਵਾਅਦਾ ਕਰਦੀ ਹਾਂ ਕਿ ਤੁਹਾਨੂੰ ਜਵਾਬਦੇਹ ਠਹਿਰਾਇਆ ਜਾਵੇਗਾ। ਸੰਕਟ ਦੇ ਇਸ ਸਮੇਂ 'ਚ ਸਾਡੇ ਵਸਨੀਕਾਂ ਨੂੰ ਸ਼ਿਕਾਰ ਬਣਾਉਣ ਵਾਲਿਆਂ ਨੂੰ ਸ਼ਰਮ ਆਉਣੀ ਚਾਹੀਦੀ ਹੈ।" ਬਰਗਰ ਨੇ ਕਿਹਾ ਕਿ ਪੁਲੀਸ ਨੇ ਹੁਣ ਤਕ 20 ਗ੍ਰਿਫ਼ਤਾਰੀਆਂ ਕੀਤੀਆਂ ਹਨ। ਲਗਭਗ ਇਕ ਲੱਖ 80 ਹਜ਼ਾਰ ਲੋਕਾਂ ਨੂੰ ਆਪਣੇ ਘਰ ਖ਼ਾਲੀ ਕਰਨ ਦੇ ਹੁਕਮ ਦਿੱਤੇ ਗਏ ਹਨ। ਉਧਰ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਇਸ ਨੂੰ ਲੌਸ ਐਂਜਲਸ ਦੇ ਇਤਿਹਾਸ ਦੀ ਸਭ ਤੋਂ ਵਿਨਾਸ਼ਕਾਰੀ ਅੱਗ ਦੱਸਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਸ਼ਹਿਰ ਦੇ ਪੱਛਮੀ ਪਾਸੇ ਸੈਂਟਾ ਮੋਨਿਕਾ ਅਤੇ ਮਾਲੀਬੂ ਵਿਚਕਾਰ ਪੈਲੀਸੇਡਜ਼ ਅੱਗ ਅਤੇ ਪੈਸਾਡੇਨਾ ਨੇੜੇ ਪੂਰਬ ਵਲ ਈਟਨ ਅੱਗ ਨੇ ਹੁਣ ਤਕ ਲਗਭਗ 28 ਹਜ਼ਾਰ ਏਕੜ ਦੇ ਖੇਤਰ ਨੂੰ ਸਾੜ ਦਿੱਤਾ ਹੈ ਅਤੇ ਬਹੁਤ ਸਾਰਾ ਖੇਤਰ ਸੁਆਹ ਕਰ ਦਿੱਤਾ ਹੈ।

# ਸੁਪਰੀਮ ਕੋਰਟ ਵੱਲੋਂ ਰਾਜਾਂ ਤੇ ਯੂਟੀ'ਜ਼ ਨੂੰ ਹੱਤਕ ਕਾਰਵਾਈ ਦੀ ਚੇਤਾਵਨੀ



**ਨਵੀਂ ਦਿੱਲੀ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਗੁੰਮਰਾਹਕੁਨ ਇਸ਼ਤਿਹਾਬਾਜ਼ੀ ਖਿਲਾਫ਼ ਕਾਰਵਾਈ ਕਰਨ ਵਿਚ ਨਾਕਾਮ ਰਹਿਣ ਵਾਲੇ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਮਾਣਹਾਨੀ ਤਹਿਤ ਕਾਰਵਾਈ ਦੀ ਚੇਤਾਵਨੀ ਦਿੱਤੀ ਹੈ।

ਜਸਟਿਸ ਏਐਸ ਓਕਾ ਦੀ ਅਗਵਾਈ ਵਾਲੇ ਬੈਂਚ ਨੇ ਅਦਾਲਤੀ ਮਿੱਤਰ ਵਜੋਂ ਕੋਰਟ ਦੀ ਸਹਾਇਤਾ ਕਰ ਰਹੇ ਸੀਨੀਅਰ ਵਕੀਲ ਸ਼ਾਦਾਨ ਫਰਾਸਾਤ ਵੱਲੋਂ ਦਾਇਰ ਨੋਟ ਪੜ੍ਹਦਿਆਂ ਕਿਹਾ, "ਅਸੀਂ ਸਾਫ਼ ਕਰ ਦੇਣਾ ਚਾਹੁੰਦੇ ਹਾਂ ਕਿ ਜੇ ਕਿਸੇ ਵੀ ਰਾਜ ਜਾਂ ਕੇਂਦਰ ਸ਼ਾਸਿਤ ਪ੍ਰਦੇਸ਼ ਨੇ ਹੁਕਮਾਂ ਦੀ ਪਾਲਣਾ ਯਕੀਨੀ ਨਾ ਬਣਾਈ ਤਾਂ ਅਸੀਂ ਅਦਾਲਤਾਂ ਦੀ ਹੱਤਕ ਬਾਰੇ ਐਕਟ 1971 ਤਹਿਤ ਸਬੰਧਤ ਸੂਬੇ ਖਿਲਾਫ਼ ਕਾਰਵਾਈ ਕਰਾਂਗੇ।" ਕਾਬਿਲੇਗੌਰ ਹੈ ਕਿ ਫਰਾਸਾਤ ਨੇ ਸਰਬਉੱਚ ਕੋਰਟ ਨੂੰ ਦੱਸਿਆ ਸੀ ਕਿ ਰਾਜਾਂ ਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵੱਲੋਂ ਹੁਣ ਤੱਕ ਦਾਇਰ ਹਲਫ਼ਨਾਮਿਆਂ ਮੁਤਾਬਕ 1954 ਤੇ ਐਕਟ ਤਹਿਤ ਅਜੇ ਤੱਕ ਕੋਈ ਮੁਕੱਦਮਾ ਨਹੀਂ ਚੱਲ ਰਿਹਾ ਸੀ। ਗੁੰਮਰਾਹਕੁਨ ਇਸ਼ਤਿਹਾਰਾਂ ਦਾ ਮੁੱਦਾ 2022 ਵਿੱਚ ਇੰਡੀਅਨ ਮੈਡੀਕਲ ਐਸੋਸੀਏਸ਼ਨ ਵੱਲੋਂ ਦਾਇਰ ਇੱਕ ਪਟੀਸ਼ਨ ਦੀ ਸੁਣਵਾਈ ਦੌਰਾਨ ਅਦਾਲਤ ਦੇ ਸਾਹਮਣੇ ਆਇਆ ਸੀ, ਜਿਸ ਵਿੱਚ ਪਤੰਜਲੀ ਆਯੁਰਵੇਦ ਲਿਮਟਿਡ ਵੱਲੋਂ ਕੋਵਿਡ-19 ਟੀਕਾਕਰਨ ਮੁਹਿੰਮ ਅਤੇ ਆਧੁਨਿਕ ਦਵਾਈ ਪ੍ਰਣਾਲੀਆਂ ਵਿਰੁੱਧ ਮੁਹਿੰਮ ਚਲਾਉਣ ਦਾ ਦੋਸ਼ ਲਗਾਇਆ ਗਿਆ ਸੀ।

# ਚੰਦਰ ਆਰੀਆ ਨੇ ਪੇਸ਼ ਕੀਤੀ PM ਅਹੁਦੇ ਲਈ ਦਾਅਵੇਦਾਰੀ

**ਔਟਵਾ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੈਨੇਡੀਅਨ ਹਿੰਦੂ ਸੰਸਦ ਮੈਂਬਰ ਚੰਦਰ ਆਰੀਆ ਨੇ ਦੇਸ਼ ਦੇ ਅਗਲੇ ਪ੍ਰਧਾਨ ਮੰਤਰੀ ਬਣਨ ਦੀ ਦੌੜ 'ਚ ਸ਼ਾਮਿਲ ਹੋਣ ਦਾ ਐਲਾਨ ਕੀਤਾ ਹੈ। ਇੱਕ ਵੀਡੀਓ ਸੰਦੇਸ਼ 'ਚ ਆਪਣੇ ਫ਼ੈਸਲੇ ਬਾਰੇ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਕਿਹਾ ਕਿ ਉਹ ਦੇਸ਼ ਦੇ ਪੁਨਰ ਨਿਰਮਾਣ ਲਈ ਇੱਕ ਕੁਸ਼ਲ ਸਰਕਾਰ ਦੀ ਅਗਵਾਈ ਕਰਨਗੇ। ਉਨ੍ਹਾਂ ਕਿਹਾ, "ਮੈਂ ਕੈਨੇਡਾ ਦਾ ਅਗਲਾ ਪ੍ਰਧਾਨ ਮੰਤਰੀ ਬਣਨ ਦੀ ਦੌੜ 'ਚ ਸ਼ਾਮਿਲ ਹੋ ਰਿਹਾ ਹਾਂ ਤਾਂ ਜੋ ਸਾਡੇ ਦੇਸ਼ ਦੇ ਪੁਨਰ ਨਿਰਮਾਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਖ਼ੁਸ਼ਹਾਲੀ ਨੂੰ ਯਕੀਨੀ ਬਣਾਉਣ ਲਈ ਇੱਕ ਛੋਟੀ, ਵਧੇਰੇ ਕੁਸ਼ਲ ਸਰਕਾਰ ਦੀ ਅਗਵਾਈ ਕੀਤੀ ਜਾ ਸਕੇ। ਆਰੀਆ ਨੇ ਇਹ ਐਲਾਨ ਅਜਿਹੇ ਸਮੇਂ ਕੀਤਾ ਹੈ ਜਦੋਂ ਪਿਛਲੇ ਹਫ਼ਤੇ ਜਸਟਿਨ ਟਰੂਡੋ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਅਤੇ ਲਿਬਰਲ ਪਾਰਟੀ ਦੇ ਨੇਤਾ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਐਲਾਨ ਕੀਤਾ ਸੀ।

ਆਰੀਆ ਨੇ ਕਿਹਾ, "ਸਾਨੂੰ ਆਪਣੇ ਬੱਚਿਆਂ ਅਤੇ ਉਨ੍ਹਾਂ ਦੇ ਬੱਚਿਆਂ ਦੀ ਖ਼ਾਤਿਰ ਅਜਿਹੇ ਦਲੇਰ ਫ਼ੈਸਲੇ ਲੈਣੇ ਚਾਹੀਦੇ ਹਨ ਜੋ ਬਿਲਕੁਲ ਜ਼ਰੂਰੀ ਹਨ।" ਉਨ੍ਹਾਂ ਭਰੋਸਾ ਦਿੱਤਾ ਕਿ ਜੇਕਰ ਉਨ੍ਹਾਂ ਨੂੰ ਲਿਬਰਲ ਪਾਰਟੀ ਦਾ ਅਗਲਾ ਆਗੂ ਚੁਣਿਆ ਜਾਂਦਾ ਹੈ ਤਾਂ ਉਹ ਅਜਿਹਾ ਕਰਨ ਦੀ ਪੂਰੀ ਕੋਸ਼ਿਸ਼ ਕਰਨਗੇ। ਆਰੀਆ ਨੇ ਕਿਹਾ, "ਕੈਨੇਡਾ ਮਹੱਤਵਪੂਰਣ ਢਾਂਚਾਗਤ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ ਜੋ ਪੀੜ੍ਹੀਆਂ 'ਚ ਨਹੀਂ ਦੇਖੀਆਂ ਗਈਆਂ ਅਤੇ ਹੱਲ ਕਰਨ ਲਈ ਸਖ਼ਤ ਵਿਕਲਪਾਂ ਦੀ ਲੋੜ ਹੋਵੇਗੀ। ਸਾਡੀ ਆਰਥਿਕ ਵਿਕਾਸ ਅਤੇ ਵਿੱਤੀ ਤਾਕਤ ਬਹੁਤ ਸਾਰੇ ਕੈਨੇਡੀਅਨਾਂ ਨੂੰ ਲਾਭ ਨਹੀਂ ਪਹੁੰਚਾ ਰਹੀ।" MP ਆਰੀਆ ਨੇ ਚੁਣੇ



ਜਾਣ 'ਤੇ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਦਾ ਵਾਅਦਾ ਕੀਤਾ। ਉਨ੍ਹਾਂ ਕਿਹਾ, "ਅੱਜ ਮਜ਼ਦੂਰ ਮੱਧ ਵਰਗ ਸੰਘਰਸ਼ ਕਰ ਰਿਹਾ ਹੈ ਅਤੇ ਬਹੁਤ ਸਾਰੇ ਮਜ਼ਦੂਰ ਪਰਿਵਾਰ ਸਿੱਧੇ ਗ਼ਰੀਬੀ ਵਲ ਵੱਧ ਰਹੇ ਹਨ। ਸਾਨੂੰ ਨਾ ਸਿਰਫ਼ ਆਪਣੀ ਆਰਥਿਕਤਾ ਨੂੰ ਮੁੜ ਸੁਰਜੀਤ ਕਰਨ ਲਈ ਸਗੋਂ ਇੱਕ ਸਥਿਰ ਸਮਾਜ ਨੂੰ ਯਕੀਨੀ ਬਣਾਉਣ ਲਈ ਵੀ ਹੁਣ ਸਖ਼ਤ ਫ਼ੈਸਲੇ ਲੈਣੇ ਪੈਣਗੇ। ਮੇਰੇ ਕੋਲ ਇੱਕ ਹੱਲ ਹੈ ਅਤੇ ਇਸ ਨੂੰ ਸੰਭਵ ਬਣਾਉਣ ਲਈ ਇੱਕ ਸੱਚਾ ਇਰਾਦਾ ਹੈ।" ਉਨ੍ਹਾਂ ਅੱਗੇ ਕਿਹਾ, "ਕੈਨੇਡਾ ਅਜਿਹੀ ਲੀਡਰਸ਼ਿਪ ਦਾ ਹੱਕਦਾਰ ਹੈ ਜੋ ਵੱਡੇ ਫ਼ੈਸਲੇ ਲੈਣ ਤੋਂ ਨਾ ਡਰੇ। ਅਜਿਹੇ ਫ਼ੈਸਲੇ ਜੋ ਸਾਡੀ ਆਰਥਿਕਤਾ ਨੂੰ ਮੁੜ ਸੁਰਜੀਤ ਕਰਦੇ ਹਨ, ਉਮੀਦ ਬਹਾਲ ਕਰਦੇ ਹਨ, ਸਾਰੇ ਕੈਨੇਡੀਅਨਾਂ ਲਈ ਬਰਾਬਰ ਮੌਕੇ ਪੈਦਾ ਕਰਦੇ ਹਨ, ਅਤੇ ਸਾਡੇ ਬੱਚਿਆਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਖੁਸਹਾਲੀ ਨੂੰ ਯਕੀਨੀ ਬਣਾਉਂਦੇ ਹਨ। ਦਲੇਰ ਰਾਜਨੀਤਿਕ ਫ਼ੈਸਲੇ ਵਿਕਲਪਿਕ ਨਹੀਂ ਹੁੰਦੇ, ਇਹ ਜ਼ਰੂਰੀ ਹੁੰਦੇ ਹਨ। ਮੈਂ ਇਸ ਜ਼ਿੰਮੇਵਾਰੀ ਨੂੰ ਸੰਭਾਲਣ ਅਤੇ ਕੈਨੇਡਾ ਦੇ ਅਗਲੇ ਪ੍ਰਧਾਨ ਮੰਤਰੀ ਵਜੋਂ ਅਗਵਾਈ ਕਰਨ ਲਈ ਅੱਗੇ ਵੱਧ ਰਿਹਾ ਹਾਂ।" ਭਾਰਤੀ ਮੂਲ ਦੇ ਕੈਨੇਡੀਅਨ ਸੰਸਦ ਮੈਂਬਰ ਚੰਦਰ ਆਰੀਆ ਖ਼ਾਲਿਸਤਾਨ ਖ਼ਿਲਾਫ਼ ਖੁੱਲ੍ਹ ਕੇ ਬੋਲਦੇ ਰਹੇ ਹਨ। ਉਨ੍ਹਾਂ ਨੇ ਕੈਨੇਡਾ 'ਚ ਹਿੰਦੂ ਮੰਦਰਾਂ 'ਤੇ ਹੋ ਰਹੇ ਹਮਲਿਆਂ ਵਿਰੁੱਧ ਸਖ਼ਤ ਵਿਰੋਧ ਪ੍ਰਗਟ ਕੀਤਾ ਹੈ। ਕੈਨੇਡੀਅਨ ਭਾਰਤੀ ਮੂਲ ਦੇ ਸੰਸਦ ਮੈਂਬਰ ਚੰਦਰ ਆਰੀਆ ਵਲੋਂ ਕੀਤੇ ਗਏ ਐਲਾਨਾਂ 'ਚ ਕਈ ਦਿਲਚਸਪ ਗੱਲਾਂ ਸ਼ਾਮਿਲ ਹਨ। ਉਨ੍ਹਾਂ ਦੇ ਐਲਾਨਾਂ 'ਚ ਕਈ ਨੀਤੀਗਤ ਪ੍ਰਸਤਾਵ ਵੀ ਸ਼ਾਮਿਲ ਹਨ ਜਿਨ੍ਹਾਂ 'ਚ 2040 ਤਕ ਸੇਵਾ ਮੁਕਤੀ ਦੀ ਉਮਰ ਦੋ ਸਾਲ ਵਧਾਉਣਾ ਅਤੇ ਨਾਗਰਿਕਤਾ-ਆਧਾਰਿਤ ਟੈਕਸ ਪ੍ਰਣਾਲੀ ਦੀ ਸ਼ੁਰੂਆਤ ਸ਼ਾਮਲ ਹੈ।

ਕੈਨੇਡਾ ਦੇ ਪ੍ਰਧਾਨ ਮੰਤਰੀ ਅਹੁਦੇ ਦੀ ਦੌੜ 'ਚ ਸਾਬਕਾ ਵਿੱਤ ਮੰਤਰੀ ਕ੍ਰਿਸਟੀਆ ਫ੍ਰੀਲੈਂਡ ਸਭ ਤੋਂ ਅੱਗੇ ਹੈ। ਉਨ੍ਹਾਂ ਨੇ ਇੱਕ ਮਹੀਨਾ ਪਹਿਲਾਂ ਟਰੂਡੋ ਨਾਲ ਮਤਭੇਦ ਤੋਂ ਬਾਅਦ ਅਸਤੀਫ਼ਾ ਦੇ ਦਿੱਤਾ ਸੀ। ਇਸ ਤੋਂ ਇਲਾਵਾ ਬੈਂਕ ਔਫ਼ ਕੈਨੇਡਾ ਦੇ ਸਾਬਕਾ ਮੁੱਖੀ ਮਾਰਕ ਕਾਰਨੇ ਵੀ ਇਸ ਦੌੜ 'ਚ ਹਨ। ਉਨ੍ਹਾਂ ਨੂੰ ਟਰੂਡੋ ਦੀ ਪਹਿਲੀ ਪਸੰਦ ਕਿਹਾ ਜਾ ਰਿਹਾ ਹੈ। ਕਾਰਨੇ ਲੰਬੇ ਸਮੇਂ ਤੋਂ ਰਾਜਨੀਤੀ 'ਚ ਆਉਣ ਅਤੇ ਪ੍ਰਧਾਨ ਮੰਤਰੀ ਬਣਨ ਦੀ ਇੱਛਾ ਰੱਖਦੇ ਸਨ, ਪਰ ਉਨ੍ਹਾਂ ਕੋਲ ਰਾਜਨੀਤਿਕ ਤਜਰਬੇ ਦੀ ਘਾਟ ਹੈ। ਇੱਕ ਹੋਰ ਸੰਭਾਵੀ ਉਮੀਦਵਾਰ ਨਵੇਂ ਵਿੱਤ ਮੰਤਰੀ ਡੋਮੀਨਿਕ ਲਬਲੌਂ ਹਨ। ਲਬਲੌਂ, ਜੋ ਕਿ ਸਾਬਕਾ ਜਨਤਕ ਸੁਰੱਖਿਆ ਮੰਤਰੀ ਅਤੇ ਟਰੂਡੋ ਦੇ ਕਰੀਬੀ ਦੋਸਤ ਹਨ, ਨੇ ਹਾਲ ਹੀ 'ਚ ਜਸਟਿਨ ਟਰੂਡੋ ਨਾਲ ਇੱਕ ਡਿਨਰ 'ਚ ਸ਼ਿਰਕਤ ਕੀਤੀ ਜਿਸ 'ਚ ਡੌਨਲਡ ਟਰੰਪ ਵੀ ਸ਼ਾਮਿਲ ਸਨ।

# ਓਹਾਇਓ ਨੇ ਅਕਤੂਬਰ ਨੂੰ ਹਿੰਦੂ ਵਿਰਾਸਤੀ ਮਹੀਨੇ ਵਜੋਂ ਕੀਤਾ ਨਾਮਜ਼ਦ

**ਵਾਸ਼ਿੰਗਟਨ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਓਹਾਇਓ ਦੇ ਗਵਰਨਰ ਮਾਈਕ ਡਿਵਾਈਨ ਨੇ ਅਮਰੀਕੀ ਰਾਜ 'ਚ ਅਕਤੂਬਰ ਨੂੰ ਹਿੰਦੂ ਵਿਰਾਸਤੀ ਮਹੀਨੇ ਵਜੋਂ ਮਨੋਨੀਤ ਕਰਨ ਵਾਲੇ ਬਿੱਲ 'ਤੇ ਦਸਤਖ਼ਤ ਕੀਤੇ ਹਨ। ਇਸ ਬਿੱਲ 'ਤੇ ਡੈਵਿਨ ਨੇ ਸਾਬਕਾ ਰਾਜ ਸੈਨੇਟਰ ਨੀਰਜ ਅੰਤਾਨੀ ਅਤੇ ਕਈ ਹੋਰ ਭਾਈਚਾਰਕ ਆਗੂਆਂ ਦੀ ਮੌਜੂਦਗੀ 'ਚ ਦਸਤਖ਼ਤ ਕੀਤੇ। ਅੰਤਾਨੀ ਪਿਛਲੇ ਸਾਲ ਬਿੱਲ ਦੇ ਮੁੱਖ ਸਪੌਂਸਰ ਅਤੇ ਸਮਰਥਕ ਸਨ।ਅੰਤਾਨੀ ਨੇ ਕਿਹਾ, "ਮੈਂ ਓਹਾਇਓ 'ਚ ਅਕਤੂਬਰ ਮਹੀਨੇ ਨੂੰ ਹਿੰਦੂ ਵਿਰਾਸਤੀ ਮਹੀਨੇ ਵਜੋਂ ਮਨੋਨੀਤ ਕਰਨ ਲਈ ਇਸ ਬਿੱਲ 'ਤੇ ਦਸਤਖ਼ਤ ਕਰਨ ਲਈ ਗਵਰਨਰ ਡਿਵਾਈਨ ਦਾ ਬਹੁਤ ਧੰਨਵਾਦੀ ਹਾਂ। ਗਵਰਨਰ ਡਿਵਾਈਨ ਦਾ ਓਹਾਇਓ 'ਚ ਹਿੰਦੂ ਭਾਈਚਾਰੇ ਨਾਲ ਲੰਬੇ ਸਮੇਂ ਤੋਂ ਅਤੇ ਨਜ਼ਦੀਕੀ ਸਬੰਧ ਰਿਹਾ ਹੈ ਅਤੇ ਮੈਂ ਉਨ੍ਹਾਂ ਦੀ ਅਗਵਾਈ ਲਈ ਧੰਨਵਾਦੀ ਹਾਂ। ਦੋ ਸਾਲਾਂ ਦੇ ਲੰਬੇ ਕੰਮ ਤੋਂ ਬਾਅਦ ਮੈਂ ਬਹੁਤ ਖ਼ੁਸ਼ ਹਾਂ ਕਿ ਮੈਂ ਆਪਣੇ ਹਿੰਦੂ ਭਾਈਚਾਰੇ ਦੀ ਜ਼ਿੰਮੇਵਾਰੀ ਸੰਭਾਲਣ ਦੇ ਯੋਗ ਹੋਇਆ ਹਾਂ।

# ਮਹਿਲਾ ਵੱਲੋਂ ਮਿੰਨੀ ਸਕੱਤਰੇਤ ਦੇ ਨੇੜੇ ਖ਼ੁਦਕੁਸ਼ੀ ਦੀ ਕੋਸ਼ਿਸ਼

**ਪਟਿਆਲਾ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਥਾਣਾ ਅਰਬਨ ਅਸਟੇਟ ਅਧੀਨ ਪੈਂਦੇ ਇੱਕ ਇਲਾਕੇ ਦੀ 40 ਸਾਲਾ ਮਹਿਲਾ ਵੱਲੋਂ ਅੱਜ ਇੱਥੇ ਮਿਨੀ ਸਕੱਤਰੇਤ ਦੇ ਨੇੜੇ ਖ਼ੁਦਕੁਸ਼ੀ ਦੀ ਕੋਸ਼ਿਸ਼ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਉਸ ਨੇ ਜ਼ਹਿਰ ਪੀ ਕੇ ਆਪਣੀ ਜੀਵਨ ਲੀਲਾ ਸਮਾਪਤ ਕਰਨ ਦਾ ਯਤਨ ਕੀਤਾ, ਪਰ ਉਸ ਨੂੰ ਤੁਰੰਤ ਸਰਕਾਰੀ ਰਜਿੰਦਰਾ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ।

ਭਾਵੇਂ ਅਸਲੀ ਤੱਥ ਤਾਂ ਪੁਲੀਸ ਦੀ ਤਹਿਕੀਕਾਤ ਦੌਰਾਨ ਹੀ ਸਾਹਮਣੇ ਆਉਣਗੇ ਪਰ ਮੁੱਢਲੀ ਜਾਣਕਾਰੀ ਮੁਤਾਬਕ ਅਜਿਹਾ ਘਾਤਕ ਕਦਮ ਉਸ ਵੱਲੋਂ ਉਸ ਵੱਲੋਂ ਘਰੇਲੂ ਕਲੇਸ਼ ਕਾਰਨ ਚੁੱਕੇ ਜਾਣ ਦੀ ਚਰਚਾ ਹੈ। ਸੰਪਰਕ ਕਰਨ 'ਤੇ ਇਸ ਖੇਤਰ ਨਾਲ ਸਬੰਧਤ ਥਾਣਾ ਤ੍ਰਿਪੜੀ ਦੇ ਐੱਸਐੱਚਓ ਇੰਸਪੈਕਟਰ ਪਰਦੀਪ ਸਿੰਘ ਬਾਜਵਾ ਦਾ ਕਹਿਣਾ ਸੀ ਕਿ ਅੱਜ ਦਿਨੇ ਉਹ ਮੁੱਖ ਮੰਤਰੀ ਦੀ ਫੇਰੀ ਤਹਿਤ ਡਿਊਟੀ 'ਚ ਰੁੱਝੇ ਹੋਏ ਸਨ ਤੇ ਇਸ ਮਾਮਲੇ ਦਾ ਉਹ ਪਤਾ ਲਗਾ ਰਹੇ ਹਨ।

# ਮੁੱਖ ਮੰਤਰੀ ਨੂੰ ਮੰਗ ਪੱਤਰ ਦੇਣ ਆਈਆਂ ਆਸ਼ਾ ਵਰਕਰਾਂ ਨੂੰ ਪੁਲੀਸ ਨੇ ਘੇਰਿਆ

## ਸਭ ਤੋਂ ਨਿਕੰਮੀ ਹੈ 'ਆਪ' ਸਰਕਾਰ: ਸੰਤੋਸ਼ ਕੌਰ



**ਪਟਿਆਲਾ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਪਟਿਆਲਾ ਸ਼ਹਿਰ 'ਚ ਸਥਿਤ ਕਿਲਾ ਮੁਬਾਰਕ ਵਿੱਚ ਨਵੇਂ ਬਣੇ ਆਲੀਸ਼ਾਨ ਹੋਟਲ ਦਾ ਉਦਘਾਟਨ ਕਰਨ ਪੁੱਜੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਮੰਗ ਪੱਤਰ ਦੇਣ ਲਈ ਆਸ਼ਾ ਵਰਕਰਾਂ ਦੇ ਢਿੱਲੋਂ ਗਰੁੱਪ ਦੇ ਵਰਕਰਾਂ ਦਾ ਇੱਕ ਵਫਦ ਪਟਿਆਲਾ ਸ਼ਹਿਰੀ ਦੀ ਪ੍ਰਧਾਨ ਸੰਤੋਸ਼ ਕੌਰ ਦੀ ਅਗਵਾਈ ਹੇਠ ਸਮਾਗਮ ਸਥਾਨ ਤੋਂ ਕੁਝ ਦੂਰ ਸਨੌਰੀ ਗੇਟ ਨੇੜੇ ਸਥਿਤ ਡਿਸਪੈਂਸਰੀ ਨੇੜੇ ਪੁੱਜਿਆ। ਇਸ ਦੌਰਾਨ ਇਸ ਵਫ਼ਦ ਨੂੰ ਪੁਲੀਸ ਨੇ ਇਹ ਕਹਿ ਕੇ ਰੋਕ ਕੇ ਰੱਖਿਆ ਕਿ ਉਹ ਮੁੱਖ ਮੰਤਰੀ ਦੇ ਸਮਾਗਮ ਤੋਂ ਵਿਹਲੇ ਹੋਣ ਉਪਰੰਤ ਉਨ੍ਹਾਂ ਦੀ ਮੁਲਾਕਾਤ ਕਰਵਾ ਦੇਣਗੇ, ਪਰ ਸਮਾਗਮ ਤੋਂ ਬਾਅਦ ਵੀ ਜਦੋਂ ਉਨ੍ਹਾਂ ਦੀ ਮੁਲਾਕਾਤ ਨਾ ਕਰਵਾਈ ਗਈ ਤਾਂ ਇਨ੍ਹਾਂ ਵਰਕਰਾਂ ਨੇ ਵਿਰੋਧ ਜ਼ਾਹਰ ਕੀਤਾ ਤੇ ਅੱਗੇ ਜਾਣ ਦੀ ਕੋਸ਼ਿਸ ਕੀਤੀ ਜਿਸ ਦੌਰਾਨ ਪੁਲੀਸ ਨੇ ਉਨ੍ਹਾਂ ਨੂੰ ਇੱਥੇ ਹੀ ਘੇਰਾ ਪਾ ਲਿਆ ਤੇ ਮੁੱਖ ਮੰਤਰੀ ਦੇ ਜਾਣ ਤੋਂ ਬਾਅਦ ਹੀ ਘੇਰਾ-ਮੁਕਤ ਕੀਤਾ।

ਇਸ ਕਾਰਵਾਈ ਦੀ ਨਿਖੇਧੀ ਕਰਦਿਆਂ ਇਨ੍ਹਾਂ ਆਸ਼ਾ ਵਰਕਰਾਂ ਦਾ ਕਹਿਣਾ ਸੀ ਕਿ ਅਸਲ 'ਚ ਪਹਿਲਾਂ ਪੁਲੀਸ ਨੇ ਉਨ੍ਹਾਂ ਨੂੰ ਭਰੋਸੇ 'ਚ ਲੈ ਕੇ ਘੇਰ ਕੇ ਰੱਖਿਆ ਤੇ ਫੇਰ ਉਨ੍ਹਾਂ ਨੂੰ ਜਬਰੀ ਰੋਕਿਆ ਗਿਆ। ਉਨ੍ਹਾਂ ਨੇ ਪੰਜਾਬ ਸਰਕਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਸਭ ਤੋਂ ਨਿਕੰਮੀ ਸਰਕਾਰ ਹੈ, ਜੋ ਛੋਟੇ ਤੋਂ ਛੋਟੇ ਮੁਲਾਜ਼ਮ ਪ੍ਰਤੀ ਵੀ ਨਹੀਂ ਸੋਚ ਰਹੀ।

# ਟੌਲ ਪਲਾਜ਼ਾ ਵਰਕਰ ਯੂਨੀਅਨ ਵੱਲੋਂ ਲੰਗਰ



**ਪਾਤੜਾਂ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਿਸਾਨੀ ਸੰਘਰਸ਼ ਦੌਰਾਨ ਢਾਬੀ ਗੁਜਰਾਂ (ਖਨੌਰੀ) ਬਾਰਡਰ 'ਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਨੂੰ ਲੈ ਕੇ ਚੱਲ ਰਹੇ ਅੰਦੋਲਨ ਵਿੱਚ ਪੁੱਜਣ ਵਾਲੇ ਵੱਡੀ ਗਿਣਤੀ ਵਿੱਚ ਲੋਕਾਂ ਦੀ ਸਹੂਲਤ ਲਈ ਟੌਲ ਪਲਾਜ਼ਾ ਵਰਕਰਜ਼ ਯੂਨੀਅਨ ਪੰਜਾਬ ਵੱਲੋਂ ਸੂਬਾ ਪ੍ਰਧਾਨ ਦਰਸ਼ਨ ਸਿੰਘ ਲਾਡੀ ਅਤੇ ਸੂਬਾ ਮੀਤ ਪ੍ਰਧਾਨ ਸੁਖਜੀਤ ਸਿੰਘ ਅਗਵਾਈ ਵਿੱਚ ਲਗਾਏ ਗਏ ਲੰਗਰ ਲਗਾਤਾਰ ਜਾਰੀ ਹਨ। ਸੂਬੇ ਦੇ ਵੱਖ-ਵੱਖ ਹਿੱਸਿਆਂ ਵਿੱਚੋਂ ਟੌਲ ਪਲਾਜ਼ਾ ਵਰਕਰ ਪਹੁੰਚ ਕੇ ਦਿੱਲੀ ਸੰਗਰੂਰ ਕੌਮੀ ਮੁੱਖ ਮਾਰਗ ਉੱਤੇ ਪਿੰਡ ਗੋਬਿੰਦਪੁਰਾ ਪੈਂਦ ਦੇ ਨਜ਼ਦੀਕ ਟੌਲ ਪਲਾਜ਼ਾ ਉੱਤੇ ਲਗਾਏ ਗਏ ਲੰਗਰ ਵਿੱਚ ਸੇਵਾ ਕਰ ਰਹੇ ਹਨ। ਯੂਨੀਅਨ ਦੇ ਆਗੂਆਂ ਨੇ ਦੱਸਿਆ ਕਿ ਜਦੋਂ ਤੱਕ ਕਿਸਾਨੀ ਸੰਘਰਸ਼ ਜਾਰੀ ਰਹੇਗਾ, ਜਥੇਬੰਦੀ ਦੇ ਵਰਕਰ ਲੋਕ ਸੇਵਾ ਵਿੱਚ ਲੱਗੇ ਰਹਿਣਗੇ। ਇਸ ਮੌਕੇ ਲਖਬੀਰ ਲੱਖੀ, ਅੰਮ੍ਰਿਤ ਢਿੱਲੋਂ, ਪਿੰਦੀ ਸਿੱਧੂ, ਜੱਸੀ ਸੰਧੂ, ਜਮਲਾ ਜੱਟ, ਸੋਨੀ ਸ਼ਰਮਾ, ਲਵਪ੍ਰੀਤ ਸਿੱਧੂ, ਪ੍ਰੀਤ ਹਰੀਕਾ, ਨਿਰਭੈ ਧਾਲੀਵਾਲ, ਰੋਬਿਨ ਰੰਧਾਵਾ, ਜੱਗੀ ਰੰਧਾਵਾ, ਬਲਜਿੰਦਰ ਰੰਧਾਵਾ, ਹਰਪ੍ਰੀਤ ਜ਼ੈਲਦਾਰ, ਪਰਮਜੀਤ ਸਿੰਘ, ਭੁਪਿੰਦਰ ਵਿਰਕ, ਹਰਮਨ, ਬੈਨੀਪਾਲ, ਗੁਰਬਾਜ, ਇਕਵਾਲ ਵਿਰਕ ਤੇ ਗੱਗੀ ਪਟਿਆਲਾ ਆਦਿ ਹਾਜ਼ਰ ਹਨ।

# ਮਾਨਸਾ 'ਚ ਝੰਡਾ ਲਹਿਰਾਉਣ ਲਈ ਨਾ ਲੱਭਿਆ ਕੋਈ ਮੰਤਰੀ

**ਮਾਨਸਾ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਗਣਤੰਤਰ ਦਿਵਸ 26 ਜਨਵਰੀ ਦੇ ਸਮਾਗਮ ਵਿੱਚ ਇਸ ਵਾਰ ਮਾਨਸਾ ਵਿੱਚ ਕੋਈ ਵੀ ਮੰਤਰੀ ਕੌਮੀ ਝੰਡਾ ਨਹੀਂ ਲਹਿਰਾ ਰਿਹਾ ਹੈ। ਪੰਜਾਬ ਸਰਕਾਰ ਵੱਲੋਂ ਸੂਬੇ ਭਰ ਦੇ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮਾਂ ਵਿੱਚ ਰਾਸ਼ਟਰੀ ਝੰਡਾ ਲਹਿਰਾਉਣ ਵਾਲੇ ਮੰਤਰੀਆਂ ਦੇ ਨਾਮਾਂ ਦੀ ਸੂਚੀ ਜਾਰੀ ਕਰ ਦਿੱਤੀ ਹੈ ਪਰ ਇਸ ਵਿੱਚ ਮਾਨਸਾ ਜ਼ਿਲ੍ਹੇ ਦਾ ਨਾਂ ਨਹੀਂ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਸਰਕਾਰੀ ਤੌਰ 'ਤੇ ਮਨਾਈ ਜਾਂਦੇ ਇਸ ਜ਼ਿਲ੍ਹਾ ਪੱਧਰੀ ਸਮਾਗਮ ਵਿੱਚ ਸਰਕਾਰ ਵੱਲੋਂ ਕਿਸੇ ਵੀ ਮੰਤਰੀ ਨੂੰ ਝੰਡਾ ਲਹਿਰਾਉਣ ਲਈ ਨਹੀਂ ਭੇਜਿਆ ਗਿਆ।

ਹਾਲਾਂਕਿ ਸਮਾਗਮ ਵਿੱਚ ਝੰਡਾ ਲਹਿਰਾਉਣ ਦੀ ਰਸਮ ਨਿਸ਼ਚਿਤ ਅਤੇ ਪੱਕੀ ਹੈ, ਸਰਕਾਰ ਵੱਲੋਂ ਇਸ ਵਾਸਤੇ ਕਿਸੇ ਹੋਰ ਅਧਿਕਾਰੀ ਵਿਧਾਇਕ ਜਾਂ ਜਨਤਾ ਦੇ ਚੁਣੇ ਹੋਏ ਲੋਕ ਨੁਮਾਇੰਦੇ ਦੀ ਡਿਊਟੀ ਲਗਾ ਦਿੱਤੀ ਹੋ ਸਕਦੀ ਹੈ, ਪਰ ਮਾਨਸਾ ਵਿੱਚ ਇਸ ਵਾਰ ਗਣਤੰਤਰ ਦਿਵਸ ਦਾ ਝੰਡਾ ਕੋਈ ਵੀ ਮੰਤਰੀ ਨਹੀਂ ਲਹਿਰਾਏਗਾ।

ਮਾਨਸਾ ਸੀਵਰੇਜ ਸਮੱਸਿਆ, ਬੇਰੁਜ਼ਗਾਰਾਂ ਦੇ ਧਰਨੇ, ਕਿਸਾਨੀ ਮੰਗਾਂ ਲਈ ਹੁੰਦੇ ਧਰਨੇ, ਡਿਪਟੀ ਕਮਿਸ਼ਨਰ ਅਤੇ ਹੋਰ ਦਫ਼ਤਰਾਂ ਦਾ ਘਿਰਾਓ ਤੋਂ ਇਲਾਵਾ ਕੱਚੇ ਮੁਲਾਜ਼ਮਾਂ ਦੇ ਸੰਘਰਸ਼ ਦਾ ਪਿੜ ਮੰਨਿਆ ਜਾਂਦਾ ਹੈ। ਸੀਵਰੇਜ ਸਮੱਸਿਆ ਨੂੰ ਲੈ ਕੇ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਚੌਕ ਵਿਖੇ ਢਾਈ ਮਹੀਨਿਆਂ ਤੋਂ ਧਰਨਾ ਜਾਰੀ ਹੈ।

# ਸ਼ਿਵ ਸੈਨਾ ਹਿੰਦੁਸਤਾਨ ਦੇ ਧਾਰਮਿਕ ਵਿੰਗ ਵੱਲੋਂ ਸ੍ਰੀ ਕਾਲੀ ਮਾਤਾ ਮੰਦਰ ਵਿਖੇ ਸ਼੍ਰੀ ਹਨੂੰਮਾਨ ਚਾਲੀਸਾ ਜੀ ਦਾ ਪਾਠ ਆਯੋਜਨ



ਪਟਿਆਲਾ, 19 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਹਰ ਵਾਰ ਦੀ ਤਰ੍ਹਾਂ, ਸ਼ਿਵ ਸੈਨਾ ਹਿੰਦੁਸਤਾਨ ਦੇ ਧਾਰਮਿਕ ਵਿੰਗ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਵੱਲੋਂ, ਇਸ ਮੰਗਲਵਾਰ ਨੂੰ ਵੀ ਉੱਤਰ ਭਾਰਤ ਦੇ ਪ੍ਰਸਿੱਧ ਤੀਰਥ ਸਥਾਨ ਸ਼੍ਰੀ ਕਾਲੀ ਮਾਤਾ ਮੰਦਰ, ਪਟਿਆਲਾ (ਪੰਜਾਬ) ਵਿਖੇ ਸਨਾਤਨ ਹਿੰਦੂ ਧਰਮ ਦੇ ਪ੍ਰਚਾਰ ਲਈ ਸ਼੍ਰੀ ਹਨੂੰਮਾਨ ਚਾਲੀਸਾ ਜੀ ਦਾ ਪਾਠ ਕੀਤਾ ਗਿਆ। ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਵਿਆਸ ਪੀਠ ਤੋਂ ਸ਼੍ਰੀ ਕਾਲੀ ਮਾਤਾ ਮੰਦਿਰ ਵਿੱਚ, ਧਾਰਮਿਕ ਆਗੂ ਅਤੇ ਪ੍ਰਸਿੱਧ ਭਜਨ ਗਾਇਕਾ ਭੈਣ ਸ਼੍ਰੀਮਤੀ ਬੀਨਾ ਬਾਂਸਲ ਜੀ ਨੇ ਦੱਸਿਆ ਕਿ ਜਦੋਂ ਗੁੱਸਾ ਇੰਨਾ ਵੱਡਾ ਹੋ ਜਾਂਦਾ ਹੈ ਕਿ ਇਹ ਬਦਲੇ ਦੀ ਭਾਵਨਾ ਵਿੱਚ ਬਦਲ ਜਾਂਦਾ ਹੈ, ਇਸ ਲਈ ਕਦੇ ਵੀ ਗੁੱਸਾ ਨਾ ਕਰੋ, ਭਾਵੇਂ ਤੁਹਾਨੂੰ ਗੁੱਸੇ ਆਵੇ ਤਾਂ ਪ੍ਰਭੂ ਅੱਗੇ ਭਜਨ ਕੀਰਤਨ ਕਰੋ। ਹਮੇਸ਼ਾ ਸਾਦਗੀ ਵਿੱਚ ਰਹੋ ਅਤੇ ਦਇਆ ਧਰਮ ਨਾਲ ਕੰਮ ਕਰੋ। ਤੁਹਾਨੂੰ ਆਪਣੀ ਜ਼ਿੰਦਗੀ ਵਿੱਚ ਕਦੇ ਪਛਤਾਵਾ ਨਹੀਂ ਹੋਵੇਗਾ। ਇਹ ਜੀਵਨ ਬਹੁਤ ਘੱਟ ਮਿਲਦਾ ਹੈ। 84 ਲੱਖ ਜਨਮਾਂ ਤੋਂ ਬਾਅਦ, ਮਨੁੱਖ ਨੂੰ ਮਨੁੱਖ ਦਾ ਜਨਮ ਮਿਲਦਾ ਹੈ ਅਤੇ ਜੇਕਰ ਤੁਸੀਂ ਇਸ ਮਨੁੱਖਾ ਜਨਮ ਵਿੱਚ ਵੀ ਚੰਗੇ ਕਰਮ ਨਹੀਂ ਕਰ ਸਕੇ, ਤਾਂ ਤੁਹਾਡਾ ਜੀਵਨ ਬਰਬਾਦ ਹੋ ਜਾਵੇਗਾ, ਇਸ ਲਈ ਜਿੰਨਾ ਹੋ ਸਕੇ ਪ੍ਰਭੂ ਨੂੰ ਯਾਦ ਕਰੋ। ਅਤੇ ਪਰਮਾਤਮਾ ਦਾ ਸ਼ੁਕਰਗੁਜ਼ਾਰ ਹੋਵੋ ਕਿ ਉਸਨੇ ਤੁਹਾਨੂੰ ਇਸ ਮਨੁੱਖੀ ਜੀਵਨ ਦੇ ਯੋਗ ਸਮਝਿਆ ਹੈ। ਇਹ ਮਨੁੱਖੀ ਜੀਵਨ ਪਰਮਾਤਮਾ ਵੱਲੋਂ ਸਭ ਤੋਂ ਵਧੀਆ ਤੋਹਫ਼ਾ ਹੈ। ਇਸ ਮੌਕੇ ਪਟਿਆਲਾ ਦੇ ਨਵ-ਨਿਯੁਕਤ ਮੇਅਰ ਸ਼੍ਰੀ ਕੁੰਦਨ ਗੋਗੀਆ ਅਤੇ ਪਟਿਆਲਾ ਦੇ ਨਵ-ਨਿਯੁਕਤ ਡਿਪਟੀ ਮੇਅਰ ਸ਼੍ਰੀ ਜਗਜੀਤ ਸਿੰਘ ਜੱਗਾ ਭਗਵਾਨ ਸ਼੍ਰੀ ਰਾਮ ਜੀ ਦੇ ਪਰਮ ਭਗਤ ਹਨੂੰਮਾਨ ਜੀ ਦੇ ਚਰਨਾਂ ਵਿੱਚ ਮੱਥਾ ਟੇਕਣ ਅਤੇ ਉਨ੍ਹਾਂ ਦਾ ਆਸ਼ੀਰਵਾਦ ਲੈਣ ਲਈ ਪਹੁੰਚੇ। ਉਹ ਮੰਗਲਵਾਰ ਨੂੰ ਮਾਤਾ ਸ਼੍ਰੀ ਕਾਲੀ ਦੇਵੀ ਮੰਦਿਰ ਪਟਿਆਲਾ ਵਿਖੇ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਵੱਲੋਂ ਆਯੋਜਿਤ ਸ਼੍ਰੀ ਹਨੂੰਮਾਨ ਚਾਲੀਸਾ ਜੀ ਦੇ ਹਫਤਾਵਾਰੀ ਪਾਠ ਲਈ ਵਿਸ਼ੇਸ਼ ਤੌਰ 'ਤੇ ਪਹੁੰਚੇ ਸਨ। ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਦੇ ਰਾਸ਼ਟਰੀ ਸਰਪ੍ਰਸਤ ਸ਼੍ਰੀ ਪਵਨ ਕੁਮਾਰ ਗੁਪਤਾ ਜੀ ਨੇ ਪਟਿਆਲਾ ਦੇ ਨਵ-ਨਿਯੁਕਤ ਮੇਅਰ ਸ਼੍ਰੀ ਕੁੰਦਨ ਗੋਗੀਆ, ਡਿਪਟੀ ਮੇਅਰ ਸ਼੍ਰੀ ਜਗਜੀਤ ਸਿੰਘ ਜੱਗਾ ਅਤੇ ਸਾਬਕਾ ਡਿਪਟੀ ਮੇਅਰ ਸ਼੍ਰੀ ਬੋਪਾਰਾਏ ਨੂੰ ਮਾਤਾ ਦੀ ਚੁੰਨੀ, ਭਗਵਾਂ ਸ਼ਾਲ ਅਤੇ ਸ੍ਰੀ ਰਾਮ ਜੀ ਅਤੇ ਹਨੂਮਾਨ ਜੀ ਦੀ ਤਸਵੀਰ ਭੇਟ ਕਰਕੇ ਸਨਮਾਨਿਤ ਕੀਤਾ। ਇਸ ਮੌਕੇ 'ਤੇ ਪਵਨ ਕੁਮਾਰ ਗੁਪਤਾ, ਰਾਸ਼ਟਰੀ ਪ੍ਰਧਾਨ, ਸ਼ਿਵ ਸੈਨਾ ਹਿੰਦੁਸਤਾਨ ਧਾਰਮਿਕ ਸ਼ਾਖਾ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ, ਰਾਸ਼ਟਰੀ ਸਰਪ੍ਰਸਤ, ਸ਼੍ਰੀ ਰਾਮ ਹਨੂੰਮਾਨ ਸੇਵਾ ਦਲ ਨੇ ਸਾਰਿਆਂ ਨੂੰ ਸੰਬੋਧਨ ਕਰਦੇ ਹੋਏ ਉਮੀਦ ਪ੍ਰਗਟ ਕੀਤੀ ਕਿ ਸ਼੍ਰੀ ਕੁੰਦਨ ਗੋਗੀਆ ਜੀ ਦੀ ਅਗਵਾਈ ਹੇਠ, ਨਗਰ ਨਿਗਮ ਪਟਿਆਲਾ ਦੇ ਨਵੇਂ ਨਿਯੁਕਤ ਮੇਅਰ ਪਟਿਆਲਾ ਦੇ ਸਾਰੇ ਨਾਗਰਿਕਾਂ ਦੀਆਂ ਸਮੱਸਿਆਵਾਂ ਹੱਲ ਕਰਨਗੇ ਅਤੇ ਪਟਿਆਲਾ ਦਾ ਵਿਕਾਸ ਹੋਵੇਗਾ। ਕਿਉਂਕਿ ਸ਼੍ਰੀ ਕੁੰਦਨ ਗੋਗੀਆ ਜੀ ਪਾਰਟੀ ਸੀਮਾਵਾਂ ਤੋਂ ਉੱਪਰ ਉੱਠ ਕੇ ਆਮ ਨਾਗਰਿਕਾਂ ਨਾਲ ਜੁੜੇ ਹੋਏ ਹਨ। ਸ਼੍ਰੀ ਜੱਗਾ ਜੀ, ਜੋ ਕਿ ਡਿਪਟੀ ਮੇਅਰ ਹਨ, ਆਪਣੇ ਮਿਲਾਪੜੇ ਸੁਭਾਅ ਕਰਕੇ ਆਮ ਲੋਕਾਂ ਦੇ ਬਹੁਤ ਨੇੜੇ ਹਨ ਅਤੇ ਜਨਤਕ ਸਮੱਸਿਆਵਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ। ਇਸ ਮੌਕੇ ਮੇਅਰ ਸ਼੍ਰੀ ਕੁੰਦਨ ਗੋਗੀਆ ਜੀ ਨੇ ਸਾਰੇ ਸ਼ਰਧਾਲੂਆਂ ਨੂੰ ਭਰੋਸਾ ਦਿੱਤਾ ਕਿ ਮੈਂ ਆਮ ਜਨਤਾ ਦੀਆਂ ਸਮੱਸਿਆਵਾਂ ਦੇ ਹੱਲ ਲਈ ਹਮੇਸ਼ਾ ਹਾਜ਼ਰ ਰਹਾਂਗਾ ਅਤੇ ਮੈਂ ਸ਼ੁਰੂ ਤੋਂ ਹੀ ਸਨਾਤਨ ਧਰਮ ਨਾਲ ਜੁੜਿਆ ਹੋਇਆ ਹਾਂ ਅਤੇ ਭਵਿੱਖ ਵਿੱਚ ਵੀ ਸਨਾਤਨ ਦੀ ਸੇਵਾ ਵਿੱਚ ਹਾਜ਼ਰ ਰਹਾਂਗਾ। . ਸ਼੍ਰੀ ਜਗਦੀਸ਼ ਰਾਇਕਾ ਜੀ ਪੰਜਾਬ ਚੇਅਰਮੈਨ, ਸੂਬਾ ਜਨਰਲ ਸਕੱਤਰ ਸਨਾਤਨ ਧਰਮ ਪ੍ਰਚਾਰਕ ਜੋਤਸ਼ੀ ਆਚਾਰੀਆ ਸ਼੍ਰੀ ਬਦਰੀ ਪ੍ਰਸਾਦ ਸ਼ਾਸਤਰੀ, ਸ਼੍ਰੀਮਤੀ ਸੁਮਨ ਗੁਪਤਾ ਪੰਜਾਬ ਪ੍ਰਧਾਨ ਸ਼੍ਰੀ ਰਾਮ ਹਨੂੰਮਾਨ ਸੇਵਾਦਲ (ਮਹਿਲਾ ਇਕਾਈ), ਸ਼੍ਰੀ ਹੇਮਰਾਜ ਗੋਇਲ ਰਾਸ਼ਟਰੀ ਸਲਾਹਕਾਰ ਅਤੇ ਜ਼ਿਲ੍ਹਾ ਪ੍ਰਧਾਨ ਸ਼੍ਰੀ ਰਾਮ ਹਨੂੰਮਾਨ ਸੇਵਾਦਲ ਸ਼੍ਰੀ ਰਾਜੇਸ਼ ਕੌਸ਼ਿਕ ਗਗੀ ਪ੍ਰਧਾਨ ਉੱਤਰੀ ਭਾਰਤ ਸ਼ਿਵ ਸੈਨਾ ਹਿੰਦੁਸਤਾਨ, ਸ਼੍ਰੀ ਸ਼ਮਾ ਕਾਂਤ ਪਾਂਡੇ ਸੀਨੀਅਰ ਉਪ ਪ੍ਰਧਾਨ ਪੰਜਾਬ, ਸ਼੍ਰੀ ਰੋਹਿਤ ਅਟਵਾਲ ਜ਼ਿਲ੍ਹਾ ਪ੍ਰਧਾਨ ਯੁਵਾ ਇਕਾਈ ਪਟਿਆਲਾ, ਸ਼੍ਰੀ ਰਵੀ ਸੋਹਲ ਸ਼ਹਿਰੀ ਪ੍ਰਧਾਨ ਪਟਿਆਲਾ ਸ਼ਿਵ ਸੈਨਾ ਹਿੰਦੁਸਤਾਨ, ਸ਼੍ਰੀ ਪਵਨਜੀਤ ਸ਼ਰਮਾ ਜ਼ਿਲ੍ਹਾ ਪ੍ਰਚਾਰ ਸਕੱਤਰ ਸ਼੍ਰੀ ਰਾਮ ਹਨੂੰਮਾਨ ਸੇਵਾ ਦਲ, ਸ਼੍ਰੀਮਤੀ ਨੀਲਮ ਸ਼ਰਮਾ ਸ਼੍ਰੀਮਤੀ ਵੀਰਤਾ ਸ਼ਰਮਾ, ਸ਼੍ਰੀਮਤੀ ਸੁਨੀਤਾ ਰਾਣੀ, ਸ਼੍ਰੀ ਸਵਤੰਤਰ ਰਾਜ ਪਾਸੀ, ਪ੍ਰਧਾਨ ਸ਼ਿਵ ਸ਼ਕਤੀ ਸੇਵਾਦਲ ਲੰਗਰ ਕਮੇਟੀ ਪਟਿਆਲਾ (ਸ਼੍ਰੀ ਕਾਲੀ ਮਾਤਾ ਮੰਦਰ), ਸ਼੍ਰੀ ਰਮੇਸ਼ ਕੰਬੋਜ ਅਤੇ ਪੱਪੂ, ਗੁਡੂ, ਸ਼੍ਰੀ ਰਾਮ ਹਨੂੰਮਾਨ ਸੇਵਾਦਲ ਦੇ ਸਾਰੇ ਜ਼ਿੰਮੇਵਾਰ ਅਹੁਦੇਦਾਰ ਸਾਹਿਬਾਨ ਅਤੇ ਸੇਵਾਦਾਰ ਸਮੇਤ ਵੱਡੀ ਗਿਣਤੀ ਵਿੱਚ ਸਾਰੇ ਮੈਂਬਰ ਮੌਜੂਦ ਸਨ।

# ਟ੍ਰਾਈਡੈਂਟ ਗਰੁੱਪ ਨੇ ਭਾਰਤ ਭਰ ਵਿੱਚ 3,000 ਹੁਨਰਮੰਦ ਵਿਅਕਤੀਆਂ ਨੂੰ ਨੌਕਰੀ' ਤੇ ਰੱਖਣ ਲਈ ਕਰਮਯੋਗੀ ਨਾਮ ਤੋਂ ਭਰਤੀ ਮੁਹਿੰਮ ਕੀਤੀ ਸ਼ੁਰੂ

ਬਰਨਾਲਾ, 19 ਜਨਵਰੀ
- ਰਾਕੇਸ਼ ਗੋਇਲ-
-ਕੌਮੀ ਪੱਤ੍ਰਿਕਾ ਬਿਊਰੋ-



ਟ੍ਰਾਈਡੈਂਟ ਗਰੁੱਪ, ਇੱਕ ਗਲੋਬਲ ਸਮੂਹ ਨੇ ਆਪਣੀ ਕਰਮਯੋਗੀ ਭਰਤੀ ਮੁਹਿੰਮ ਦੀ ਘੋਸ਼ਣਾ ਕੀਤੀ ਹੈ, ਜਿਸਦਾ ਉਦੇਸ਼ ਪੂਰੇ ਭਾਰਤ ਵਿੱਚ 3,000 ਹੁਨਰਮੰਦ ਵਿਅਕਤੀਆਂ ਨੂੰ ਨੌਕਰੀ 'ਤੇ ਰੱਖਣਾ ਹੈ। ਇਹ ਪਹਿਲਕਦਮੀ ਟ੍ਰਾਈਡੈਂਟ ਗਰੁੱਪ ਦੀ ਇੱਕ ਸਮਾਵੇਸ਼ੀ, ਸਸ਼ਕਤੀਕਰਨ ਭਾਈਚਾਰੇ ਦੇ ਨਿਰਮਾਣ ਅਤੇ ਦੇਸ਼ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਯੋਗਦਾਨ ਪਾਉਣ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ।

ਇਹ ਮੁਹਿੰਮ ਪੰਜਾਬ (ਧੌਲਾ ਅਤੇ ਸੰਘੇੜਾ) ਅਤੇ ਮੱਧ ਪ੍ਰਦੇਸ਼ (ਬੁੱਧਨੀ) 'ਤੇ ਕੇਂਦ੍ਰਿਤ ਹੋਵੇਗੀ ਜਿਸ ਵਿੱਚ ਮਹਿਲਾ ਬਿਨੈਕਾਰਾਂ ਅਤੇ ਖੇਡ ਪਿਛੋਕੜ ਵਾਲੀਆਂ ਉਮੀਦਵਾਰਾਂ 'ਤੇ ਜ਼ੋਰ ਦਿੱਤਾ ਜਾਵੇਗਾ। 3,000 ਵਿਅਕਤੀਆਂ ਨੂੰ ਰੁਜ਼ਗਾਰ ਪ੍ਰਦਾਨ ਕਰਕੇ, ਟ੍ਰਾਈਡੈਂਟ ਗਰੁੱਪ ਅਸਿੱਧੇ ਤੌਰ 'ਤੇ 15,000 ਤੋਂ ਵੱਧ ਪਰਿਵਾਰਕ ਮੈਂਬਰਾਂ ਨੂੰ ਲਾਭ ਪਹੁੰਚਾਏਗਾ. ਸਥਾਨਕ ਅਰਥਵਿਵਸਥਾਵਾਂ ਨੂੰ ਹੁਲਾਰਾ ਦੇਵੇਗਾ, ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰੇਗਾ ਅਤੇ ਰਾਸ਼ਟਰੀ ਜੀ ਡੀ ਪੀਵਿੱਚ ਯੋਗਦਾਨ ਪਾਵੇਗਾ। ਇਹ ਪਹਿਲਕਦਮੀ ਹੁਨਰ ਵਿਕਾਸ ਨੂੰ ਵੀ ਉਤਸ਼ਾਹਿਤ ਕਰੇਗੀ, ਮਹਿਲਾ ਮੈਂਬਰਾਂ ਨੂੰ ਸਸ਼ਕਤ ਬਣਾਏਗੀ ਅਤੇ ਕੀਮਤੀ ਟੈਕਸ ਸਰੋਤ ਪੈਦਾ ਕਰੇਗੀ। ਭਰਤੀ ਮੁਹਿੰਮ ਬਾਰੇ ਬੋਲਦਿਆਂ, ਪੂਜਾ ਲੂਥਰਾ, ਸੀਐਚਆਰਓ, ਟ੍ਰਾਈਡੈਂਟ ਗਰੁੱਪ ਨੇ ਕਿਹਾ ਕਰਮਯੋਗੀ ਭਰਤੀ ਮੁਹਿੰਮ ਹਜ਼ਾਰਾਂ ਲੋਕਾਂ ਲਈ ਅਰਥਪੂਰਨ ਕੰਮ ਦੇ ਮੌਕੇ ਪੈਦਾ ਕਰਨ ਦੇ ਸਾਡੇ ਦ੍ਰਿਸ਼ਟੀਕੋਣ ਨਾਲ ਮੇਲ ਖਾਂਦੀ ਹੈ ਜਦੋਂ ਕਿ ਅਸੀਂ ਜਿਨ੍ਹਾਂ ਭਾਈਚਾਰਿਆਂ ਦੀ ਸੇਵਾ ਕਰਦੇ ਹਾਂ ਉਨ੍ਹਾਂ ਨੂੰ ਸਕਾਰਾਤਮਕ ਤੌਰ 'ਤੇ ਪ੍ਰਭਾਵਿਤ ਕਰਦੀ ਹੈ। ਇਹ ਪਹਿਲ ਨਾ ਸਿਰਫ਼ ਸਾਡੇ ਕਾਰਜਬਲ ਨੂੰ ਮਜ਼ਬੂਤ ਕਰਦੀ ਹੈ ਬਲਕਿ ਰਾਸ਼ਟਰ ਨਿਰਮਾਣ ਵਿੱਚ ਵੀ ਯੋਗਦਾਨ ਪਾਉਂਦੀ ਹੈ। ਵਿਅਕਤੀਆਂ ਨੂੰ ਸਸ਼ਕਤ ਬਣਾ ਕੇ ਅਤੇ ਉਨ੍ਹਾਂ ਨੂੰ ਵਧਣ ਦੇ ਮੌਕੇ ਪ੍ਰਦਾਨ ਕਰੇਗੀ ਜਿਸ ਨਾਲ ਦੇਸ਼ ਨਿਰਮਾਣ ਅਤੇ ਵਿਕਸਿਤ ਭਾਰਤ ਵਾਲ ਹੋਰ ਸਸ਼ਕਤ ਕਦਮ ਵਧਾਣ ਵਿਚ ਹੁੰਗਾਰਾ ਮਿਲੇਗਾ।ਭਰਤੀ ਪ੍ਰਕਿਰਿਆ ਵਿੱਚ ਔਨਲਾਈਨ ਰਜਿਸਟ੍ਰੇਸ਼ਨ, ਅਰਜ਼ੀ ਜਮ੍ਹਾਂ ਕਰਵਾਉਣਾ, ਔਫਲਾਈਨ ਮੁਲਾਂਕਣ ਅਤੇ ਹੁਨਰ ਮੁਲਾਂਕਣ ਸ਼ਾਮਲ ਹੋਣਗੇ। ਸਫਲ ਉਮੀਦਵਾਰ ਟ੍ਰਾਈਡੈਂਟ ਗਰੁੱਪ ਦੇ ਵੱਖ-ਵੱਖ ਵਿਭਾਗਾਂ ਵਿੱਚ ਸ਼ਾਮਲ ਹੋਣਗੇ, ਜਿਨ੍ਹਾਂ ਵਿੱਚ ਸੰਚਾਲਨ, ਇੰਜੀਨੀਅਰਿੰਗ, ਰੱਖ-ਰਖਾਅ ਅਤੇ ਪ੍ਰਸ਼ਾਸਨ ਸ਼ਾਮਲ ਹਨ। ਇਹ ਅਹੁਦੇ 8 ਘੰਟੇ ਦੇ ਕੰਮਕਾਜੀ ਦਿਨ ਲਈ ਪ੍ਰਤੀ ਮਹੀਨਾ 50,000 ਦੀ ਸ਼ੁਰੂਆਤੀ ਤਨਖਾਹ ਦੀ ਪੇਸ਼ਕਸ਼ ਕਰਨਗੇ, ਜਿਸ ਨਾਲ ਸਨਮਾਨਜਨਕ ਤਨਖਾਹ ਅਤੇ ਬਿਹਤਰ ਕੰਮ-ਜੀਵਨ ਸੰਤੁਲਨ ਯਕੀਨੀ ਬਣਾਇਆ ਜਾਵੇਗਾ। ਇਸ ਵਿਸ਼ੇਸ਼ ਭਰਤੀ ਅਭਿਆਨ ਦੇ ਸ਼ੁੱਭ ਅਰੰਭ ਦੇ ਨਾਲ, ਟ੍ਰਾਈਡੈਂਟ ਗਰੁੱਪ ਆਪਣੇ ਦੁਆਰਾ ਸੇਵਾ ਪ੍ਰਦਾਨ ਕਰਨ ਵਾਲੇ ਸਮੂਹਾਂ ਤੇ ਪ੍ਰਭਾਵ ਪਾਉਣ ਲਈ ਆਪਣੇ ਸਮਰਪਣ ਦੀ ਪੁਸ਼ਟੀ ਕਰਦਾ ਹੈ।

# ਕਾਂਗਰਸ ਦੇ ਤੋਂ ਕੌਂਸਲਰਾਂ ਨੂੰ ਭਾਰੀ ਪਿਆ 'ਆਪ' ਦੇ ਹੱਕ ਵਿੱਚ ਵੋਟ ਪਾਉਣਾ

ਮਾਛੀਵਾੜਾ ਸਾਹਿਬ, 19 ਜਨਵਰੀ
-ਜਤਿੰਦਰ ਕੁਮਾਰ ਝੜੌਦੀ-
-ਕੌਮੀ ਪੱਤ੍ਰਿਕਾ ਬਿਊਰੋ-



ਪਿਛਲੇ ਸਾਲ ਦਸੰਬਰ ਵਿੱਚ ਨਗਰ ਕੌਂਸਲ ਤੇ ਨਗਰ ਨਿਗਮ ਦੀਆਂ ਚੋਣਾਂ ਹੋਈਆਂ ਮਾਛੀਵਾੜਾ ਸਾਹਿਬ ਵਿਖੇ ਵੀ ਨਗਰ ਕੌਂਸਲ ਦੀਆਂ ਚੋਣਾਂ ਮੌਕੇ ਦੋ ਕਾਂਗਰਸ ਪਾਰਟੀ ਦੇ ਕੌਂਸਲਰ ਬਣੇ ਪਰ ਜਦੋਂ ਨਗਰ ਕੌਂਸਲ ਦੇ ਪ੍ਰਧਾਨ ਦੀ ਚੋਣ ਹੋਈ ਤਾਂ ਉਸ ਮੌਕੇ ਕਾਂਗਰਸ ਦੇ 2 ਕੌਂਸਲਰਾਂ ਰਸ਼ਮੀ ਜੈਨ ਤੇ ਸੁਰਿੰਦਰ ਕੁਮਾਰ ਛਿੰਦੀ ਨੇ 'ਆਪ' ਕੌਂਸਲਰ ਮੋਹਿਤ ਕੁੰਦਰਾ ਦੇ ਹੱਕ ਵਿਚ ਵੋਟ ਪਾਈ, ਜਿਸ 'ਤੇ ਅੱਜ ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਸਾਬਕਾ ਵਿਧਾਇਕ ਲਖਵੀਰ ਸਿੰਘ ਲੱਖਾ ਨੇ ਦੋਹਾਂ ਨੂੰ ਨੋਟਿਸ ਜਾਰੀ ਕਰ ਸਪੱਸ਼ਟੀਕਰਨ ਮੰਗਿਆ ਹੈ। ਜ਼ਿਲ੍ਹਾ ਪ੍ਰਧਾਨ ਵਲੋਂ ਜਾਰੀ ਨੋਟਿਸ ਅਨੁਸਾਰ ਬਲਾਕ ਕਾਂਗਰਸ ਪ੍ਰਧਾਨ ਪਰਮਿੰਦਰ ਤਿਵਾੜੀ ਨੇ ਇੱਕ ਸ਼ਿਕਾਇਤ ਦਿੱਤੀ ਕਿ ਨਗਰ ਕੌਂਸਲ ਮਾਛੀਵਾੜਾ ਸਾਹਿਬ ਦੀ 10 ਜਨਵਰੀ 2025 ਨੂੰ ਪ੍ਰਧਾਨਗੀ ਉਮੀਦਵਾਰ ਦੀ ਚੋਣ ਵਿਚ ਕਾਂਗਰਸ ਪਾਰਟੀ ਦੀਆਂ ਹਦਾਇਤਾਂ ਖ਼ਿਲਾਫ਼ ਜਾ ਕੇ ਆਮ ਆਦਮੀ ਪਾਰਟੀ ਦੇ ਪ੍ਰਧਾਨਗੀ ਉਮੀਦਵਾਰ ਮੋਹਿਤ ਕੁੰਦਰਾ ਦੇ ਹੱਕ ਵਿਚ ਵੋਟ ਪਾਈ, ਜੋ ਕਿ ਬਹੁਤ ਹੀ ਗੰਭੀਰ ਅਨੁਸ਼ਾਸ਼ਨਹੀਣਤਾ ਵਾਲਾ ਮਾਮਲਾ ਹੈ। ਜ਼ਿਲ੍ਹਾ ਪ੍ਰਧਾਨ ਨੇ ਇਨ੍ਹਾਂ ਦੋਹਾਂ ਕੌਂਸਲਰਾਂ ਨੂੰ ਹਦਾਇਤ ਕੀਤੀ ਕਿ 7 ਦਿਨਾਂ ਦੇ ਅੰਦਰ ਅੰਦਰ ਆਪਣਾ ਲਿਖ਼ਤੀ ਸਪੱਸ਼ਟੀਕਰਨ ਨਿੱਜੀ ਤੌਰ 'ਤੇ ਪੇਸ਼ ਹੋ ਕੇ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਜਵਾਬ ਨਾ ਦੇਣ ਦੀ ਸੂਰਤ ਵਿਚ ਆਪ 'ਤੇ ਅਗਲੇਰੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਜ਼ਿਕਰਯੋਗ ਹੈ ਕਿ ਲੰਘੀ 10 ਜਨਵਰੀ ਨੂੰ ਨਗਰ ਕੌਂਸਲ ਪ੍ਰਧਾਨਗੀ ਦੀ ਚੋਣ ਦੌਰਾਨ ਕਾਂਗਰਸ, ਅਕਾਲੀ ਦਲ ਅਤੇ 'ਆਪ' ਕੌਂਸਲਰਾਂ ਦੇ ਸਮਰਥਨ ਨਾਲ ਮੋਹਿਤ ਕੁੰਦਰਾ ਭਾਰੀ ਬਹੁਮਤ ਨਾਲ ਪ੍ਰਧਾਨ ਚੁਣੇ ਗਏ ਸਨ।

## ਪਿੰਡ ਬੁੱਲੇਵਾਲ ਵਿਖੇ ਦੁੱਧ ਉਤਪਾਦਕਾਂ ਨੂੰ ਮੁਨਾਫ਼ਾ ਵੰਡਿਆ

ਮਾਛੀਵਾੜਾ ਸਾਹਿਬ, 19 ਜਨਵਰੀ
-ਜਤਿੰਦਰ ਕੁਮਾਰ ਝੜੌਦੀ-
-ਕੌਮੀ ਪੱਤ੍ਰਿਕਾ ਬਿਊਰੋ-

ਨੇੜਲੇ ਪਿੰਡ ਬੁੱਲੇਵਾਲ ਵਿਖੇ ਦੁੱਧ ਉਤਪਾਦਕ ਸਹਿਕਾਰੀ ਸਭਾ ਵੱਲੋਂ ਦੁੱਧ ਉਤਪਾਦਕਾਂ ਨੂੰ ਮੁਨਾਫ਼ਾ ਵੰਡਿਆ ਗਿਆ। ਸਭਾ ਦੇ ਪ੍ਰਧਾਨ ਅਵਤਾਰ ਸਿੰਘ ਨੇ ਦੱਸਿਆ ਕਿ ਸਭਾ ਦੇ ਲਗਭਗ 5 ਦਰਜਨ ਤੋਂ ਵੱਧ ਮੈਂਬਰਾਂ ਨੂੰ ਪਿਛਲੇ 2 ਸਾਲਾਂ ਦਾ 4 ਲੱਖ 32 ਹਜ਼ਾਰ 301 ਰੁਪਏ ਮੁਨਾਫ਼ਾ ਵੰਡਿਆ ਗਿਆ ਹੈ। ਦੁੱਧ ਉਤਪਾਦਕ ਸਭਾ ਪਿਛਲੇ ਲੰਮੇ ਸਮੇਂ ਤੋਂ ਵਧੀਆ ਕੰਮ ਕਰ ਰਹੀ ਹੈ ਜਿਸ ਨਾਲ ਇਲਾਕੇ ਦੇ ਲੋਕ ਵੱਡੇ ਪੱਧਰ 'ਤੇ ਜੁੜ ਕੇ ਦੁੱਧ ਦਾ ਉਤਪਾਦਨ ਵਧਾ ਰਹੇ ਹਨ। ਸਭਾ ਵਲੋਂ ਨਿਸ਼ਾਨ ਸਿੰਘ ਰਹੀਮਾਬਾਦ ਨੂੰ ਪਹਿਲਾ ਇਨਾਮ 29,377 ਰੁਪਏ, ਕੁਲਵਿੰਦਰ ਸਿੰਘ ਰਹੀਮਾਬਾਦ ਨੂੰ ਦੂਜਾ 17,574 ਰੁਪਏ ਅਤੇ ਅਵਤਾਰ ਸਿੰਘ ਬੁੱਲੇਵਾਲ ਨੂੰ ਤੀਜਾ ਸਥਾਨ ਹਾਸਲ ਕਰ ਕੇ 15,379 ਰੁਪਏ ਲਾਭ ਪ੍ਰਾਪਤ ਹੋਇਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਦਰਸ਼ਨ ਸਿੰਘ ਮੀਤ ਪ੍ਰਧਾਨ, ਹਰਿੰਦਰ ਸਿੰਘ, ਕੁਲਵਿੰਦਰ ਸਿੰਘ, ਰਵਿੰਦਰ ਕੌਰ, ਰਜਿੰਦਰ ਕੌਰ, ਕਿਰਪਾਲ ਸਿੰਘ ਸਾਬਕਾ ਸਰਪੰਚ, ਦਲਜੀਤ ਸਿੰਘ ਸਾਬਕਾ ਸਰਪੰਚ, ਦੇਸ ਰਾਜ ਸਿੰਘ, ਗੁਰਦੇਵ ਸਿੰਘ, ਹਰਿੰਦਰ ਸਿੰਘ, ਗੁਰਮੇਲ ਸਿੰਘ, ਰਣਜੀਤ ਸਿੰਘ, ਗੁਰਦੀਪ ਸਿੰਘ ਪੰਚ, ਹਰਬੰਸ ਸਿੰਘ, ਮਨਜੋਤ ਸਿੰਘ, ਹਰਸਿਮਰਨ ਸਿੰਘ ਵੀ ਮੌਜੂਦ ਸਨ।

# ਆਪ ਦੀ ਲੀਡਰਸ਼ਿਪ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਵਿਖੇ ਹੋਈ ਨਤਮਸਤਕ



ਸ੍ਰੀ ਮੁਕਤਸਰ ਸਾਹਿਬ 19 ਜਨਵਰੀ
-ਨਰਿੰਦਰ ਵਧਵਾ-
-ਕੌਮੀ ਪੱਤ੍ਰਿਕਾ ਬਿਊਰੋ-

ਗੁਰਦੁਆਰਾ ਟੁੱਟੀ ਗੰਢੀ ਸਾਹਿਬ ਵਿਖੇ ਅੱਜ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਪੁਹੰਚ ਕੇ ਚਾਲੀ ਮੁਕਤਿਆਂ ਦੀ ਯਾਦ ਨੂੰ ਸਮਰਪਤ ਮਾਘੀ ਮੇਲੇ ਤੇ ਨਤਮਸਤਕ ਹੋਈਆਂ। ਇਸ ਤੋਂ ਇਲਾਵਾ ਪੰਜਾਬ ਦੀਆਂ ਉੱਘੀਆਂ ਸ਼ਖ਼ਸ਼ੀਅਤਾਂ ਸਮੇਤ ਸ ਕੁਲਤਾਰ ਸਿੰਘ ਸੰਧਵਾਂ, ਪੰਜਾਬ ਵਿਧਾਨ ਸਭਾ ਦੇ ਸਪੀਕਰ, ਪੰਜਾਬ ਦੇ ਮੁੱਖ ਮੰਤਰੀ ਦੇ ਮਾਤਾ ਸਰਦਾਰਨੀ ਹਰਪਾਲ ਕੌਰ, ਸ੍ਰੀ ਅਮਨ ਅਰੋੜਾ ਨਵੀ ਤੇ ਨਵਿਆਉਣਯੋਗ ਊਰਜਾ ਸਰੋਤ ਮੰਤਰੀ, ਜੱਥੇਦਾਰ ਗੁਰਮੀਤ ਸਿੰਘ ਖੁੱਡੀਆਂ ਖੇਤੀਬਾੜੀ ਮੰਤਰੀ, ਡਾ ਬਲਜੀਤ ਕੌਰ ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਮੰਤਰੀ, ਗੁਰਮੀਤ ਸਿੰਘ ਮੀਤ ਹੇਅਰ ਐੱਮ ਪੀ ਸੰਗਰੂਰ, ਜਗਦੀਪ ਸਿੰਘ ਕਾਕਾ ਬਰਾੜ ਵਿਧਾਇਕ ਸ੍ਰੀ ਮੁਕਤਸਰ ਸਾਹਿਬ, ਦਵਿੰਦਰਜੀਤ ਸਿੰਘ ਲਾਡੀ ਢੋਸ ਹਲਕਾ ਵਿਧਾਇਕ ਧਰਮਕੋਟ, ਗੋਲਡੀ ਕੰਬੋਜ ਵਿਧਾਇਕ ਜਲਾਲਾਬਾਦ, ਸ਼੍ਰੀ ਅਮਨਦੀਪ ਸਿੰਘ ਗੋਲਡੀ ਮੁਸਾਫਰ ਵਿਧਾਇਕ ਬੱਲੂਆਣਾ, ਫੌਜਾ ਸਿੰਘ ਸਰਾਰੀ ਵਿਧਾਇਕ ਗੁਰੂ ਹਰਸਹਾਏ, ਰਣਜੀਤ ਸਿੰਘ ਭੁੱਲਰ ਵਿਧਾਇਕ ਫਿਰੋਜ਼ਪੁਰ ਸ਼ਹਿਰ, ਹਰਮੀਤ ਸਿੰਘ ਪਠਾਣ ਮਾਜਰਾ ਵਿਧਾਇਕ ਸਨੌਰ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕ ਕੇ ਅਸ਼ੀਰਵਾਦ ਪ੍ਰਾਪਤ ਕੀਤਾ।

## ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਕੱਟੇ ਚਲਾਨ



ਧੂਰੀ, 19 ਜਨਵਰੀ/ ਅਮਿਤ ਗੁਪਤਾ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਟ੍ਰੈਫਿਕ ਅਤੇ ਪੀ ਸੀ ਆਰ ਪੁਲਿਸ ਵੱਲੋਂ ਟ੍ਰੈਫਿਕ ਇੰਚਾਰਜ ਸਤਨਾਮ ਸਿੰਘ ਅਤੇ ਪੀ ਸੀ ਆਰ ਇੰਚਾਰਜ ਮਿੱਠੂ ਸਿੰਘ ਦੀ ਅਗਵਾਈ ਹੇਠ ਸ਼ਹਿਰ ਦੀਆਂ ਵੱਖ-ਵੱਖ ਥਾਵਾਂ 'ਤੇ ਨਾਕਾਬੰਦੀ ਕਰਕੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨ ਚਾਲਕਾਂ ਦੇ ਚਲਾਨ ਕੱਟੇ ਗਏ ਅਤੇ ਬਿਨਾਂ ਨੰਬਰ ਪਲੇਟ ਵਾਲੇ ਵਾਹਨ ਵੀ ਜਬਤ ਕੀਤੇ ਗਏ । ਇਸ ਚੈਕਿੰਗ ਦੌਰਾਨ ਜਿੱਥੇ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ 25 ਵਾਹਨ ਚਾਲਕਾਂ ਦੇ ਚਲਾਨ ਕੱਟੇ ਗਏ, ਉੱਥੇ ਹੀ ਪਟਾਕੇ ਮਾਰਨ ਵਾਲੇ 3 ਬੁਲੇਟ ਮੋਟਰਸਾਈਕਲਾਂ ਦੇ ਸਾਈਲੈਂਸਰ ਵੀ ਉਤਰਵਾਏ ਗਏ । ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਇੰਚਾਰਜ ਸਤਨਾਮ ਸਿੰਘ ਤੇ ਮਿੱਠੂ ਸਿੰਘ ਨੇ ਕਿਹਾ ਕਿ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ ਅਤੇ ਕਿਸੇ ਵੀ ਖੱਜਲ ਖੁਆਰੀ ਤੋਂ ਬਚਣ ਲਈ ਵਾਹਨ ਚਾਲਕ ਆਪਣੇ ਵਾਹਨਾਂ ਦੇ ਕਾਗਜ਼ਾਤ ਪੂਰੇ ਰੱਖਣ, ਵਹੀਕਲ ਤੇ ਹਾਈ ਸਕਿਊਰਿਟੀ ਨੰਬਰ ਪਲੇਟ ਲਗਵਾਉਣ, ਦੁਪਹੀਆ ਵਾਹਨ ਚਲਾਉਣ ਸਮੇਂ ਹੈਲਮਟ ਦੀ ਵਰਤੋਂ ਕਰਨ ਦੇ ਨਾਲ ਨਾਲ ਹੋਰ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਨ । ਉਨ੍ਹਾ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਟ੍ਰੈਫਿਕ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਦੁਕਾਨਦਾਰ ਆਪਣੀ ਦੁਕਾਨ ਦਾ ਸਾਮਾਨ ਬਾਹਰ ਨਾ ਰੱਖਣ।ਉਨ੍ਹਾਂ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਧੁੰਦ ਸਮੇਂ ਵਾਹਨ ਸਾਵਧਾਨੀ ਨਾਲ ਚਲਾਉਣ ਅਤੇ ਵਾਹਨ ਤੇ ਰਿਫਲੈਕਟਰ ਲੱਗਣਾ ਯਕੀਨੀ ਬਣਾਉਣ ਤਾਂ ਜੋ ਕਿਸੇ ਸੜਕੀ ਹਾਦਸੇ ਤੋਂ ਬਚਿਆ ਜਾ ਸਕੇ। ਇਸ ਮੌਕੇ ਤੇ ਹੌਲਦਾਰ ਸ਼ਮਸ਼ੇਰ ਸਿੰਘ, ਹੌਲਦਾਰ, ਅਕਾਸ਼ਦੀਪ ਸਿੰਘ ਵੀ ਹਾਜ਼ਰ ਸਨ ।

# ਇੱਕ ਤੇ ਇੱਕ ਗਿਆਰਾਂ ਹੋਣ ਨਾਲ ਸ਼ਹਿਰ ਦਾ ਵਿਕਾਸ ਜ਼ੋਰਾਂ 'ਤੇ ਹੋਵੇਗਾ : ਅਜੀਤਪਾਲ ਸਿੰਘ ਕੋਹਲੀ

ਪਟਿਆਲਾ, 19 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-



: ਨਗਰ ਨਿਗਮ ਪਟਿਆਲਾ ਦੇ ਨਵ-ਨਿਯੁਕਤ ਮੇਅਰ ਕੁੰਦਨ ਗੋਗੀਆ ਵੱਲੋਂ ਅੱਜ ਇੱਥੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨਾਲ ਮੁਲਾਕਾਤ ਕੀਤੀ ਗਈ। ਇਸ ਦੌਰਾਨ ਦੋਹਾਂ ਵੱਲੋਂ ਲੰਮਾ ਸਮਾਂ ਸ਼ਹਿਰ ਦੀ ਬੇਹਤਰੀ ਅਤੇ ਪਾਰਟੀ ਦੀ ਚੜ੍ਹਦੀਕਲਾ ਲਈ ਮਿਲ ਕੇ ਕੰਮ ਕਰਨ ਲਈ ਵਿਚਾਰ ਵਟਾਂਦਰਾ ਹੋਇਆ। ਇਸ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਇੱਕ ਤੇ ਇੱਕ ਗਿਆਰਾਂ ਹੋਣ ਨਾਲ ਹੁਣ ਸ਼ਹਿਰ ਦਾ ਵਿਕਾਸ ਵਧੀਆ ਹੋਵੇਗਾ। ਉਨ੍ਹਾਂ ਕਿਹਾ ਕਿ ਵਿਕਾਸ ਪੱਖੋਂ ਪਹਿਲਾਂ ਵੀ ਸ਼ਹਿਰ ਨੂੰ ਕੋਈ ਕਮੀ ਨਹੀਂ ਰਹਿਣ ਦਿੱਤੀ, ਪਰ ਜਦੋਂ ਨਾਲ ਬਰਾਬਰ ਦਾ ਸਾਥ ਮਿਲ ਜਾਵੇ ਤਾਂ ਰਹਿੰਦੀਆਂ ਕਮੀਆਂ ਪੂਰੀਆਂ ਹੋ ਜਾਂਦੀਆਂ ਹਨ। ਵਿਧਾਇਕ ਕੋਹਲੀ ਨੇ ਕਿਹਾ ਕਿ ਪਾਰਟੀ ਇੱਕ ਬਹੁਤ ਵਧੀਆ ਅਤੇ ਤਜ਼ਬੇਕਾਰ ਮੇਅਰ ਸ਼ਹਿਰ ਨੂੰ ਦਿੱਤਾ ਹੈ, ਜਿਸ ਦੇ ਉਪਰ ਸਮੁੱਚੇ ਕੌਂਸਲਰਾਂ ਨੇ ਵਿਸ਼ਵਾਸ਼ ਜਤਾਇਆ ਹੈ। ਉਨ੍ਹਾਂ ਕਿਹਾ ਕਿ ਕੁੰਦਨ ਗੋਗੀਆ ਸ਼ਹਿਰ ਦੀ ਬੇਹਤਰੀ ਲਈ ਦਿਨ-ਰਾਤ ਇੱਕ ਕਰਨਗੇ। ਵਿਧਾਇਕ ਅਜੀਤਪਾਲ ਸਿੰਘ ਕੋਹਲੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਸ਼ੁਰੂ ਤੋਂ ਹੀ ਪਾਰਟੀ ਲਈ ਚੰਗਾ ਕੰਮ ਕਰਨ ਵਾਲੇ ਵਲੰਟੀਅਰਾਂ ਨੂੰ ਬਣਦਾ ਹੱਕ ਦੇਣ ਵਿਚ ਵਿਸ਼ਵਾਸ਼ ਰੱਖਦੀ ਹੈ, ਜੋ ਕਿ ਹੁਣ ਵੀ ਮੇਅਰ ਬਣਾਉਣ ਲਈ ਅਜਿਹਾ ਹੀ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪਟਿਆਲਾ ਸ਼ਹਿਰ ਨੂੰ ਵਿਕਾਸ ਪੱਖੋਂ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ, ਕਿਉਂਕਿ ਸ਼ਹਿਰ ਦੇ ਹਰ ਪਾਸੇ ਪਿਛਲੀਆਂ ਸਰਕਾਰਾਂ ਨੇ ਕੂੜੇ ਕਰਕਟ ਦੇ ਢੇਰ ਲਗਾਏ, ਜਿਸ ਨਾਲ ਸੁੰਦਰਤਾ ਖਰਾਬ ਹੋਈ।

# ਸਾਹਿਤਯ ਕਲਸ਼ ਪਟਿਆਲਾ ਵੱਲੋਂ ਸਨਮਾਨ ਸਮਾਰੋਹ, ਪੁਸਤਕ ਵਿਮੋਚਨ ਅਤੇ ਅੰਤਰਰਾਸ਼ਟਰੀ ਕਵੀ ਸੰਮੇਲਨ ਦਾ ਆਯੋਜਨ

ਪਟਿਆਲਾ, 19 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਸਾਹਿਤਯ ਕਲਸ਼ ਪ੍ਰਕਾਸ਼ਨ ਅਤੇ ਪਰਿਵਾਰ ਪਟਿਆਲਾ ਨੇ ਪ੍ਰਭਾਤ ਪਰਵਾਨਾ ਪਟਿਆਲਾ ਦੇ ਹਾਲ ਵਿੱਚ ਸਨਮਾਨ ਸਮਾਰੋਹ, ਕਿਤਾਬ ਰਿਲੀਜ਼ ਅਤੇ ਅੰਤਰਰਾਸ਼ਟਰੀ ਕਵੀ ਸੰਮੇਲਨ ਦਾ ਆਯੋਜਨ ਕੀਤਾ। ਸਰਸਵਤੀ ਵੰਦਨਾ ਅਤੇ ਸ਼ਮਾ ਰੋਸ਼ਨ ਕਰਨ ਤੋਂ ਬਾਅਦ ਦਿਨੇਸ਼ ਸੂਦ ਵੱਲੋਂ ਸਾਰੇ ਸਾਹਿਤਕਾਰਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਵਿਸ਼ੇਸ਼ ਮਹਿਮਾਨਾਂ ਵਿੱਚ ਸ਼੍ਰੀਮਤੀ ਸੁਸ਼ਮਾ ਗੁਪਤਾ, ਸਹਾਇਕ ਨਿਰਦੇਸ਼ਕ, ਜਲੰਧਰ ਦੂਰਦਰਸ਼ਨ, ਸ਼੍ਰੀ ਸੋਹਨ ਕੁਮਾਰ, ਪ੍ਰੋਗਰਾਮ ਕਾਰਜਕਾਰੀ, ਆਲ ਇੰਡੀਆ ਰੇਡੀਓ ਜਲੰਧਰ, ਦਿਨੇਸ਼ ਸੂਦ, ਇੰਦਰਜੀਤ ਚੋਪੜਾ, ਤ੍ਰਿਲੋਕ ਸਿੰਘ ਢਿੱਲੋਂ, ਪਵਨ ਗੋਇਲ, ਮੀਨੂੰ ਸੁਖਮਨ, ਰਾਕੇਸ਼ ਬੈਸ ਨੇ ਸਟੇਜ ਦੀ ਸ਼ੋਭਾ ਵਧਾਈ। ਇਸ ਦੇ ਨਾਲ ਸਾਹਿਤ ਕਲਸ਼ ਦੇ ਸੰਸਥਾਪਕ ਸਾਗਰ ਸੂਦ ਸੰਜੇ ਨੇ ਸਟੇਜ ਸਾਂਝੀ ਕੀਤੀ। ਇਸ ਕਾਵਿ ਸੰਮੇਲਨ ਵਿੱਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਅਤੇ ਵਿਦੇਸ਼ ਤੋਂ ਆਏ 100 ਸਾਹਿਤਕਾਰਾਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ ਅਤੇ ਇੱਕ ਮਨਮੋਹਕ ਮਾਹੌਲ ਸਿਰਜਿਆ ਜਿਸ ਦੇ ਰੰਗਾਂ ਅਤੇ ਖੁਸ਼ਬੂ ਦਾ ਅਨੁਭਵ ਉੱਥੇ ਮੌਜੂਦ ਲਗਭਗ 300 ਲੋਕਾਂ ਨੇ ਕੀਤਾ। ਚੰਗੀ ਗੱਲ ਇਹ ਸੀ ਕਿ ਹਾਲ ਸਾਹਿਤਕਾਰਾਂ ਨੂੰ ਸੁਣਨ ਲਈ ਖਚਾਖਚ ਭਰਿਆ ਹੋਇਆ ਸੀ ਅਤੇ ਖੜ੍ਹੇ ਹੋਣ ਲਈ ਵੀ ਜਗ੍ਹਾ ਨਹੀਂ ਸੀ।

ਇਸ ਪ੍ਰੋਗਰਾਮ ਵਿੱਚ ਵੱਖ-ਵੱਖ ਰਾਜਾਂ ਦੇ 20 ਸਾਹਿਤਕਾਰਾਂ ਨੂੰ 'ਸਾਹਿਤ ਗੌਰਵ ਸਨਮਾਨ 2025' ਤਹਿਤ ਵਿਸ਼ੇਸ਼ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ। ਇਸ ਲੜੀ ਵਿੱਚ ਰਾਜੇਂਦਰ ਵਿਅਥਿਤ ਸਾਹਿਤ ਗੌਰਵ ਸਨਮਾਨ 2025 ਸਾਗਰ ਸੂਦ ਦੁਆਰਾ ਆਪਣੇ ਸਾਹਿਤਕ ਗੁਰੂ ਦੀ ਯਾਦ ਵਿੱਚ ਯੋਗਿਤਾ ਸ਼ਰਮਾ, ਮੋਨਿਕਾ ਮਹਿਤਾ, ਡਾ. ਉਰਮਿਲਾ ਕੌਸ਼ਿਕ ਸਖੀ, ਨਰੇਸ਼ ਨਾਜ਼, ਪ੍ਰੋ. ਸੁਭਾਸ਼ ਸ਼ਰਮਾ, ਨਵੀਨ ਕਮਲ ਭਾਰਤੀ, ਸੁਖਮਿੰਦਰ ਸਿੰਘ ਸੇਖੋਂ ਨੂੰ ਦਿੱਤਾ ਗਿਆ। ਮਾਤਾ ਗੀਤਾ ਸੂਦ ਸਾਹਿਤ ਗੌਰਵ ਸਨਮਾਨ 2025 ਦਿਨੇਸ਼ ਸੂਦ ਦੁਆਰਾ ਆਪਣੀ ਮਾਂ ਦੀ ਯਾਦ ਵਿੱਚ ਡਾ. ਕੁਲਭੂਸ਼ਣ ਚਾਵਲਾ, ਮੰਜੁਲਾ ਦਾਸ, ਅਮਿਤ ਵਰਮਾ ਰਹਿਬਰ, ਡਾ. ਅਨੀਸ਼ਾ ਅੰਗਰਾ ਅੰਗੀਰਾ, ਮਨੋਜ ਫਗਵਾੜਵੀ ਨੂੰ, ਅਰਪਿਤਾ ਸਿੰਘ ਸਾਹਿਤ ਗੌਰਵ ਸਨਮਾਨ 2025 ਮੀਨੂ ਸੁਖਮਨ ਦੁਆਰਾ ਅਸ਼ੋਕ ਕੁਮਾਰ ਨੂੰ, ਲਾਜਿਆ ਚੋਪੜਾ ਕਲਾ ਅਤੇ ਸਮਾਜ ਸੇਵਾ ਪੁਰਸਕਾਰ 2025 ਇੰਦਰਜੀਤ ਚੋਪੜਾ ਵੱਲੋਂ ਡਾ. ਰਾਕੇਸ਼ ਵਰਮੀ ਨੂੰ, ਦੇਵਕੀ ਫਾਊਂਡੇਸ਼ਨ ਸਾਹਿਤ ਗੌਰਵ ਸਨਮਾਨ 2025 ਇੰਦਰਜੀਤ ਚੋਪੜਾ ਵੱਲੋਂ ਗੁਰਦਰਸ਼ਨ ਗੁਸੀਲ ਨੂੰ, ਮਾਤਾ ਬੰਸੋ ਦੇਵੀ ਸਾਹਿਤ ਗੌਰਵ ਸਨਮਾਨ 2025 ਰਾਕੇਸ਼ ਬੈਂਸ ਅਤੇ ਨੀਲਮ ਵੱਲੋਂ ਯੋਗੇਂਦਰ ਸਿੰਘ ਅਤੇ ਆਸ਼ਾ ਲਤਾ ਨੂੰ, ਮਾਸਟਰ ਸੁਨੀਸ਼ ਸਾਹਿਤ ਗੌਰਵ ਸਨਮਾਨ 2025 ਪੁਨੀਤ ਗੋਇਲ ਵੱਲੋਂ ਆਰ.ਪੀ. ਗੁਲਾਟੀ ਨੂੰ, ਮਾਤਾ ਚੰਪਾ ਭਾਟੀਆ ਸਾਹਿਤ ਗੌਰਵ ਸਨਮਾਨ 2025 ਡਾ. ਸੀਮਾ ਭਾਟੀਆ ਵੱਲੋਂ ਰਜਨੀ ਵਾਲੀਆ ਨੂੰ ਪ੍ਰਦਾਨ ਕੀਤਾ ਗਿਆ। ਪ੍ਰੋਗਰਾਮ ਵਿੱਚ ਇੰਨਾ ਵੱਡਾ ਪੁਰਸਕਾਰ ਪ੍ਰਾਪਤ ਕਰਨਾ ਸਾਹਿਤ ਦੇ ਖੇਤਰ ਵਿੱਚ ਇੱਕ ਬਹੁਤ ਹੀ ਵਿਸ਼ੇਸ਼ ਯੋਗਦਾਨ ਹੈ ਜੋ ਹਰ ਪੀੜ੍ਹੀ ਨੂੰ ਸਿਹਤਮੰਦ ਸਾਹਿਤ ਸਿਰਜਣ ਲਈ ਪ੍ਰੇਰਿਤ ਕਰਦਾ ਹੈ। ਸਾਰਿਆਂ ਨੇ ਸਾਗਰ ਸੂਦ ਨੂੰ ਸਾਹਿਤਯ ਕਲਸ਼ ਪਟਿਆਲਾ ਦੇ ਸਮਾਜ ਵਿੱਚ ਯੋਗਦਾਨ ਲਈ ਵਧਾਈ ਦਿੱਤੀ ਅਤੇ ਸੋਹਨ ਕੁਮਾਰ ਨੇ ਸਾਹਿਤ ਕਲਸ਼ ਨੂੰ ਅੱਗੇ ਵਧਦੇ ਰਹਿਣ ਲਈ ਆਪਣਾ ਆਸ਼ੀਰਵਾਦ ਦਿੱਤਾ। ਸੁਸ਼ਮਾ ਗੁਪਤਾ ਨੇ ਸਾਹਿਤ ਕਲਸ਼ ਦੀ ਸਮੇਂ ਦੇ ਪਾਬੰਦ ਹੋਣ ਅਤੇ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਦੀ ਨੀਤੀ ਦੀ ਵੀ ਪ੍ਰਸ਼ੰਸਾ ਕੀਤੀ।

ਸੈਮੀਨਾਰ ਦੇ ਅੰਤ ਵਿੱਚ ਹਮੇਸ਼ਾ ਵਾਂਗ ਪਰਿਵਾਰਕ ਮੈਂਬਰਾਂ ਦਾ ਜਨਮਦਿਨ ਕੇਕ ਕੱਟ ਕੇ ਮਨਾਇਆ ਗਿਆ ਅਤੇ ਲਗਭਗ ਸੌ ਲੋੜਵੰਦ ਵਿਦਿਆਰਥੀਆਂ ਨੂੰ ਨੋਟਬੁੱਕ ਅਤੇ ਪੈਨ ਦੇ ਕੇ ਸਿੱਖਿਆ ਵੱਲ ਪ੍ਰੇਰਿਤ ਕੀਤਾ ਗਿਆ।

# ਕੁੰਦਨ ਗੋਗੀਆ ਵੱਲੋਂ ਕਲਾਸ ਫੋਰਥ ਗਵਰਨਮੈਂਟ ਇੰਪਲਾਈਜ ਯੂਨੀਅਨ ਨਾਲ ਮੁਲਾਕਾਤ



ਪਟਿਆਲਾ, 19 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਸ਼ਹਿਰ ਦੇ ਨਵ ਨਿਯੁਕਤ ਪੰਜਵੇਂ ਮੇਅਰ ਬਣੇ ਸ਼੍ਰੀ ਕੁੰਦਨ ਗੋਗੀਆ ਨੇ ਪਟਿਆਲੇ ਦੇ ਭਵਿੱਖ ਨੂੰ ਮੁੱਖ ਰੱਖਦਿਆਂ ਦੀ ਕਲਾਸ ਫੋਰਥ ਗਵਰਮੈਂਟ ਇਮਪਲਾਈਜ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਕਾਮਰੇਡ ਦਰਸ਼ਨ ਸਿੰਘ ਲੁਬਾਣਾ ਜੀ ਦੇ ਵਿਅਕਤੀਤਵ ਅਤੇ ਮਜ਼ਦੂਰ-ਮੁਲਾਜ਼ਮ ਲਹਿਰ ਪ੍ਰਤੀ ਉਹਨਾਂ ਦੇ ਸਮਰਪਣ ਤੋਂ ਪ੍ਰਭਾਵਿਤ ਆਪਣੇ ਦਫਤਰ ਨਗਰ ਨਿਗਮ, ਪਟਿਆਲਾ ਵਿਖੇ ਵਿਸ਼ੇਸ਼ ਸੱਦੇ ਤਹਿਤ ਮੁਲਾਕਾਤ ਕੀਤੀ। ਇਸ ਸਮੇਂ ਜਥੇਬੰਦੀ ਦੇ ਪ੍ਰਮੁੱਖ ਆਗੂਆਂ ਸਮੇਤ ਪ੍ਰਧਾਨ ਜੀ ਨੇ ਨਵ ਨਿਯੁਕਤ ਮੇਅਰ ਨੂੰ ਸਿਰੋਪਾਓ ਅਤੇ ਗੁਲਦਸਤਾ ਦੇ ਕੇ ਸਨਮਾਨਿਤ ਕੀਤਾ ਅਤੇ ਪਟਿਆਲੇ ਦੇ ਉਜਵਲ ਭਵਿੱਖ ਦੀ ਕਾਮਨਾ ਕਰਦੇ ਹੋਏ ਵਧਾਈ ਦਿੱਤੀ। ਇਸ ਵਿਸ਼ੇਸ਼ ਮੁਲਾਕਾਤ ਸਮੇਂ ਨਗਰ ਨਿਗਮ ਵਿਖੇ ਮੁਲਾਜ਼ਮਾਂ ਦੀਆਂ ਸਮੱਸਿਆਵਾਂ, ਮੁਲਾਜ਼ਮ ਲਹਿਰ ਅਤੇ ਪਟਿਆਲਾ ਸ਼ਹਿਰ ਬਾਬਤ ਗੰਭੀਰ ਚਰਚਾ ਕੀਤੀ। ਮੇਅਰ ਸਾਹਿਬ ਵੱਲੋਂ ਆਉਣ ਵਾਲੇ ਸਮੇਂ ਵਿੱਚ ਜਲਦੀ ਹੀ ਮੀਟਿੰਗ ਰੱਖ ਕੇ ਰਹਿੰਦੇ ਕੰਮਾਂ, ਮੰਗਾਂ ਆਦਿ ਦੇ ਨਿਪਟਾਰੇ ਦਾ ਭਰੋਸਾ ਵੀ ਦਿੱਤਾ ਗਿਆ। ਇਸ ਮੁਲਾਕਾਤ ਸਮੇਂ :- ਦਰਸ਼ਨ ਸਿੰਘ ਲੁਬਾਣਾ, ਨਗਰ ਨਿਗਮ ਪ੍ਰਧਾਨ ਬੱਬੂ ਜੀ ਚੇਅਰਮੈਨ ਜਨ. ਸਕੱਤਰ ਅਤੇ ਨਗਰ ਨਿਗਮ ਦੀ ਪੂਰੀ ਟੀਮ ਦੇ ਨਾਲ ਮਾਧੋ ਰਾਹੀ, ਰਾਮ ਕਿਸ਼ਨ ਰਾਮ ਪ੍ਰਸਾਦ ਸਹੋਤਾ, ਰਾਮ ਲਾਲ ਰਾਮਾ, ਸ਼ਿਵਚਰਨ, ਲਖਵਿੰਦਰ ਸਿੰਘ, ਬਿਕਰਮਜੀਤ ਸਿੰਘ, ਪ੍ਰਕਾਸ਼ ਲੁਬਾਣਾ ਆਦਿ ਸ਼ਾਮਿਲ ਰਹੇ।

# ਖਾਲਸ ਪ੍ਰੇਮ ਮਾਰਗ ਗਊਸ਼ਾਲਾ ਵਿਖੇ ਧਾਰਮਿਕ ਗੀਤ ਭਜਨ ਕੀਤੇ



ਸੁਨਾਮ, 19 ਜਨਵਰੀ/ਅਸ਼ੋਕ ਬਾਂਸਲ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਖਾਲਸ ਪ੍ਰੇਮ ਮਾਰਗ ਬਿਮਾਰ ਪਸ਼ੂਆਂ ਦੇ ਪਿੰਗਲਵਾੜੇ ਗਊਸ਼ਾਲਾ ਵਿੱਚ ਮਕਰ ਸੰਕ੍ਰਾਂਤਿ ਦੇ ਪਵਿੱਤਰ ਦਿਹਾੜੇ ਤੇ ਮਾਤਾ ਕਮਲ ਮੈਨਨ ਦੀ ਅਗਵਾਈ ਵਿੱਚ ਧਾਰਮਿਕ ਗੀਤ ਭਜਨ ਅਤੇ ਕੀਰਤਨ ਕੀਤਾ ਗਿਆ। ਇਸ ਮੌਕੇ ਤੇ ਸ੍ਰੀ ਰਾਮ ਜੀ, ਸ੍ਰੀ ਕ੍ਰਿਸ਼ਨ ਜੀ ਦਾ ਗੁਣਗਾਨ ਕੀਤਾ ਗਿਆ। ਇਸ ਮੌਕੇ ਤੇ ਬੀਬੀਆਂ ਦੀ ਭਜਨ ਮੰਡਲੀ ਨੇ ਬੜੇ ਹੀ ਮਨਮੋਹਕ ਭਜਨ ਗਾਏ। ਜਿਨ੍ਹਾਂ ਨੇ ਦਰਸ਼ਕਾਂ ਨੂੰ ਨੱਚਣ ਤੇ ਮਜਬੂਰ ਕਰ ਦਿੱਤਾ। ਯਾਦ ਰਹੇ ਮਾਤਾ ਕਮਲ ਮੈਨਨ ਜੀ ਕਈ ਸਾਲਾਂ ਤੋਂ ਲਗਾਤਾਰ ਪ੍ਰਭੂ ਦੀ ਕੀਰਤਨ ਰਾਹੀਂ ਬੰਦਗੀ ਕਰਦੇ ਆ ਰਹੇ ਹਨ ਅਤੇ ਬਹੁਤ ਹੀ ਵੱਡੀ ਧਾਰਮਿਕ ਸ਼ਖ਼ਸੀਅਤ ਦੇ ਮਾਲਕ ਹਨ ਜੋ ਪਰਮਾਤਮਾ ਦੀ ਭਗਤੀ ਵਿੱਚ ਲੀਨ ਰਹਿੰਦੇ ਹਨ। ਅਤੇ ਸਮਾਜ ਸੇਵਾ ਦੇ ਕੰਮਾਂ ਵਿੱਚ ਵੀ ਅੱਗੇ ਰਹਿੰਦੇ ਹਨ ਉਹ ਇਸ ਪਿੰਗਲਵਾੜੇ ਵਿੱਚ ਵੀ ਗਊਆਂ ਦੀ ਬਹੁਤ ਸੇਵਾ ਕਰਦੇ ਹਨ। ਅਤੇ ਬੀਬੀਆਂ ਨੂੰ ਵੀ ਸੇਵਾ ਕਰਨ ਲਈ ਪ੍ਰੇਰਿਤ ਕਰਦੇ ਰਹਿੰਦੇ ਹਨ। ਇਸ ਮੌਕੇ ਤੇ ਮਾਤਾ ਕਮਲ ਮੈਨਨ ਜੀ ਅਤੇ ਕੀਰਤਨ ਮੰਡਲੀ ਵੱਲੋਂ ਗਊ ਸ਼ਾਲਾ ਵਿੱਚ ਸੇਵਾ ਕਰ ਰਹੇ ਸੇਵਾਦਾਰਾਂ ਨੂੰ ਕੰਬਲ ਵੰਡੇ ਗਏ। ਇਸ ਮੌਕੇ ਤੇ ਸੰਸਥਾ ਦੇ ਸਰਪ੍ਰਸਤ ਸ, ਜੋਗਿੰਦਰ ਸਿੰਘ ਸਾਰੋਂ ਨੇ ਮਾਤਾ ਕਮਲ ਮੈਨਨ ਅਤੇ ਸਾਰੀ ਕੀਰਤਨ ਮੰਡਲੀ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਸੰਸਥਾ ਦੇ ਪ੍ਰਧਾਨ ਸ਼ਾਮ ਲਾਲ ਬਾਂਸਲ ,ਮੈਨੇਜਰ ਵਿਕਰਮਜੀਤ ਸਿੰਘ ਵਿੱਕੀ, ਕ੍ਰਿਸ਼ਨ ਸੰਦੋਹਾ, ਅਸ਼ੋਕ ਜਿੰਦਲ ,ਡਾ,ਰਸਵੀਰ ਸਿੰਘ, ਡਾ, ਗਗਨਦੀਪ ਸਿੰਘ, ਜਗਦੀਸ਼ ਲਾਲ, ਪ੍ਰਦੀਪ ਮੈਨਨ, ਸ੍ਰੀਮਤੀ ਸੰਤੋਸ਼,ਬਿਟੀ,ਸਰੋਜ ,ਪੁਸ਼ਪਾ, ਸੁਨੀਤਾ,ਸਰੋਜ ਦੇਵੀ, ਦਰਸ਼ਨਾਂ ਦੇਵੀ, ਊਸ਼ਾ ਰਾਣੀ, ਲਾਜਵੰਤੀ,ਕਾਜਲ ਰਾਣੀ, ਸੱਤਿਆ ਦੇਵੀ, ਊਸ਼ਾ ਸ਼ਰਮਾ,ਭੋਲੀ ਰਾਣੀ, ਕਮਲੇਸ਼ ਦੇਵੀ, ਅਨੀਤਾ ਰਾਣੀ, ਸ਼ੀਲਾ ਰਾਣੀ, ਲਕਸ਼ਮੀ ਦੇਵੀ,ਮਮਤਾ ਰਾਣੀ,ਅੰਜਨਾ,ਕੰਚਨ, ਸ਼ਕੁੰਤਲਾ ਦੇਵੀ,ਵਰਖਾ ਦੇਵੀ, ਬੰਦਨਾ ਰਾਣੀ, ਊਸ਼ਾ ਦੇਵੀ,ਬੀਨਾ ਦੇਵੀ, ਕਾਂਤਾ ਦੇਵੀ ਸਮੇਤ ਭਾਰੀ ਗਿਣਤੀ ਵਿੱਚ ਬੀਬੀਆਂ ਅਤੇ ਸੇਵਦਾਰ ਹਾਜ਼ਰ ਸਨ।

# ਪਾਵਰਕਾਮ ਸੀ ਐਚ ਬੀ ਤੇ ਡਬਲਿਊ ਕਾਮਿਆਂ ਦੇ ਕੀਤੇ ਜਾ ਰਹੇ ਟੈਂਡਰਾਂ ਨੂੰ ਲੈ ਕੇ ਬਿਜਲੀ ਬੋਰਡ ਅਧਿਕਾਰੀਆਂ ਨਾਲ ਹੋਈ ਬੈਠਕ

**ਜਥੇਬੰਦੀ ਵਲੋਂ ਟੈਂਡਰਾਂ ਨੂੰ ਰੱਦ ਕਰ ਸਮੂਹ ਆਊਟ-ਸੋਰਸਿੰਗ ਕਾਮਿਆਂ ਨੂੰ ਸਿੱਧਾ ਵਿਭਾਗ 'ਚ ਸ਼ਾਮਿਲ ਕਰਨ ਦੀ ਰੱਖੀ ਮੰਗ ਅਤੇ ਪਿਛਲੇ ਸਮੇਂ 'ਚ ਆਈਆਂ ਮੁਸ਼ਕਿਲਾ ਉਤੇ ਕੀਤੀ ਚਰਚਾ**

ਸਮਾਣਾ, 19 ਜਨਵਰੀ
-ਸਰਬਜੀਤ ਸਿੰਘ ਤਲਵੰਡੀ-
-ਕੌਮੀ ਪੱਤ੍ਰਿਕਾ ਬਿਊਰੋ-

ਪਾਵਰਕਾਮ ਐਂਡ ਟ੍ਰਾਂਸਕੋ ਠੇਕਾ ਮੁਲਾਜਮ ਯੂਨੀਅਨ ਪੰਜਾਬ ਦੀ ਮੀਟਿੰਗ ਅੱਜ ਚੀਫ ਇੰਜੀਨੀਅਰ ਪਟਿਆਲਾ ਦੇ ਚੈਂਬਰ ਵਿਖੇ ਹੋਈ ਇਸ ਮੀਟਿੰਗ ਵਿੱਚ ਡਿਪਟੀ ਮੈਨੇਜਰ ਆਈਆਰ ਪੀਐਸਪੀਸੀਐਲ ਪਟਿਆਲਾ ਅਤੇ ਸੀ ਐਚ ਬੀ ਕਾਮਿਆਂ ਦੇ ਨਵੇਂ ਕੀਤੇ ਜਾ ਰਹੇ ਟੈਂਡਰਾਂ ਨੂੰ ਲਾਗੂ ਕਰਨ ਲਈ ਬਣਾਈ ਗਈ ਕਮੇਟੀ ਦੇ ਨੁਮਾਇੰਦੇ ਵੀ ਸ਼ਾਮਿਲ ਸਨ। ਮੀਟਿੰਗ ਦੀ ਜਾਣਕਾਰੀ ਸਾਂਝੀ ਕਰਦਿਆਂ ਸੂਬਾ ਪ੍ਰਧਾਨ ਬਲਿਹਾਰ ਸਿੰਘ ਸੂਬਾ ਸਹਾਇਕ ਸਕੱਤਰ ਟੇਕ ਚੰਦ ਸਰਕਲ ਪ੍ਰਧਾਨ ਸੁਖਪਾਲ ਸਿੰਘ ਸਰਕਲ ਸਕੱਤਰ ਸੁਰਿੰਦਰ ਸਿੰਘ ਅਜੇ ਕੁਮਾਰ ਅਤੇ ਸਰਕਲ ਸੀਨੀਅਰ ਮੀਤ ਪ੍ਰਧਾਨ ਜੰਗ ਸਿੰਘ ਨੇ ਦੱਸਿਆ ਕਿ ਪਾਵਰ ਕੌਮ ਮੈਨੇਜਮੈਂਟ ਬਿਜਲੀ ਅਦਾਰੇ ਦੇ ਅੰਦਰ ਸੀਐਚਬੀ ਤੇ ਡਬਲਿਊ ਤੇ ਸੀਐਚਐਚ ਕਾਮਿਆਂ ਦੇ ਨਵੇਂ ਟੈਂਡਰ ਜਾਰੀ ਕਰ ਰਹੀ ਹੈ ਜਿਸ ਦੇ ਤਹਿਤ ਬਿਜਲੀ ਸਪਲਾਈ ਨੂੰ ਬਹਾਲ ਰੱਖਣ ਲਈ ਆਊਟਸੋਰਸਿੰਗ ਰਾਹੀਂ ਸੀਐਚਬੀ ਕਾਮਿਆਂ ਦੀ ਭਰਤੀ ਲੰਮੇ ਸਮੇਂ ਤੋਂ ਕੀਤੀ ਗਈ ਹੈ ਜੋ ਕਿ ਲਗਾਤਾਰ ਬਿਜਲੀ ਅਦਾਰੇ ਅੰਦਰ ਕੰਮ ਕਰ ਰਹੇ ਹਨ। ਪੰਜਾਬ ਸਰਕਾਰ ਅਤੇ ਪਾਵਰ ਕੌਮ ਦੀ ਮੈਨੇਜਮੈਂਟ ਨਾਲ ਸੀਐਚਬੀ ਤੇ ਡਬਲਿਊ ਅਤੇ ਸੀਐਚਐਚ ਕਾਮਿਆਂ ਦੀਆਂ ਮੰਗਾਂ ਨੂੰ ਲੈ ਕੇ ਲਗਾਤਾਰ ਮੀਟਿੰਗਾਂ ਦਾ ਸਿਲਸਿਲਾ ਚੱਲ ਰਿਹਾ ਹੈ। ਟੈਂਡਰਾਂ ਨੂੰ ਲੈ ਕੇ ਅੱਜ ਦੀ ਮੀਟਿੰਗ ਵਿੱਚ ਠੇਕਾ ਕਾਮਿਆਂ ਨੇ ਮੰਗ ਕੀਤੀ ਕਿ ਵੱਡੀਆਂ ਧਨਾਟ ਕੰਪਨੀਆਂ ਨੂੰ ਮੁਨਾਫਾ ਦੇਣ ਦੀ ਥਾਂ ਆਊਟਸੋਰਸਿੰਗ ਰਾਹੀਂ ਭਰਤੀ ਕੀਤੇ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ ਵਿੱਚ ਸ਼ਾਮਿਲ ਕਰਨ ਅਤੇ ਘੱਟੋ ਘੱਟ ਗੁਜ਼ਾਰੇ ਯੋਗ ਤਨਖਾਹ ਨਿਸ਼ਚਿਤ ਕਰਨ ਅਤੇ ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤ ਤੇ ਮੂੰਹ ਪਏ ਕਾਮੇ ਲਈ ਪੱਕੀ ਨੌਕਰੀ ਸਮੇਤ ਪੈਨਸ਼ਨ ਦਾ ਪ੍ਰਬੰਧ ਕਰਨ ਅਤੇ ਕਰੰਟ ਲੱਗਣ ਵਧੀਆ ਇਲਾਜ ਦਾ ਪ੍ਰਬੰਧ ਕਰਨ ਦੀ ਗੱਲ ਰੱਖੀ ਗਈ ਅਤੇ ਪਿਛਲੇ ਸਮੇਂ ਦੇ ਵਿੱਚ ਕੀਤੇ ਗਏ ਟੈਂਡਰਾਂ ਵਿੱਚ ਵੱਡੀਆਂ ਧਨਾਟ ਕੰਪਨੀਆਂ ਵੱਲੋਂ ਕਾਮਿਆਂ ਨੂੰ ਮਿਲਣ ਯੋਗ ਸਹੂਲਤਾਂ ਲਾਗੂ ਨਹੀਂ ਕੀਤੀਆਂ ਗਈਆਂ ਅਤੇ ਕਿਰਤ ਕਾਨੂੰਨਾਂ ਅਨੁਸਾਰ ਮਿਲਣ ਯੋਗ ਬਕਾਇ ਏਰੀਅਰ ਦੀ ਵੀ ਅਦਾਇਗੀ ਨਹੀਂ ਕੀਤੀ ਗਈ ਜਿਸ ਦੇ ਕਾਰਨ ਲਗਾਤਾਰ ਠੇਕਾ ਕਾਮਿਆਂ ਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਕਿ ਠੇਕੇਦਾਰੀ ਸਿਸਟਮ ਨੂੰ ਬੰਦ ਕਰ ਸਮੂਹ ਆਊਟ ਸੋਰਸਿੰਗ ਠੇਕਾ ਕਾਮਿਆਂ ਨੂੰ ਸਿੱਧਾ ਵਿਭਾਗ ਵਿੱਚ ਸ਼ਾਮਿਲ ਕਰਨ ਅਤੇ ਘੱਟੋ ਘੱਟ ਗੁਜ਼ਾਰੇ ਯੋਗ ਤਨਖਾਹ ਨਿਸ਼ਚਿਤ ਕਰਨ, ਬਿਜਲੀ ਦਾ ਕਰੰਟ ਲੱਗਣ ਕਾਰਨ ਮੌਤ ਦੇ ਮੂੰਹ ਪਏ ਕਾਮੇ ਨੂੰ ਪੱਕੀ ਨੌਕਰੀ ਪੈਨਸ਼ਨ ਦੀ ਗਰੰਟੀ ਕਰਨ ਸਮੇਤ ਮੰਗ ਪੱਤਰ ਵਿੱਚ ਦਰਜ ਮੰਗਾਂ ਨੂੰ ਹੱਲ ਕਰਨ ਦੀ ਮੰਗ ਕੀਤੀ। ਜਥੇਬੰਦੀ ਆਗੂਆਂ ਨੇ ਕਿਹਾ ਕਿ 19 ਜਨਵਰੀ 2025 ਨੂੰ ਹੋਣ ਵਾਲੀ ਵਿੱਤ ਮੰਤਰੀ ਅਤੇ ਬਿਜਲੀ ਮੰਤਰੀ ਨਾਲ ਮੀਟਿੰਗ ਵਿਚ ਆਪਣੀ ਮੰਗ ਨੂੰ ਜ਼ੋਰ ਨਾਲ ਉਠਾਇਆ ਜਾਵੇਗਾ ਕਿਉਂਕਿ ਵਿੱਤ ਮੰਤਰੀ ਸ੍ਰੀ ਹਰਪਾਲ ਸਿੰਘ ਚੀਮਾ ਵੱਲੋਂ ਪਹਿਲਾਂ ਹੀ ਪਾਵਰ ਸੈਕਟਰੀ ਦੀ ਡਿਊਟੀ ਮੰਗਾਂ ਨੂੰ ਹੱਲ ਕਰਨ ਉੱਤੇ ਲਗਾ ਦਿੱਤੀ ਗਈ ਹੈ ਅਤੇ ਪਾਵਰ ਸੈਕਟਰੀ ਜੀ ਵੱਲੋਂ ਵੀ ਮੰਗਾਂ ਨੂੰ ਹੱਲ ਕਰਨ ਦਾ ਭਰੋਸਾ ਦਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਅਗਰ 19 ਜਨਵਰੀ 2025 ਨੂੰ ਮੰਗਾਂ ਦੇ ਹੱਲ ਲਈ ਸਰਕੂਲਰ ਜਾਰੀ ਨਹੀਂ ਹੁੰਦਾ ਤਾਂ ਮਿਤੀ 17 ਜਨਵਰੀ 2025 ਨੂੰ ਪਰਿਵਾਰਾਂ ਤੇ ਬੱਚਿਆਂ ਸਮੇਤ ਮੋਹਾਲੀ ਚੰਡੀਗੜ੍ਹ ਵਿਖੇ ਲਗਾਤਾਰ ਸੂਬਾ ਪੱਧਰੀ ਧਰਨਾ ਦਿੱਤਾ ਜਾਵੇਗਾ ਅੱਜ ਮੀਟਿੰਗ ਵਿੱਚ ਡਿਪਟੀ ਮੈਨੇਜਰ ਆਈਆਰ ਪੀਐਸਪੀਸੀਐਲ ਨੂੰ ਸੰਘਰਸ਼ ਨੋਟਿਸ ਵੀ ਸੌਂਪਿਆ ।

# ਅਯੁੱਧਿਆ ਵਿਖੇ ਸ੍ਰੀ ਰਾਮ ਲੱਲਾ ਜੀ ਦੇ ਪਹਿਲੇ ਮੂਰਤੀ ਸਥਾਪਨਾ ਦੇ ਸੰਬੰਧ ਵਿਚ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ



ਗਿੱਦੜਬਾਹਾ, 19 ਜਨਵਰੀ
- ਨਰਿੰਦਰ ਵਧਵਾ-
-ਕੌਮੀ ਪੱਤ੍ਰਿਕਾ ਬਿਊਰੋ-

ਗਿੱਦੜਬਾਹਾ ਦੀਆਂ ਧਾਰਮਿਕ, ਸਮਾਜਿਕ ਸੰਸਥਾਵਾਂ ਅਤੇ ਸ਼ਹਿਰ ਵਾਸੀਆਂ ਵੱਲੋਂ ਅਯੋਧਿਆ ਵਿਖੇ ਸ੍ਰੀ ਰਾਮ ਲੱਲਾ ਜੀ ਦੇ ਪਹਿਲੇ ਮੂਰਤੀ ਸਥਾਪਨਾ ਦੇ ਸੰਬੰਧ ਵਿੱਚ ਅੱਜ ਵਿਸ਼ਾਲ ਸ਼ੋਭਾ ਯਾਤਰਾ ਕੱਢੀ ਗਈ। ਇਹ ਸ਼ੋਭਾ ਯਾਤਰਾ ਪ੍ਰਾਚੀਨ ਸ੍ਰੀ ਗਊਸ਼ਾਲਾ ਮੰਦਰ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਵੱਖ-ਵੱਖ ਬਜ਼ਾਰਾਂ ਵਿੱਚੋਂ ਹੁੰਦੀ ਹੋਈ ਪ੍ਰਾਚੀਨ ਸ੍ਰੀ ਦੁਰਗਾ ਮੰਦਿਰ ਵਿਖੇ ਪੁੱਜ ਕੇ ਸਮਾਪਤ ਹੋਈ। ਸ਼ਹਿਰ ਵਾਸੀਆਂ ਵੱਲੋਂ ਸ਼ੋਭਾ ਯਾਤਰਾ ਦਾ ਨਿੱਘਾ ਅਤੇ ਭਰਵਾਂ ਸਵਾਗਤ ਕੀਤਾ ਗਿਆ ਅਤੇ ਯਾਤਰਾ ਵਿਚ ਸ਼ਾਮਿਲ ਸ਼ਰਧਾਲੂਆਂ ਲਈ ਜਗ੍ਹਾ ਜਗ੍ਹਾ ਤੇ ਸਵਾਗਤੀ ਗੇਟ ਅਤੇ ਲੰਗਰ,ਚਾਹ ਪਾਣੀ ਆਦਿ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਵਨੀਤ ਜਿੰਦਲ ਮੋਂਟੀ, ਪ੍ਰਧਾਨ ਆੜ੍ਹਤੀਆ ਐਸ਼ੋਸੀਏਸ਼ਨ ਗਿੱਦੜਬਾਹਾ, ਨਰਿੰਦਰ ਮੁੰਜਾਲ ਬਿੰਟਾਂ ਅਰੋੜਾ ਪ੍ਰਧਾਨ ਨਗਰ ਕੌਂਸਲ, ਦੀਪਕ ਗਰਗ ਕੋਸਲਰ ਕਾਂਗਰਸੀ ਆਗੂ, ਮੁਕੇਸ਼ ਗੋਇਲ, ਪੁਨੀਤ ਕਟਾਰੀਆ ਪੂੰਨੂੰ, ਕਰਮੇਸ ਅਰੋੜਾ, ਸੰਦੀਪ ਅਰੋੜਾ ਲੱਡੂ,ਕੂੰਜ ਬਿਹਾਰੀ ਬਾਂਸਲ,ਨਵੀ ਬਾਂਸਲ, ਮਨੋਜ਼ ਗਰਗ, ਗੋਪਾਲ ਗੋਇਲ, ਨਵਨੀਤ ਬਾਂਸਲ ਜੀ ਐਨ ਆਰ, ਮਹਿੰਦਰ ਕਟਾਰੀਆ,ਦੇਵਕੀ ਨੰਦਨ, ਕਿਸ਼ੋਰ ਕਿਰਾੜ, ਨਰਿੰਦਰ ਗੁੰਬਰ,ਤਿਲਕ ਪਪਨੇਜਾ,ਜਨਾਰਦਨ ਬਾਂਸਲ, ਅਜੀਤ ਸ਼ਰਮਾ,ਬਾਬੂ ਰਾਮ ਮਾਰਬਲ, ਯੋਗੇਸ਼ ਬਾਂਸਲ,ਨਿਸੇਸ ਗੋਇਲ, ਹਰਦੇਵ ਗਰਗ, ਸ਼ਾਮ ਸੁੰਦਰ ਅਤੇ ਪੁਨੀਤ ਗਰਗ ਆਦਿ ਵੀ ਹਾਜ਼ਰ ਸਨ।

# ਵਧਦੀ ਉਮਰ 'ਚ ਵੀ ਰਹੋ ਜਵਾਨ



ਜਿਵੇਂ-ਜਿਵੇਂ ਸਾਡੀ ਉਮਰ ਵਧਦੀ ਹੈ ਅਤੇ ਸਾਡੇ ਸਰੀਰ ਅਤੇ ਚਮੜੀ 'ਚ ਕਈ ਤਬਦੀਲੀਆਂ ਆਉਣ ਲੱਗਦੀਆਂ ਹਨ, ਸਾਡੀ ਚਮੜੀ ਢਿੱਲੀ ਹੋ ਜਾਂਦੀ ਹੈ ਅਤੇ ਇਸ 'ਤੇ ਝੁਰੜੀਆਂ ਪੈਣ ਲੱਗਦੀਆਂ ਹਨ। ਵਾਲਾਂ 'ਚ ਸਫੈਦੀ ਝਲਕਣ ਲੱਗਦੀ ਹੈ ਪਰ ਅੱਜ ਵਧਦੇ ਪ੍ਰਦੂਸ਼ਣ, ਸਾਡੀ ਆਰਾਮਪ੍ਰਸਤੀ ਵਾਲੀ ਜੀਵਨਸ਼ੈਲੀ ਅਤੇ ਖਾਣ-ਪੀਣ ਦੀਆਂ ਗਲਤ ਆਦਤਾਂ ਕਾਰਨ ਬਹੁਤ ਛੋਟੀ ਉਮਰ ਦੀਆਂ ਕੁੜੀਆਂ 'ਚ ਹੀ ਅਜਿਹੀਆਂ ਸਮੱਸਿਆਵਾਂ ਸ਼ੁਰੂ ਹੋਣ ਲੱਗਦੀਆਂ ਹਨ। ਅਜਿਹੇ 'ਚ ਉਹ ਬਿਨਾਂ ਆਪਣੀ ਚਮੜੀ ਬਾਰੇ ਜਾਣੇ ਬਾਜ਼ਾਰ 'ਚੋਂ ਵੰਨ-ਸੁਵੰਨੇ ਸੁੰਦਰਤਾ ਉਤਪਾਦ ਖਰੀਦ ਕੇ ਵਰਤਣ ਲੱਗਦੀਆਂ ਹਨ ਤਾਂਕਿ ਉਹ ਆਪਣੀ ਉਮਰ ਮੁਤਾਬਿਕ ਹੀ ਨਜ਼ਰ ਆਉਣ। ਕਾਹਲੀ 'ਚ ਕੁਝ ਵੀ ਕਰਨ ਦੀ ਬਜਾਏ ਸਭ ਤੋਂ ਪਹਿਲਾਂ ਸਾਨੂੰ ਆਪਣੇ ਸਰੀਰ ਦੇ ਉਨ੍ਹਾਂ ਹਿੱਸਿਆਂ 'ਤੇ ਧਿਆਨ ਦੇਣਾ ਪਏਗਾ, ਜਿਥੇ ਉਮਰ ਵਧਣ ਦੇ ਨਿਸ਼ਾਨ ਨਜ਼ਰ ਆਉਣ ਲੱਗਦੇ ਹਨ।

**ਚਿਹਰੇ ਦੀ ਚਮੜੀ**

40 ਸਾਲ ਦੀ ਉਮਰ ਦੀਆਂ ਔਰਤਾਂ ਦੇ ਚਿਹਰੇ ਤੋਂ ਨਮੀ ਗਾਇਬ ਹੋਣ ਲੱਗਦੀ ਹੈ, ਜਿਸ ਕਾਰਨ ਉਨ੍ਹਾਂ ਨੂੰ ਝੁਰੜੀਆਂ, ਛਾਈਆਂ ਅਤੇ ਚਮੜੀ ਦੀ ਰੰਗਤ ਗੁਆਚਣ ਵਰਗੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜੇਕਰ ਚਮੜੀ ਮੁਹਾਸਿਆਂ ਵਾਲੀ ਹੈ ਅਤੇ ਉਸ ਦਾ ਸਹੀ ਇਲਾਜ ਨਹੀਂ ਹੋਇਆ ਤਾਂ ਵੀ ਚਮੜੀ ਪ੍ਰਭਾਵਿਤ ਹੁੰਦੀ ਹੈ। ਚਮੜੀ ਮੁਤਾਬਿਕ 30 ਸਾਲ ਦੀ ਉਮਰ ਤੋਂ ਬਾਅਦ ਮਹੀਨੇ 'ਚ ਇਕ ਵਾਰ ਅਤੇ 40 ਸਾਲ ਦੀ ਉਮਰ ਤੋਂ ਬਾਅਦ ਦੋ ਵਾਰ ਫੇਸ਼ੀਅਲ ਕਰਵਾਉਣਾ ਸ਼ੁਰੂ ਕਰ ਦੇਣਾ ਚਾਹੀਦੈ। 30 ਸਾਲ ਦੀ ਉਮਰ ਹੁੰਦਿਆਂ ਹੀ ਬਿਊਟੀ ਐਕਸਪਰਟ ਦੀ ਸਲਾਹ ਨਾਲ ਚਮੜੀ ਦੇ ਮੁਤਾਬਕ ਕਰੀਮ ਬਦਲੋ। ਦਹੀਂ, ਸ਼ਹਿਦ, ਬਦਾਮ ਅਤੇ ਜੈਤੂਨ ਦੇ ਤੇਲ ਵਰਗੀਆਂ ਚੀਜ਼ਾਂ ਚਮੜੀ ਨੂੰ ਪੋਸ਼ਣ ਦਿੰਦੀਆਂ ਹਨ, ਇਸ ਲਈ ਹਫਤੇ 'ਚ ਦੋ ਵਾਰ ਇਨ੍ਹਾਂ ਚੀਜ਼ਾਂ ਨੂੰ ਫੇਸ ਪੈਕ 'ਚ ਵਰਤੋ। ਚਮੜੀ ਦੀ ਕਲੀਂਜ਼ਿੰਗ ਪਿੱਛੋਂ ਉਸ ਨੂੰ ਹਮੇਸ਼ਾ ਮਾਈਸਚੁਰਾਈਜ਼ਡ ਰੱਖੋ ਤਾਂਕਿ ਚਮੜੀ 'ਚ ਲਚਕ ਅਤੇ ਨਮੀ ਬਣੀ ਰਹੇ। ਚਮੜੀ ਨੂੰ ਰੁਟੀਨ 'ਚ ਦੇਖਭਾਲ ਅਤੇ ਰੁਟੀਨ 'ਚ ਸਨਸਕ੍ਰੀਨ ਦੀ ਵਰਤੋਂ ਨਾਲ ਝੁਰੜੀਆਂ ਅਤੇ ਛਾਈਆਂ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ। ਐਂਟੀ ਏਜਿੰਗ ਕ੍ਰੀਮ ਦੀ ਵੀ ਸ਼ੁਰੂਆਤ ਕਰੋ।

**ਅੱਖਾਂ**

30 ਸਾਲ ਦੀਆਂ ਹੋਣ ਤਕ ਔਰਤਾਂ ਆਪਣੀਆਂ ਅੱਖਾਂ ਦੇ ਆਲੇ-ਦੁਆਲੇ ਦੀ ਚਮੜੀ 'ਤੇ ਝੁਰੜੀਆਂ ਅਤੇ ਅੱਖਾਂ ਦੇ ਹੇਠਾਂ ਕਾਲੇ ਘੇਰੇ ਅਤੇ ਸੋਜ ਵਰਗੀਆਂ ਸਮੱਸਿਆਵਾਂ ਮਹਿਸੂਸ ਕਰਨ ਲੱਗਦੀਆਂ ਹਨ। ਇਸ ਜਗ੍ਹਾ ਦੀ ਚਮੜੀ ਕਾਫੀ ਨਾਜ਼ੁਕ ਤੇ ਸੰਵੇਦਨਸ਼ੀਲ ਹੁੰਦੀ ਹੈ, ਇਸ ਲਈ ਨਮੀ ਬਣਾਈ ਰੱਖਣ ਲਈ ਅੰਡਰ ਆਈ ਕ੍ਰੀਮ ਜਾਂ ਜੈੱਲ ਵਰਤੋਂ। ਕਾਲੇਪਣ ਨੂੰ ਲੁਕਾਉਣ ਲਈ ਮੇਕਅਪ ਕਰਨ ਵੇਲੇ ਕੰਸੀਲਰ ਦੀ ਵਰਤੋਂ ਕਰੋ ਅਤੇ ਸੌਣ ਤੋਂ ਪਹਿਲਾਂ ਬੇਬੀ ਆਇਲ ਜਾਂ ਦੁੱਧ ਨਾਲ ਮੇਕਅਪ ਉਤਾਰੋ। ਸਵੇਰੇ ਉਠਦਿਆਂ ਹੀ ਮੂੰਹ 'ਚ ਪਾਣੀ ਭਰ ਕੇ ਅੱਖਾਂ 'ਤੇ ਛਿੱਟੇ ਮਾਰੋ ਅਤੇ ਘਾਹ 'ਤੇ ਨੰਗੇ ਪੈਰ ਤੁਰੋ, ਕੰਪਿਊਟਰ 'ਤੇ ਬਹੁਤੀ ਦੇਰ ਕੰਮ ਨਾ ਕਰੋ ਅਤੇ ਥੋੜ੍ਹੀ-ਥੋੜ੍ਹੀ ਦੇਰ ਪਿੱਛੋਂ ਅੱਖਾਂ ਨੂੰ ਆਰਾਮ ਜ਼ਰੂਰ ਦਿਓ। ਅੱਜਕਲ ਤਾਂ ਕਾਸਮੈਟਿਕ ਸਰਜਰੀ ਦਾ ਵੀ ਰੁਝਾਨ ਹੈ।

**ਵਾਲ**

ਅੱਜਕਲ ਤਾਂ ਛੋਟੀ ਉਮਰ 'ਚ ਹੀ ਸਿਰ ਦੇ ਵਾਲ ਚਿੱਟੇ ਹੋਣ ਲੱਗਦੇ ਹਨ, ਜਿਹੜੇ ਕਿਸੇ ਬਿਮਾਰੀ, ਟੈਨਸ਼ਨ ਜਾਂ ਗਲਤ ਖਾਣ-ਪੀਣ ਕਾਰਨ ਵੀ ਹੋ ਸਕਦੇ ਹਨ। ਉਂਝ ਬਚਪਨ ਤੋਂ ਲੈ ਕੇ 30 ਸਾਲ ਦੀ ਉਮਰ ਤਕ ਵਾਲ ਕਾਲੇ ਅਤੇ ਚਮਕਦਾਰ ਰਹਿੰਦੇ ਹਨ ਪਰ 30 ਤੋਂ ਬਾਅਦ ਸਾਡੇ ਸਰੀਰ 'ਚ ਹੋਣ ਵਾਲੀ ਹਾਰਮੋਨਜ਼ ਦੀ ਵਾਧ-ਘਾਟ ਦਾ ਅਸਰ ਸਾਡੇ ਵਾਲਾਂ 'ਤੇ ਨਜ਼ਰ ਆਉਣ ਲੱਗਦਾ ਹੈ। 50 ਸਾਲ ਦੀ ਉਮਰ 'ਚ ਤਾਂ ਔਰਤਾਂ ਵਾਲਾਂ ਨੂੰ ਕਲਰ ਕਰਨਾ ਸ਼ੁਰੂ ਕਰ ਦਿੰਦੀਆਂ ਹਨ।

ਕਈ ਕੁੜੀਆਂ ਤਾਂ 20-25 ਸਾਲ ਦੀ ਉਮਰ 'ਚ ਹੀ ਫੈਸ਼ਨ ਦੇ ਤੌਰ 'ਤੇ ਵਾਲਾਂ ਨੂੰ ਕਲਰ ਕਰਵਾਉਣਾ ਸ਼ੁਰੂ ਕਰ ਦਿੰਦੀਆਂ ਹਨ ਪਰ ਇਸ ਦੇ ਲਈ ਜ਼ਰੂਰੀ ਹੈ ਕਿ ਕਲਰਡ ਵਾਲਾਂ ਦੀ ਦੇਖਭਾਲ ਲਈ ਸ਼ੈਂਪੂ ਅਤੇ ਕੰਡੀਸ਼ਨਰ ਫਾਰ ਕਲਰਡ ਹੇਅਰ ਦੀ ਰੇਂਜ ਦੀ ਵਰਤੋਂ ਜ਼ਰੂਰ ਕਰੋ ਤਾਂਕਿ ਵਾਲਾਂ ਦੀ ਕੁਦਰਤੀ ਸੁੰਦਰਤਾ ਬਣੀ ਰਹੇ। ਉਮਰ ਦੇ ਨਿਸ਼ਾਨ ਵਾਲਾਂ 'ਤੇ ਛੇਤੀ ਆਪਣਾ ਅਸਰ ਨਾ ਦਿਖਾਉਣ ਇਸ ਦੇ ਲਈ ਹਫਤੇ 'ਚ ਦੋ ਵਾਰ ਨਾਰੀਅਲ ਦੇ ਤੇਲ ਜਾਂ ਦਹੀਂ ਨਾਲ ਵਾਲਾਂ 'ਚ ਮਸਾਜ ਕਰੋ ਅਤੇ ਉਨ੍ਹਾਂ ਨੂੰ ਸਟੀਮ ਦਿਓ। ਇਨ੍ਹਾਂ ਨੂੰ ਰੀਠੇ, ਆਂਵਲੇ ਅਤੇ ਸ਼ਿਕਾਕਾਈ ਦੇ ਪਾਊਡਰ ਦੇ ਪੇਸਟ ਨਾਲ ਪੋਸ਼ਣ ਦਿਓ ਅਤੇ ਵਾਲਾਂ ਨੂੰ ਧੋਣ ਲਈ ਗਰਮ ਪਾਣੀ ਦੀ ਕਦੇ ਵਰਤੋਂ ਨਾ ਕਰੋ।

**ਜਾਅ-ਲਾਈਨ**

40 ਸਾਲ ਤੋਂ ਬਾਅਦ ਦੀ ਉਮਰ ਹੁੰਦਿਆਂ ਜਾਅ-ਲਾਈਨ ਭਾਵ ਜਬਾੜੇ ਦੇ ਆਕਾਰ 'ਚ ਵੀ ਤਬਦੀਲੀ ਨਜ਼ਰ ਆਉਣ ਲੱਗਦੀ ਹੈ। ਠੋਡੀ ਦੋਹਰੀ ਹੋਣ ਲੱਗਦੀ ਹੈ। ਗਰਦਨ ਦੀ ਚਮੜੀ ਸੁੰਗੜਨ ਲੱਗਦੀ ਹੈ ਅਤੇ ਝੁਰੜੀਆਂ ਵੀ ਪੈਣ ਲੱਗਦੀਆਂ ਹਨ, ਇਸ ਲਈ ਤੁਸੀਂ ਐਂਟੀ ਏਜਿੰਗ ਅਲਟ੍ਰਾ ਲਿਫਟ ਕ੍ਰੀਮ ਦੀ ਵਰਤੋਂ ਕਰਨੀ ਸ਼ੁਰੂ ਕਰ ਦਿਓ ਅਤੇ ਉਪਰ ਵਾਲੇ ਪਾਸਿਓਂ ਦਬਾਅ ਦਿੰਦਿਆਂ ਮਸਾਜ ਕਰੋ ਤਾਂਕਿ ਚਮੜੀ 'ਚ ਖਿਚਾਅ ਪੈਦਾ ਹੋਵੇ।

**ਹੱਥ-ਪੈਰ ਅਤੇ ਗੋਡੇ**

ਉਮਰ ਦੇ ਨਾਲ ਹੱਥਾਂ ਅਤੇ ਪੈਰਾਂ ਦੀ ਚਮੜੀ ਪਤਲੀ ਨਜ਼ਰ ਆਉਣ ਲੱਗਦੀ ਹੈ। ਹੱਥਾਂ ਅਤੇ ਪੈਰਾਂ 'ਤੇ ਰੋਜ਼ਾਨਾ ਕ੍ਰੀਮ ਲਗਾਓ। ਜਦੋਂ ਵੀ ਬਾਹਰ ਜਾਓ, ਇਨ੍ਹਾਂ 'ਤੇ ਸਨਸਕ੍ਰੀਨ ਜ਼ਰੂਰ ਲਗਾਓ। ਵਿਟਾਮਨ ਸੀ ਅਤੇ ਜ਼ਿੰਕ ਦੀ ਕਮੀ ਗੋਡਿਆਂ ਦੀ ਲਚਕ ਨੂੰ ਘੱਟ ਕਰਦੀ ਹੈ, ਜਿਸ ਕਾਰਨ ਉਮਰ ਵਧਣ ਦੇ ਨਾਲ ਗੋਡਿਆਂ 'ਚ ਦਰਦ ਅਤੇ ਜਕੜਨ ਹੋਣ ਲੱਗਦੀ ਹੈ। ਇਸ ਦੇ ਲਈ ਜ਼ਰੂਰੀ ਹੈ ਕਿ ਰੁਟੀਨ 'ਚ ਕਸਰਤ ਅਤੇ ਪੌਸ਼ਟਿਕ ਭੋਜਨ। ਆਰਥਰਾਈਟਸ ਤੋਂ ਬਚਣ ਲਈ ਕੈਲਸ਼ੀਅਮ ਭਰਪੂਰ ਭੋਜਨ, ਸੋਇਆਬੀਨ, ਬਦਾਮ, ਅਖਰੋਟ, ਹਰੀਆਂ ਸਬਜ਼ੀਆਂ ਅਤੇ ਫਲਾਂ ਨੂੰ ਆਪਣੇ ਭੋਜਨ ਦਾ ਹਿੱਸਾ ਬਣਾਓ।

ਗਰਭ ਅਵਸਥਾ ਦੌਰਾਨ ਭਾਰ ਵਧਣ ਅਤੇ ਬੱਚੇ ਦੇ ਜਨਮ ਪਿੱਛੋਂ ਭਾਰ ਘਟਣ ਦਾ ਅਸਰ ਸਾਡੇ ਪੇਟ, ਪਿੰਨੀਆਂ ਅਤੇ ਛਾਤੀਆਂ 'ਤੇ ਵੀ ਪੈਂਦਾ ਹੈ, ਜਿਸ ਨਾਲ ਚਮੜੀ 'ਚ ਖਿਚਾਅ ਨਾਲ ਸਫੈਦ ਧਾਰੀਆਂ ਜਿਹੀਆਂ ਪੈ ਜਾਂਦੀਆਂ ਹਨ, ਇਸ ਲਈ ਗਰਭ ਅਵਸਥਾ ਦੇ ਪੰਜਵੇਂ ਮਹੀਨੇ ਤੋਂ ਹੀ ਜੈਤੂਨ ਦਾ ਤੇਲ ਜਾਂ ਵਿਟਾਮਿਨ ਈ ਭਰਪੂਰ ਕਿਸੇ ਵੀ ਤੇਲ ਨਾਲ ਪੋਲੇ ਹੱਥਾਂ ਨਾਲ ਮਾਲਿਸ਼ ਸ਼ੁਰੂ ਕਰ ਦਿਓ। ਜਦੋਂ ਵੀ ਬ੍ਰਾਅ ਪਹਿਨਣੀ ਸ਼ੁਰੂ ਕਰੋ ਤਾਂ ਹਮੇਸ਼ਾ ਸੂਤੀ ਬ੍ਰਾਅ ਨੂੰ ਹੀ ਪਹਿਲ ਦਿਓ



# ਕੀ ਤੁਹਾਡਾ ਬੱਚਾ ਟੈਨਸ਼ਨ 'ਚ ਹੈ ?



ਮੌਜੂਦਾ ਦੌਰ 'ਚ ਜਿਸ ਤੇਜ਼ੀ ਨਾਲ ਸਾਡੀ ਜੀਵਨਸ਼ੈਲੀ 'ਚ ਤਬਦੀਲੀ ਆ ਰਹੀ ਹੈ, ਉਹ ਕਈ ਸਮਾਜਿਕ ਸਮੱਸਿਆਵਾਂ ਨੂੰ ਪੈਦਾ ਕਰਨ 'ਚ ਅਹਿਮ ਭੂਮਿਕਾ ਨਿਭਾ ਰਹੀ ਹੈ। ਅੱਜ ਹਰ ਬਾਲਗ ਵਿਅਕਤੀ ਹੀ ਨਹੀਂ, ਸਗੋਂ ਬੱਚੇ ਵੀ ਤਣਾਅ ਵਰਗੀ ਗੰਭੀਰ ਸਮੱਸਿਆ ਤੋਂ ਪੀੜਤ ਹੁੰਦੇ ਜਾ ਰਹੇ ਹਨ। ਪਹਿਲਾਂ ਬੱਚਿਆਂ ਦੀ ਛੋਟੀ-ਮੋਟੀ ਚਿੰਤਾ ਆਮ ਤੌਰ 'ਤੇ ਪਰਿਵਾਰ ਜਾਂ ਸਕੂਲੀ ਸਮੱਸਿਆਵਾਂ ਤਕ ਸੀਮਤ ਹੁੰਦੀ ਸੀ ਪਰ ਅੱਜ ਇੰਟਰਨੈੱਟ ਦੇ ਯੁੱਗ 'ਚ ਉਨ੍ਹਾਂ ਦੀ ਚਿੰਤਾ ਨੇ ਵੀ ਵਿਸਥਾਰ ਰੂਪ ਧਾਰਨ ਕਰ ਲਿਆ ਹੈ। ਇਹੀ ਕਾਰਨ ਹੈ ਕਿ ਅੱਜ ਛੋਟੇ ਤੋਂ ਛੋਟਾ ਬੱਚਾ ਤਣਾਅਗ੍ਰਸਤ ਨਜ਼ਰ ਆਉਂਦਾ ਹੈ। ਆਓ ਜਾਣੀਏ, ਬੱਚਿਆਂ 'ਚ ਤਣਾਅ ਦੇ ਲੱਛਣ, ਕਾਰਨ ਅਤੇ ਉਨ੍ਹਾਂ ਦੇ ਹੱਲ ਦੇ ਉਪਾਅ—

ਤਣਾਅ ਦੇ ਲੱਛਣ

ਬੱਚੇ ਦਾ ਵਾਰ-ਵਾਰ ਗੁੱਸਾ ਕਰਨਾ, ਵਿਰੋਧ ਕਰਨਾ, ਕਹਿਣਾ ਨਾ ਮੰਨਣਾ, ਪਰਿਵਾਰ ਵਾਲਿਆਂ ਨਾਲ ਘੱਟ ਗੱਲ ਕਰਨੀ ਆਦਿ।

ਬੱਚੇ ਦਾ ਹਰ ਵੇਲੇ ਫਿਕਰਮੰਦ ਨਜ਼ਰ ਆਉਣਾ, ਇਕੱਲਾ ਅਤੇ ਉਦਾਸ ਰਹਿਣਾ, ਵਧੇਰੇ ਸੌਣਾ ਜਾਂ ਫਿਰ ਘੱਟ ਸੌਣਾ ਵੀ ਤਣਾਅ ਦੇ ਲੱਛਣ ਹਨ।

ਘਰ 'ਚ ਕਿਸੇ ਨਾਲ ਗੱਲ ਨਾ ਕਰਨਾ, ਭੋਜਨ ਘੱਟ ਖਾਣਾ ਆਦਿ।

ਆਤਮ-ਵਿਸ਼ਵਾਸ ਦੀ ਘਾਟ ਵੀ ਬੱਚੇ ਦੇ ਤਣਾਅ ਦਾ ਅਹਿਮ ਲੱਛਣ ਹੈ।

ਤਣਾਅ ਦੇ ਨੁਕਸਾਨ

ਬੱਚੇ ਦਾ ਵਧੇਰੇ ਤਣਾਅ ਉਸ 'ਚ ਆਤਮਹੱਤਿਆ ਦੀ ਪ੍ਰਵਿਰਤੀ ਦਾ ਮੁੱਖ ਕਾਰਨ ਬਣਦਾ ਹੈ।

ਇਮਤਿਹਾਨਾਂ 'ਚ ਮਿਲਣ ਵਾਲੀ ਅਸਫਲਤਾ ਦੇ ਡਰ ਨਾਲ ਪੈਦਾ ਤਣਾਅ ਬੱਚਿਆਂ ਨੂੰ ਆਤਮਹੱਤਿਆ ਕਰਨ ਲਈ ਮਜਬੂਰ ਕਰਦਾ ਹੈ।

ਬੇਹੱਦ ਤਣਾਅ ਬੱਚਿਆਂ ਨੂੰ ਸਮੇਂ ਤੋਂ ਪਹਿਲਾਂ ਹੀ ਬਾਲਗ ਬਣਾ ਦਿੰਦਾ ਹੈ।

ਵਧੇਰੇ ਤਣਾਅ ਕਾਰਨ ਬਹੁਤ ਸਾਰੇ ਬੱਚੇ ਘਰੋਂ ਪਲਾਇਨ ਕਰ ਜਾਂਦੇ ਹਨ।

ਬੇਹੱਦ ਤਣਾਅ ਬੱਚਿਆਂ ਨੂੰ ਜ਼ਿੱਦੀ, ਝਗੜਾਲੂ ਤੇ ਹਿੰਸਕ ਵੀ ਬਣਾ ਦਿੰਦਾ ਹੈ।

ਲੰਬੇ ਸਮੇਂ ਤੋਂ ਤਣਾਅਗ੍ਰਸਤ ਰਹਿਣ ਵਾਲੇ ਬੱਚਿਆਂ 'ਚ ਕਈ ਕਿਸਮ ਦੇ ਹਾਰਮੋਨ ਅਸੰਤੁਲਿਤ ਹੋ ਜਾਂਦੇ ਹਨ।

ਮਨਮਰਜ਼ੀ ਦਾ ਕੰਮ ਜਾਂ ਇੱਛਾ ਪੂਰੀ ਨਾ ਹੋਣ 'ਤੇ ਵੀ ਬੱਚੇ ਤਣਾਅਗ੍ਰਸਤ ਹੋ ਜਾਂਦੇ ਹਨ।

ਬੱਚਿਆਂ ਦੇ ਤਣਾਅ ਦਾ ਹੱਲ

ਮਾਤਾ-ਪਿਤਾ ਦਾ ਬੱਚਿਆਂ ਨੂੰ ਭਰਪੂਰ ਸਮਾਂ ਦੇਣਾ ਉਨ੍ਹਾਂ ਦੇ ਤਣਾਅ ਨੂੰ ਘੱਟ ਹੀ ਨਹੀਂ ਕਰਦਾ ਸਗੋਂ ਉਨ੍ਹਾਂ ਦੀ ਜ਼ਿੰਦਗੀ ਨੂੰ ਖੁਸ਼ੀਆਂ ਨਾਲ ਵੀ ਭਰ ਦਿੰਦਾ ਹੈ।

ਬੱਚਿਆਂ ਦੇ ਤਣਾਅ ਦਾ ਅਸਲ ਕਾਰਨ ਛੇਤੀ ਤੋਂ ਛੇਤੀ ਪਤਾ ਕਰੋ ਤੇ ਪਤਾ ਲੱਗਣ 'ਤੇ ਉਸ ਦੀ ਸਮੱਸਿਆ ਦਾ ਹੱਲ ਕਰੋ।

ਬੱਚਿਆਂ ਦੇ ਦੋਸਤਾਂ ਬਾਰੇ ਪੂਰੀ ਜਾਣਕਾਰੀ ਰੱਖੋ। ਬੱਚਿਆਂ ਨਾਲ ਚੰਗਾ ਰਵੱਈਆ ਵਰਤੋ।

ਸਕੂਲ 'ਚ ਬੱਚੇ ਦੀਆਂ ਸਰਗਰਮੀਆਂ ਦੀ ਜਾਣਕਾਰੀ ਸਮੇਂ-ਸਮੇਂ ਸਕੂਲ ਟੀਚਰਸ ਤੋਂ ਲੈਂਦੇ ਰਹੋ।

# ਕੈਂਸਰ ਤੋਂ ਬਚਾਉਂਦੀ ਹੈ ਹਲਦੀ



ਭਾਰਤ 'ਚ ਪ੍ਰਚੀਨ ਕਾਲ ਤੋਂ ਹਲਦੀ ਦਾ ਐਂਟੀਸੈਪਟਿਕ ਦੇ ਰੂਪ 'ਚ ਉਪਯੋਗ ਹੁੰਦਾ ਆ ਰਿਹਾ ਹੈ। ਹੁਣ ਪੱਛਮੀ ਦੇਸ਼ ਵੀ ਇਸ ਦੇ ਇਨ੍ਹਾਂ ਗੁਣਾਂ ਨੂੰ ਆਪਣੀ ਜਾਂਚ ਦੇ ਮਾਧਿਅਮ ਨਾਲ ਸਿੱਧ ਕਰ ਰਹੇ ਹਨ। ਅਮਰੀਕਾ 'ਚ ਹੋਈ ਇਕ ਜਾਂਚ 'ਚ ਪਾਇਆ ਗਿਆ ਹੈ ਕਿ ਹਲਦੀ ਅਤੇ ਕਾਲੀ ਮਿਰਚ ਸਤਨ ਕੈਂਸਰ ਵਰਗੇ ਭਿਆਨਕ ਰੋਗਾਂ ਤੋਂ ਬਚਣ ਦਾ ਇਕ ਵਧੀਆ ਤਰੀਕਾ ਹੈ। ਅਮਰੀਕਾ ਦੀ ਯੂਨੀਵਰਸਿਟੀ ਆਫ ਮਿਸ਼ਿਗਨ ਦੇ ਕੰਪ੍ਰੀਹੈਂਸਿਵ ਕੈਂਸਰ ਸੈਂਟਰ 'ਚ ਹੋਈ ਜਾਂਚ 'ਚ ਪਤਾ ਲਗਾ ਕਿ ਹਲਦੀ ਅਤੇ ਕਾਲੀ ਮਿਰਚ ਸਤਨ ਕੈਂਸਰ ਦੇ ਲਈ ਜ਼ਿੰਮੇਵਾਰ ਕੋਸ਼ਿਕਾਵਾਂ ਨੂੰ ਵਧਣ ਤੋਂ ਰੋਕਣ 'ਚ ਮਦਦਗਾਰ ਹੈ। ਜਾਂਚ ਕਰਤਾਵਾਂ ਨੇ ਹਲਦੀ ਅਤੇ ਕਾਲੀ ਮਿਰਚ ਦੀ ਮਦਦ ਨਾਲ ਇਕ ਖਾਸ ਤਰ੍ਹਾਂ ਦਾ ਮਿਸ਼ਰਣ ਤਿਆਰ ਕੀਤਾ ਹੈ ਅਤੇ ਇਸ ਨੂੰ ਪ੍ਰਯੋਗਸ਼ਾਲਾ 'ਚ ਇਕ ਸਤਨ ਕੋਸ਼ਿਕਾ 'ਤੇ ਲਗਾਇਆ ਗਿਆ। ਇਸ ਮਿਸ਼ਰਣ ਨੇ ਸਟੇਮ ਸੈਲ ਦੀ ਬੜ੍ਹੋਤਰੀ ਨੂੰ ਰੋਕਣ ਦਾ ਕੰਮ ਕੀਤਾ, ਜਦ ਕਿ ਇਸ ਦੌਰਾਨ ਆਮ ਕੋਸ਼ਿਕਾਵਾਂ 'ਤੇ ਇਸ ਦਾ ਕੋਈ ਅਸਰ ਨਹੀਂ ਦੇਖਿਆ ਗਿਆ। ਵਿਗਿਆਨੀਆਂ ਦੇ ਅਨੁਸਾਰ ਇਸ ਮਿਸ਼ਰਣ ਦੀ ਸਹਾਇਤਾ ਨਾਲ ਅਸੀਂ ਅਜਿਹੀਆਂ ਕੋਸ਼ਿਕਾਵਾਂ 'ਤੇ ਕਾਬੂ ਪਾ ਸਕਦੇ ਹਾਂ ਜੋ ਸਤਨ 'ਚ ਟਿਊਮਰ ਬਣਾ ਸਕਦੀਆਂ ਹਨ।

# ਪੰਜ ਸਿਹਤਮੰਦ ਆਦਤਾਂ



**ਤੰਦਰੁਸਤ ਦਿਮਾਗ ਲਈ**

ਅਹਿਮ ਤੱਥ : ਡਿਮੈਂਸ਼ੀਆ ਅਤੇ ਅਲਜ਼ੀਮਰ 37 ਲੱਖ ਭਾਰਤੀਆਂ ਨੂੰ ਪ੍ਰਭਾਵਿਤ ਕਰਦੇ ਹਨ। ਅਗਲੇ 20 ਸਾਲਾਂ 'ਚ ਇਹ ਗਿਣਤੀ ਦੁੱਗਣੀ ਹੋ ਜਾਏਗੀ।

1. ਖੁਦ ਨੂੰ ਚੁਣੌਤੀ ਦਿਓ

ਇਥੇ ਅਸੀਂ ਡਿਜੀਟਲ ਗੇਮਸ ਖੇਡਣ ਦੀ ਹਦਾਇਤ ਨਹੀਂ ਦੇ ਰਹੇ। ਇਕ ਅਧਿਐਨ 'ਚ ਪਤਾ ਲੱਗਾ ਹੈ ਕਿ ਇਸ ਤਰ੍ਹਾਂ ਦੀਆਂ ਗੇਮਸ ਦਿਮਾਗ ਨੂੰ ਤੇਜ਼ ਕਰਨ 'ਚ ਅਹਿਮ ਯੋਗਦਾਨ ਨਹੀਂ ਦਿੰਦੀਆਂ। ਦਿਮਾਗ ਨੂੰ ਤੰਦਰੁਸਤ ਰੱਖਣਾ ਹੈ ਤਾਂ ਕੋਈ ਨਵੀਂ ਮੁਹਾਰਤ ਸਿੱਖੋ ਜਾਂ ਬਰਡ ਵਾਚਿੰਗ ਵਰਗੀ ਨਵੀਂ ਦਿਲਚਸਪੀ ਪੈਦਾ ਕਰੋ।

2. ਸਮੇਂ ਸਿਰ ਸੌਂਵੋਂ

ਲੋੜੀਂਦੀ ਨੀਂਦ ਸਿਰਫ ਸਰੀਰ ਹੀ ਨਹੀਂ, ਦਿਮਾਗ ਲਈ ਵੀ ਜ਼ਰੂਰੀ ਹੈ। ਦਿਮਾਗ ਦੀ ਤੰਦਰੁਸਤੀ ਲਈ 7 ਤੋਂ 8 ਘੰਟਿਆਂ ਦੀ ਨੀਂਦ ਜ਼ਰੂਰੀ ਹੈ। ਇਸਦੇ ਲਈ ਸਮੇਂ ਸਿਰ ਸੌਣ ਦੀ ਆਦਤ ਪਾਓ। ਸਮਾਂ ਮਿਲਣ 'ਤੇ ਦਿਨ 'ਚ ਝਪਕੀ ਲੈਣਾ ਵੀ ਦਿਮਾਗ ਨੂੰ ਤਰੋਤਾਜ਼ਾ ਰੱਖਣ 'ਚ ਮਦਦ ਕਰਦਾ ਹੈ।

3. ਦਿਮਾਗ ਨੂੰ ਵੀ ਖੁਰਾਕ ਦਿਓ

ਦਿਮਾਗ ਨੂੰ ਤੰਦਰੁਸਤ ਰੱਖਣ ਲਈ ਆਪਣੀ ਖੁਰਾਕ 'ਚ ਫਲ ਅਤੇ ਸਬਜ਼ੀਆਂ ਦੀ ਵਧੇਰੇ ਮਾਤਰਾ ਸ਼ਾਮਲ ਕਰੋ। ਇਹ ਐਂਟੀਆਕਸੀਡੈਂਟਸ ਨਾਲ ਭਰਪੂਰ ਹੁੰਦੇ ਹਨ, ਜੋ ਦਿਮਾਗ ਲਈ ਕਾਫੀ ਵਧੀਆ ਕੰਮ ਕਰਦੇ ਹਨ।

4. ਮੇਲ-ਜੋਲ ਵਧਾਓ

ਸਮਾਜਿਕ ਤੌਰ 'ਤੇ ਸਰਗਰਮ ਰਹਿਣ ਵਾਲਿਆਂ ਦੀ ਯਾਦ ਸ਼ਕਤੀ ਤੇਜ਼ ਰਹਿੰਦੀ ਹੈ ਅਤੇ ਉਹ ਵਧੇਰੇ ਸੁਚੇਤ ਹੁੰਦੇ ਹਨ। ਲੋਕਾਂ ਨਾਲ ਮੇਲ-ਮਿਲਾਪ ਕਰਦੇ ਰਹਿਣ ਵਾਲਿਆਂ ਦਾ ਦਿਮਾਗ ਵਧੇਰੇ ਕਿਰਿਆਸ਼ੀਲ ਹੁੰਦਾ ਹੈ ਭਾਵ ਦੋਸਤਾਂ ਨਾਲ ਮੇਲ-ਮਿਲਾਪ ਵਧਾਉਣ ਨਾਲ ਤੁਹਾਡੇ ਦਿਮਾਗ ਨੂੰ ਵੀ ਫਾਇਦਾ ਹੁੰਦਾ ਹੈ।

5. ਸੈਰ ਕਰੋ

ਘਰ ਬੈਠ ਕੇ ਟੀ.ਵੀ. ਦੇਖਣ ਨਾਲੋਂ ਚੰਗਾ ਹੈ ਕਿ ਤੁਸੀਂ ਪੈਦਲ ਸੈਰ ਕਰਨ ਦੀ ਆਦਤ ਪਾਓ। ਵੱਖ-ਵੱਖ ਅਧਿਐਨਾਂ 'ਚ ਦੇਖਿਆ ਗਿਆ ਹੈ ਕਿ ਦਿਮਾਗੀ ਸਮਰੱਥਾ ਦੀ ਘਾਟ ਦਾ ਇਕ ਅਹਿਮ ਕਾਰਨ ਸਰੀਰਕ ਗਤੀਹੀਣਤਾ ਹੀ ਹੁੰਦੀ ਹੈ।

**ਤੰਦਰੁਸਤ ਫੇਫੜਿਆਂ ਲਈ**

ਤੰਦਰੁਸਤ ਦਿਲ ਲਈ

ਅਹਿਮ ਤੱਥ : ਲੱਗਭਗ 6 ਕਰੋੜ ਭਾਰਤੀ ਦਿਲ ਦੇ ਰੋਗਾਂ ਤੋਂ ਪੀੜਤ ਹਨ।

1. ਸਿਹਤਮੰਦ ਖੁਰਾਕ ਖਾਓ

ਦਿਲ ਦੀ ਤੰਦਰੁਸਤੀ ਤੁਹਾਡੇ ਭੋਜਨ 'ਤੇ ਨਿਰਭਰ ਕਰਦੀ ਹੈ। ਖੁਰਾਕ 'ਚ ਵਧੇਰੇ ਤਾਜ਼ੇ ਫਲ, ਸਬਜ਼ੀਆਂ ਅਤੇ ਫੈਟੀ ਐਸਿਡ ਦੀ ਭਰਪੂਰ ਮਾਤਰਾ ਵਾਲੇ ਖਾਧ ਪਦਾਰਥ ਸ਼ਾਮਲ ਕਰੋ। ਸੈਚੁਰੇਟਿਡ ਫੈਟਸ 'ਚ ਕਮੀ ਲਿਆਓ ਅਤੇ ਵਧੇਰੇ ਚਿਕਨਾਈ, ਸ਼ੂਗਰ ਅਤੇ ਨਮਕ ਵਾਲੇ ਭੋਜਨ ਤੋਂ ਪ੍ਰਹੇਜ਼ ਕਰੋ। ਵਧੇਰੇ ਨਮਕ ਨਾਲ ਹਾਈ ਬਲੱਡ ਪ੍ਰੈਸ਼ਰ ਹੋ ਸਕਦੈ, ਜਿਸ ਨਾਲ ਦਿਲ ਨੂੰ ਨੁਕਸਾਨ ਪਹੁੰਚਦਾ ਹੈ।

2. ਰੋਜ਼ਾਨਾ ਕਸਰਤ ਕਰੋ

ਦਿਲ ਨੂੰ ਸਿਹਤਮੰਦ ਰੱਖਣ ਲਈ ਰੁਟੀਨ 'ਚ ਕਸਰਤ ਕਰਨ ਦੀ ਆਦਤ ਅਹਿਮ ਭੂਮਿਕਾ ਨਿਭਾਅ ਸਕਦੀ ਹੈ। ਇਸ ਨਾਲ ਦਿਲ ਦੀ ਕਾਰਜਪ੍ਰਣਾਲੀ ਤੇਜ਼ ਹੁੰਦੀ ਹੈ ਅਤੇ ਉਹ ਹਰ ਧੜਕਨ ਨਾਲ ਵਧੇਰੇ ਖ਼ੂਨ ਨੂੰ ਸਰੀਰ ਦੇ ਵੱਖ-ਵੱਖ ਅੰਗਾਂ ਤਕ ਪਹੁੰਚਾ ਸਕਦਾ ਹੈ। ਹਫਤੇ 'ਚ ਤਿੰਨ ਦਿਨ ਹਲਕੀਆਂ ਕਸਰਤਾਂ ਨਾਲ ਵੀ ਤੁਸੀਂ ਦਿਲ ਦੀ ਤੰਦਰੁਸਤੀ ਨੂੰ ਯਕੀਨੀ ਬਣਾ ਸਕਦੇ ਹੋ।

3. ਛੱਡ ਦਿਓ ਬੁਰੀਆਂ ਆਦਤਾਂ

ਸਿਗਰਟਨੋਸ਼ੀ ਕਰਨ ਵਾਲਿਆਂ ਨੂੰ ਦਿਲ ਦੇ ਦੌਰੇ ਦਾ ਦੁੱਗਣਾ ਖਤਰਾ ਰਹਿੰਦਾ ਹੈ। ਵਧੇਰੇ ਸ਼ਰਾਬ ਪੀਣੀ ਵੀ ਦਿਲ ਨੂੰ ਨੁਕਸਾਨ ਪਹੁੰਚਾਉਂਦੀ ਹੈ।

4. ਦੰਦਾਂ ਨੂੰ ਸਾਫ ਰੱਖੋ

ਦੰਦਾਂ ਦੀ ਸੜਨ ਜਾਂ ਮਸੂੜ੍ਹਿਆਂ ਦੀ ਖਰਾਬੀ ਨਾਲ ਦੰਦਾਂ 'ਚ ਪਲਣ ਵਾਲੇ ਬੈਕਟੀਰੀਆ ਖ਼ੂਨ 'ਚ ਦਾਖਲ ਹੋ ਕੇ ਦਿਲ ਤਕ ਪਹੁੰਚ ਸਕਦੇ ਹਨ, ਜਿਥੇ ਇਹ ਦਿਲ ਨੂੰ ਗੰਭੀਰ ਨੁਕਸਾਨ ਪਹੁੰਚਾਉਣ ਦਾ ਸਬੱਬ ਬਣਦੇ ਹਨ। ਅਜਿਹੇ 'ਚ ਦੰਦਾਂ ਦੀ ਸਫਾਈ ਦਾ ਅਤੇ ਉਨ੍ਹਾਂ ਦੀ ਤੰਦਰੁਸਤੀ ਦਾ ਖਾਸ ਧਿਆਨ ਰੱਖੋ।

5. ਵਧੇਰੇ ਕੈਲਸ਼ੀਅਮ ਤੋਂ ਬਚੋ

ਜੇਕਰ ਤੁਸੀਂ ਕੈਲਸ਼ੀਅਮ ਭਰਪੂਰ ਖੁਰਾਕ ਲੈ ਰਹੇ ਹੋ ਤਾਂ ਇਸ ਦੇ ਨਾਲ ਕੈਲਸ਼ੀਅਮ ਸਪਲੀਮੈਂਟਸ ਨਾ ਲਓ। ਕੁਝ ਖੋਜਾਂ 'ਚ ਦੇਖਿਆ ਗਿਆ ਹੈ ਕਿ ਲੰਬੇ ਸਮੇਂ ਤਕ ਇਨ੍ਹਾਂ ਨੂੰ ਲੈਣ ਨਾਲ ਦਿਲ ਦੀਆਂ ਨਾੜੀਆਂ 'ਚ ਕੈਲਸ਼ੀਅਮ ਜੰਮ ਸਕਦਾ ਹੈ। ਜੇਕਰ ਤੁਸੀਂ ਕੈਲਸ਼ੀਅਮ ਸਪਲੀਮੈਂਟ ਲੈ ਰਹੇ ਹੋ ਤਾਂ ਇਸ ਨੂੰ ਵਿਟਾਮਿਨ 'ਡੀ' ਅਤੇ ਮੈਗਨੀਸ਼ੀਅਮ ਨਾਲ ਲਓ, ਜੋ ਦਿਲ ਨੂੰ ਤੰਦਰੁਸਤ ਰੱਖਣ 'ਚ ਯੋਗਦਾਨ ਦਿੰਦੇ ਹਨ।

**ਤੰਦਰੁਸਤ ਦਿਲ ਲਈ**

ਅਹਿਮ ਤੱਥ : ਲੱਗਭਗ 6 ਕਰੋੜ ਭਾਰਤੀ ਦਿਲ ਦੇ ਰੋਗਾਂ ਤੋਂ ਪੀੜਤ ਹਨ।

1. ਸਿਹਤਮੰਦ ਖੁਰਾਕ ਖਾਓ

ਦਿਲ ਦੀ ਤੰਦਰੁਸਤੀ ਤੁਹਾਡੇ ਭੋਜਨ 'ਤੇ ਨਿਰਭਰ ਕਰਦੀ ਹੈ। ਖੁਰਾਕ 'ਚ ਵਧੇਰੇ ਤਾਜ਼ੇ ਫਲ, ਸਬਜ਼ੀਆਂ ਅਤੇ ਫੈਟੀ ਐਸਿਡ ਦੀ ਭਰਪੂਰ ਮਾਤਰਾ ਵਾਲੇ ਖਾਧ ਪਦਾਰਥ ਸ਼ਾਮਲ ਕਰੋ। ਸੈਚੁਰੇਟਿਡ ਫੈਟਸ 'ਚ ਕਮੀ ਲਿਆਓ ਅਤੇ ਵਧੇਰੇ ਚਿਕਨਾਈ, ਸ਼ੂਗਰ ਅਤੇ ਨਮਕ ਵਾਲੇ ਭੋਜਨ ਤੋਂ ਪ੍ਰਹੇਜ਼ ਕਰੋ। ਵਧੇਰੇ ਨਮਕ ਨਾਲ ਹਾਈ ਬਲੱਡ ਪ੍ਰੈਸ਼ਰ ਹੋ ਸਕਦੈ, ਜਿਸ ਨਾਲ ਦਿਲ ਨੂੰ ਨੁਕਸਾਨ ਪਹੁੰਚਦਾ ਹੈ।

2. ਰੋਜ਼ਾਨਾ ਕਸਰਤ ਕਰੋ

ਦਿਲ ਨੂੰ ਸਿਹਤਮੰਦ ਰੱਖਣ ਲਈ ਰੁਟੀਨ 'ਚ ਕਸਰਤ ਕਰਨ ਦੀ ਆਦਤ ਅਹਿਮ ਭੂਮਿਕਾ ਨਿਭਾਅ ਸਕਦੀ ਹੈ। ਇਸ ਨਾਲ ਦਿਲ ਦੀ ਕਾਰਜਪ੍ਰਣਾਲੀ ਤੇਜ਼ ਹੁੰਦੀ ਹੈ ਅਤੇ ਉਹ ਹਰ ਧੜਕਨ ਨਾਲ ਵਧੇਰੇ ਖ਼ੂਨ ਨੂੰ ਸਰੀਰ ਦੇ ਵੱਖ-ਵੱਖ ਅੰਗਾਂ ਤਕ ਪਹੁੰਚਾ ਸਕਦਾ ਹੈ। ਹਫਤੇ 'ਚ ਤਿੰਨ ਦਿਨ ਹਲਕੀਆਂ ਕਸਰਤਾਂ ਨਾਲ ਵੀ ਤੁਸੀਂ ਦਿਲ ਦੀ ਤੰਦਰੁਸਤੀ ਨੂੰ ਯਕੀਨੀ ਬਣਾ ਸਕਦੇ ਹੋ।

3. ਛੱਡ ਦਿਓ ਬੁਰੀਆਂ ਆਦਤਾਂ

ਸਿਗਰਟਨੋਸ਼ੀ ਕਰਨ ਵਾਲਿਆਂ ਨੂੰ ਦਿਲ ਦੇ ਦੌਰੇ ਦਾ ਦੁੱਗਣਾ ਖਤਰਾ ਰਹਿੰਦਾ ਹੈ। ਵਧੇਰੇ ਸ਼ਰਾਬ ਪੀਣੀ ਵੀ ਦਿਲ ਨੂੰ ਨੁਕਸਾਨ ਪਹੁੰਚਾਉਂਦੀ ਹੈ।

4. ਦੰਦਾਂ ਨੂੰ ਸਾਫ ਰੱਖੋ

ਦੰਦਾਂ ਦੀ ਸੜਨ ਜਾਂ ਮਸੂੜ੍ਹਿਆਂ ਦੀ ਖਰਾਬੀ ਨਾਲ ਦੰਦਾਂ 'ਚ ਪਲਣ ਵਾਲੇ ਬੈਕਟੀਰੀਆ ਖ਼ੂਨ 'ਚ ਦਾਖਲ ਹੋ ਕੇ ਦਿਲ ਤਕ ਪਹੁੰਚ ਸਕਦੇ ਹਨ, ਜਿਥੇ ਇਹ ਦਿਲ ਨੂੰ ਗੰਭੀਰ ਨੁਕਸਾਨ ਪਹੁੰਚਾਉਣ ਦਾ ਸਬੱਬ ਬਣਦੇ ਹਨ। ਅਜਿਹੇ 'ਚ ਦੰਦਾਂ ਦੀ ਸਫਾਈ ਦਾ ਅਤੇ ਉਨ੍ਹਾਂ ਦੀ ਤੰਦਰੁਸਤੀ ਦਾ ਖਾਸ ਧਿਆਨ ਰੱਖੋ।

5. ਵਧੇਰੇ ਕੈਲਸ਼ੀਅਮ ਤੋਂ ਬਚੋ

ਜੇਕਰ ਤੁਸੀਂ ਕੈਲਸ਼ੀਅਮ ਭਰਪੂਰ ਖੁਰਾਕ ਲੈ ਰਹੇ ਹੋ ਤਾਂ ਇਸ ਦੇ ਨਾਲ ਕੈਲਸ਼ੀਅਮ ਸਪਲੀਮੈਂਟਸ ਨਾ ਲਓ। ਕੁਝ ਖੋਜਾਂ 'ਚ ਦੇਖਿਆ ਗਿਆ ਹੈ ਕਿ ਲੰਬੇ ਸਮੇਂ ਤਕ ਇਨ੍ਹਾਂ ਨੂੰ ਲੈਣ ਨਾਲ ਦਿਲ ਦੀਆਂ ਨਾੜੀਆਂ 'ਚ ਕੈਲਸ਼ੀਅਮ ਜੰਮ ਸਕਦਾ ਹੈ। ਜੇਕਰ ਤੁਸੀਂ ਕੈਲਸ਼ੀਅਮ ਸਪਲੀਮੈਂਟ ਲੈ ਰਹੇ ਹੋ ਤਾਂ ਇਸ ਨੂੰ ਵਿਟਾਮਿਨ 'ਡੀ' ਅਤੇ ਮੈਗਨੀਸ਼ੀਅਮ ਨਾਲ ਲਓ, ਜੋ ਦਿਲ ਨੂੰ ਤੰਦਰੁਸਤ ਰੱਖਣ 'ਚ ਯੋਗਦਾਨ ਦਿੰਦੇ

ਹਨ।

**ਤੰਦਰੁਸਤ ਗੁਰਦਿਆਂ ਲਈ**

ਅਹਿਮ ਤੱਥ : ਪਿਛਲੇ 15 ਸਾਲਾਂ ਦੌਰਾਨ ਗੁਰਦੇ ਖਰਾਬ ਹੋਣ ਦੀਆਂ ਘਟਨਾਵਾਂ ਦੁੱਗਣੀਆਂ ਹੋ ਚੁੱਕੀਆਂ ਹਨ ਅਤੇ ਹੁਣ ਹਰ ਸਾਲ 2 ਲੱਖ ਲੋਕ ਇਸ ਤੋਂ ਪੀੜਤ ਹੋ ਰਹੇ ਹਨ।

1. ਪਾਣੀ ਦੀ ਘਾਟ ਨਾ ਹੋਣ ਦਿਓ

ਗੁਰਦੇ ਸਰੀਰ 'ਚੋਂ ਜ਼ਹਿਰੀਲੇ ਤੱਤ ਕੱਢਣ ਵਾਲੇ ਇਕ ਫਿਲਟਰ ਵਾਂਗ ਕੰਮ ਕਰਦੇ ਹਨ, ਇਸ ਲਈ ਗੁਰਦਿਆਂ ਨੂੰ ਤੰਦਰੁਸਤ ਰੱਖਣ ਲਈ ਲੋੜੀਂਦੀ ਮਾਤਰਾ 'ਚ ਪਾਣੀ ਪੀਣਾ ਜ਼ਰੂਰੀ ਹੈ। ਚਾਹ-ਕੌਫੀ ਵਧੇਰੇ ਨਾ ਪੀਓ ਕਿਉਂਕਿ ਇਹ ਗੁਰਦਿਆਂ 'ਤੇ ਜ਼ੋਰ ਪਾਉਂਦੇ ਹਨ।

2. ਦਰਦ ਨਿਵਾਰਕ ਦਵਾਈਆਂ ਦੀ ਵਰਤੋਂ ਘੱਟ ਤੋਂ ਘੱਟ ਕਰੋ

ਕੰਬੀਫਲੇਮ ਅਤੇ ਇਬੁਪ੍ਰੋਫੇਨ ਵਰਗੀਆਂ ਦਰਦ ਨਿਵਾਰਕ ਦਵਾਈਆਂ ਗੁਰਦਿਆਂ ਨੂੰ ਕਾਫੀ ਨੁਕਸਾਨ ਪਹੁੰਚਾਉਂਦੀਆਂ ਹਨ, ਇਸ ਲਈ ਜਦੋਂ ਤਕ ਬਹੁਤੀ ਮਜਬੂਰੀ ਨਾ ਹੋਵੇ, ਇਨ੍ਹਾਂ ਦੀ ਵਰਤੋਂ ਨਾ ਕਰੋ। ਕੁਝ ਕਿਸਮ ਦੀਆਂ ਆਯੁਰਵੈਦਿਕ ਅਤੇ ਹਰਬਲ ਦਵਾਈਆਂ ਅਤੇ ਐਂਟੀਬਾਇਓਟਿਕਸ ਦੀ ਰੁਟੀਨ 'ਚ ਵਰਤੋਂ ਵੀ ਨੁਕਸਾਨਦਾਇਕ ਹੈ।

3. ਪ੍ਰੋਸੈੱਸਡ ਫੂਡਸ ਤੋਂ ਬਚੋ

ਇਨ੍ਹਾਂ 'ਚ ਨਮਕ, ਫਾਸਫੋਰਸ ਦੀ ਵਧੇਰੇ ਮਾਤਰਾ ਹੁੰਦੀ ਹੈ, ਜੋ ਗੁਰਦਿਆਂ ਲਈ ਠੀਕ ਨਹੀਂ। ਇਸ ਦੀ ਥਾਂ ਤਾਜ਼ੇ ਫਲ ਅਤੇ ਸਬਜ਼ੀਆਂ ਦੀ ਵਰਤੋਂ ਕਰੋ। ਐਨੀਮਲ ਪ੍ਰੋਟੀਨ ਅਤੇ ਪੋਟਾਸ਼ੀਅਮ ਦੀ ਵਧੇਰੇ ਮਾਤਰਾ ਤੋਂ ਵੀ ਪ੍ਰਹੇਜ਼ ਕਰੋ।

4. ਰੁਟੀਨ 'ਚ ਜਾਂਚ

ਜ਼ਿਆਦਾਤਰ ਗੁਰਦਿਆਂ ਦੇ ਰੋਗ ਲੱਛਣਾਂ ਤੋਂ ਬਿਨਾਂ ਚੋਰੀ-ਛਿਪੇ ਆਪਣੇ ਪੈਰ ਜਮਾ ਲੈਂਦੇ ਹਨ। ਰੁਟੀਨ ਜਾਂਚ ਨਾਲ ਸਮੇਂ ਸਿਰ ਇਨ੍ਹਾਂ ਦਾ ਪਤਾ ਅਸਾਨੀ ਨਾਲ ਲਗਾਇਆ ਜਾ ਸਕਦਾ ਹੈ।

5. ਬਲੱਡ ਪ੍ਰੈਸ਼ਰ 'ਤੇ ਕੰਟਰੋਲ ਰੱਖੋ

ਹਾਈ ਬਲੱਡ ਪ੍ਰੈਸ਼ਰ ਗੁਰਦਿਆਂ ਅੰਦਰ ਖ਼ੂਨ ਦੀਆਂ ਛੋਟੀਆਂ ਨਾੜੀਆਂ ਨੂੰ ਨੁਕਸਾਨ ਪਹੁੰਚਾਉਂਦਾ ਹੈ, ਇਸ ਲਈ ਛੇਤੀ ਤੋਂ ਛੇਤੀ ਬਲੱਡ ਪ੍ਰੈਸ਼ਰ ਦਾ ਪਤਾ ਲਗਾ ਕੇ ਇਸ ਨੂੰ ਕੰਟਰੋਲ ਕਰ ਲੈਣਾ ਚੰਗੀ ਗੱਲ ਹੈ।

**ਤੰਦਰੁਸਤ ਹੱਡੀਆਂ ਲਈ**

ਅਹਿਮ ਤੱਥ : 2050 ਤਕ ਦੁਨੀਆ ਦੇ ਅੱਧੇ ਫ੍ਰੈਕਚਰ ਭਾਰਤ 'ਚ ਹੋਣਗੇ।

1. ਕਸਰਤ ਦੀ ਆਦਤ ਪਾਓ

ਵੇਟ ਟ੍ਰੇਨਿੰਗ ਅਤੇ ਰੱਸੀ ਟੱਪਣਾ, ਜਾਗਿੰਗ ਵਰਗੀਆਂ ਵੇਟ ਬੀਅਰਿੰਗ ਕਸਰਤਾਂ ਨਾਲ ਤੁਸੀਂ ਭਵਿੱਖ 'ਚ ਆਪਣੀਆਂ ਹੱਡੀਆਂ ਦੀ ਮਜ਼ਬੂਤੀ ਯਕੀਨੀ ਬਣਾ ਸਕਦੇ ਹੋ। ਹੱਡੀਆਂ ਲਿਵਿੰਗ ਟਿਸ਼ੂ ਹੁੰਦੀਆਂ ਹਨ, ਜਿਨ੍ਹਾਂ ਨੂੰ ਮਜ਼ਬੂਤ ਰੱਖਣ ਲਈ ਇਨ੍ਹਾਂ 'ਤੇ ਜ਼ੋਰ ਪਾਉਂਦੇ ਰਹਿਣਾ ਜ਼ਰੂਰੀ ਹੁੰਦਾ ਹੈ। ਉਮਰ ਦਾ ਤੀਜਾ ਦਹਾਕਾ ਭਾਵ ਜਵਾਨੀ ਦਾ ਦੌਰ ਕਸਰਤ ਰਾਹੀਂ ਬੋਨ ਡੈਂਸਿਟੀ ਵਧੀਆ ਕਰਨ ਦਾ ਸਭ ਤੋਂ ਬੇਹਤਰ ਸਮਾਂ ਹੁੰਦਾ ਹੈ।

2. ਬੋਨ ਡੈਂਸਿਟੀ ਚੈੱਕ ਕਰੋ

ਆਸਟੀਓਪੋਰੋਸਿਸ ਦੇ ਖਤਰੇ ਦਾ ਪਤਾ ਲਗਾਉਣ ਲਈ ਬੋਨ ਡੈਂਸਿਟੀ ਚੈੱਕ ਕਰਨ ਲਈ ਬੋਨ ਮਿਨਰਲ ਡੈਂਸਿਟੀ (ਬੀ.ਐੱਮ.ਡੀ.) ਟੈਸਟ ਕਰਵਾਓ। ਇਸ ਨਾਲ ਤੁਹਾਡੀਆਂ ਹੱਡੀਆਂ ਦੀ ਤੰਦਰੁਸਤੀ ਦਾ ਪਤਾ ਲੱਗ ਜਾਏਗਾ।

3. ਭਾਰ ਘਟਾਓ

ਇਕ ਅਧਿਐਨ ਮੁਤਾਬਿਕ ਮੋਟੇ ਵਿਅਕਤੀਆਂ ਦੀਆਂ ਹੱਡੀਆਂ ਬਹੁਤ ਕਮਜ਼ੋਰ ਹੁੰਦੀਆਂ ਹਨ, ਇਸ ਲਈ ਭਾਰ ਵਧਣ 'ਤੇ ਕੰਟਰੋਲ ਰੱਖਣਾ ਜ਼ਰੂਰੀ ਹੈ।

4. ਧੁੱਪ 'ਚ ਕੁਝ ਸਮਾਂ ਬਿਤਾਓ

ਹੱਡੀਆਂ ਲਈ ਕੈਲਸ਼ੀਅਮ ਬਹੁਤ ਲਾਭਦਾਇਕ ਹੈ, ਜੋ ਦੁੱਧ ਤੋਂ ਅਸਾਨੀ ਨਾਲ ਮਿਲ ਸਕਦਾ ਹੈ ਪਰ ਕੈਲਸ਼ੀਅਮ ਨੂੰ ਸਹੀ ਢੰਗ ਨਾਲ ਜਜ਼ਬ ਕਰਨ ਲਈ ਸਰੀਰ ਨੂੰ ਵਿਟਾਮਿਨ 'ਡੀ' ਚਾਹੀਦੈ, ਜੋ ਸੂਰਜ ਦੀਆਂ ਕਿਰਨਾਂ ਤੋਂ ਮਿਲਦਾ ਹੈ। ਸੋਡੀਅਮ ਦੀ ਵਰਤੋਂ ਘੱਟ ਤੋਂ ਘੱਟ ਕਰੋ ਕਿਉਂਕਿ ਇਹ ਹੱਡੀਆਂ 'ਚੋਂ ਕੈਲਸ਼ੀਅਮ ਖਿੱਚ ਲੈਂਦਾ ਹੈ।

5. ਕੋਲਡ ਡ੍ਰਿੰਕਸ ਤੋਂ ਬਚੋ

ਵਧੇਰੇ ਕੋਲਡ ਡ੍ਰਿੰਕਸ ਦੀ ਵਰਤੋਂ ਸਰੀਰ 'ਚ ਐਸੀਡਿਕ ਅਸਰ ਪਾਉਂਦੀ ਹੈ, ਜੋ ਹੱਡੀਆਂ ਲਈ ਕਾਫੀ ਨੁਕਸਾਨਦਾਇਕ ਹੁੰਦਾ ਹੈ।



# ਸੀ.ਸੀ. ਫਲੋਰਿੰਗ ਨਾਲ ਬਣਨ ਵਾਲੀ ਸੜਕ ਨਾਲ ਸਹਿਰ ਦੀ ਨਿਖਾਰ ਵਿੱਚ ਸੁਧਾਰ ਅਤੇ ਰਾਹੀਗਰਾਂ ਦੀ ਪ੍ਰੇਸ਼ਾਨੀ ਦੂਰ ਹੋਵੇਗੀ



**ਫਾਜ਼ਿਲਕਾ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਸੂਬੇ ਦੇ ਚਹੁੰ ਪੱਖੀ ਵਿਕਾਸ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ, ਜਿਸ ਤਹਿਤ ਫਾਜ਼ਿਲਕਾ ਵਿੱਚ ਵਿਕਾਸ ਕਾਰਜਾਂ ਲਈ ਕਰੋੜਾਂ ਦੇ ਫੰਡਾਂ ਪ੍ਰਵਾਨ ਕੀਤੇ ਗਏ। ਇਹ ਪ੍ਰਗਟਾਵਾ ਫਾਜ਼ਿਲਕਾ ਦੇ ਵਿਧਾਇਕ ਸ੍ਰੀ. ਨਰਿੰਦਰਪਾਲ ਸਿੰਘ ਸਵਨਾ ਨੇ ਫਾਜ਼ਿਲਕਾ ਦੀ ਲਿੰਕ ਸੜਕ ਰੋਹੇਲਾ ਤੇਜਾ ਤੋਂ ਬੀ.ਓ.ਪੀ. ਗੱਟੀ ਨੰ. 3 ਤੇ ਪਿੰਡ ਰੋਹੇਲਾ ਤੇਜਾ ਦੀ ਫਿਰਨੀ ਦੇ ਨਵੀਨੀਕਰਨ ਦਾ 65.60 ਲੱਖ ਦੀ ਲਾਗਤ ਵਾਲੇ ਕੰਮ ਦਾ ਨੀਂਹ ਪੱਥਰ ਰੱਖਣ ਮੌਕੇ ਕੀਤਾ।

ਵਿਧਾਇਕ ਸ੍ਰੀ. ਨਰਿੰਦਰਪਾਲ ਸਿੰਘ ਸਵਨਾ ਨੇ ਕਿਹਾ ਕਿ ਸਰਕਾਰ ਵਲੋਂ ਸੜਕਾਂ ਦੇ ਨਵੀਨੀਕਰਨ ਲਈ ਕਰੋੜਾਂ ਰੁਪਏ ਦੇ ਫੰਡ ਜਾਰੀ ਕੀਤੇ ਗਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੀ.ਸੀ. ਫਲੋਰਿੰਗ ਨਾਲ ਬਣਨ ਵਾਲੀ ਇਸ ਲਿੰਕ ਸੜਕ ਦੀ ਲੰਬਾਈ 820 ਮੀਟਰ ਹੈ। ਉਨ੍ਹਾਂ ਕਿਹਾ ਕਿ ਪਿਛਲੇ ਕਈ ਸਾਲਾ ਤੋਂ ਸੜਕ ਦੀ ਹਾਲਤ ਖਸਤਾ ਹੋਣ ਕਰਕੇ ਰਾਹੀਗਰਾਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਰਿਹਾ ਸੀ। ਉਨ੍ਹਾਂ ਕਿਹਾ ਕਿ ਹੁਣ ਜਦੋਂ ਇਹ ਸੜਕ ਬਣ ਕੇ ਤਿਆਰ ਹੋਵੇਗੀ ਤਾਂ ਇਸ ਨਾਲ ਜਿੱਥੇ ਸਹਿਰ ਦੀ ਨਿਖਾਰ ਵਿੱਚ ਸੁਧਾਰ ਆਵੇਗੀ ਉੱਥੇ ਹੀ ਰਾਹੀਗਰਾਂ ਦੀ ਮੁਸ਼ਕਲ ਵੀ ਦੂਰ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀਆਂ ਸਕੀਮਾਂ ਦਾ ਲਾਭ ਹਰ ਇੱਕ ਨਾਗਰਿਕ ਤੱਕ ਪਹੁੰਚਾਉਣ ਲਈ ਵਿਸ਼ੇਸ਼ ਧਿਆਨ ਰੱਖਿਆ ਜਾ ਰਿਹਾ ਹੈ ਤੇ ਹਲਕੇ ਦੀ ਬਿਹਤਰੀ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੜਕਾਂ ਦੇ ਨਵੀਨੀਕਰਨ ਤੋਂ ਇਲਾਵਾ ਕਰੋੜਾਂ ਰੁਪਏ ਦੀ ਲਾਗਤ ਨਾਲ ਹਲਕੇ ਦੇ ਪਿੰਡਾਂ ਦੀਆਂ ਗਲੀਆਂ ਤੇ ਨਾਲੀਆਂ ਨੂੰ ਵੀ ਪੱਕਾ ਕੀਤਾ ਜਾ ਰਿਹਾ ਹੈ ਤਾਂ ਜੋ ਪਿੰਡਾਂ ਨੂੰ ਵੀ ਸਹਿਰੀ ਦਿੱਖ ਮਿਲ ਸਕੇ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸਰਕਾਰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਹਲਕੇ ਦੇ ਵਿਕਾਸ ਕਰਨ ਲਈ ਤਤਪਰ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਲੋਕ ਕੋਈ ਵੀ ਨਵਾਂ ਪ੍ਰੋਜੈਕਟ ਤੇ ਨਵੀਂ ਤਜਵੀਜ਼ ਪਿੰਡ ਦੇ ਵਿਕਾਸ ਲਈ ਉਨ੍ਹਾਂ ਕੋਲ ਲੈ ਕੇ ਤਾਂ ਜੋ ਪਿੰਡਾਂ ਦੀ ਦਿੱਖ ਹੋਰ ਵੀ ਸੁੰਦਰ ਬਣਾਈ ਜਾ ਸਕੇ।

ਇਸ ਮੌਕੇ ਪਰਮਜੀਤ ਸਿੰਘ ਨੂਰਸ਼ਾਹ ਚੇਅਰਮੈਨ, ਸਰਪੰਚ ਪਰਸ਼ੋਤਮ ਸਿੰਘ ਤੇਜਾ ਰੁਹੇਲਾ, ਗਗਨਦੀਪ ਸਿੰਘ, ਬਲਵਿੰਦਰ ਸਿੰਘ, ਰਾਜ ਸਿੰਘ ਬਲਾਕ ਪ੍ਰਧਾਨ, ਕੁਲਵਿੰਦਰ ਸਿੰਘ ਸਰਪੰਚ, ਗੁਰਿੰਦਰ ਪਾਲ ਸਿੰਘ ਸ਼ਾਰੀ ਯੂਥ ਆਗੂ, ਵਜਿੰਦਰ ਸਿੰਘ ਮਾਨ ਅਤੇ ਲਛਮਣ ਸਿੰਘ ਸਮੇਤ ਪਿੰਡ ਵਾਸੀ ਵੀ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਯੁਵਕਾਂ ਨੂੰ ਲਿਖਤੀ ਪ੍ਰੀਖਿਆ ਅਤੇ ਫਿਜ਼ੀਕਲ ਟ੍ਰੇਨਿੰਗ ਦੀ ਮੁਫ਼ਤ ਤਿਆਰੀ ਲਈ ਕੈਂਪ ਸ਼ੁਰੂ

**ਤਰਨ ਤਾਰਨ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀ-ਪਾਈਟ ਕੈਂਪ,ਪੱਟੀ ਦੇ ਕੈਂਪ ਟ੍ਰੇਨਿੰਗ ਅਫਸਰ ਕੈਪਟਨ ਗੁਰਦਰਸ਼ਨ ਸਿੰਘ ਨੇ ਇਹ ਜਾਣਕਾਰੀ ਦਿੱਤੀ ਹੈ ਕਿ ਅਗਨੀਵੀਰ ਫੌਜ ਦੀ ਭਰਤੀ ਰੈਲੀ ਦਾ ਕੰਪਿਊਟਰ ਬੇਸਿਸ ਲਿਖਤੀ ਪੇਪਰ ਅਪ੍ਰੈਲ 2025 ਨੂੰ ਹੋ ਰਿਹਾ ਹੈ । ਜਿਸ ਤਰ੍ਹਾਂ ਦਾ ਲਿਖਤੀ ਪੇਪਰ ਅਪ੍ਰੈਲ 2025 ਨੂੰ ਹੋਣਾ ਹੈ ਉਸ ਤਰ੍ਹਾਂ ਹੀ ਲਿਖਤੀ ਪੇਪਰ ਦੀ ਤਿਆਰੀ ਸੀ-ਪਾਈਟ ਕੈਂਪ, ਪੱਟੀ ਮਿਤੀ : 19 ਜਨਵਰੀ 2025 ਤੋਂ ਕੰਪਿਊਟਰ ਦੇ ਕਰਵਾਈ ਜਾਵੇਗੀ । ਲਿਖਤੀ ਪੇਪਰ ਦੀ ਆਨ ਲਾਈਨ ਰਿਜ਼ਟਰੇਸ਼ਨ ਮਿਤੀ : 06 ਫਰਵਰੀ 2025 ਤੋਂ ਕਰਵਾਈ ਜਾ ਸਕਦੀ ਹੈ । ਤਰਨ-ਤਾਰਨ ਜਿਲ੍ਹੇ ਦੇ ਯੁਵਕ ਜੋ ਅਗਨੀਵੀਰ ਫੌਜ ਵਿੱਚ ਭਰਤੀ ਹੋਣਾ ਚਾਹੁੰਦੇ ਹਨ, ਉਹ ਯੁਵਕ ਮਿਤੀ : 19 ਜਨਵਰੀ ਤੋਂ ਆਪਣੇ ਲਿਖਤੀ ਪੇਪਰ ਦੀ ਤਿਆਰੀ ਸੀ-ਪਾਈਟ ਕੈਂਪ, ਪੱਟੀ ਵਿਖੇ ਆ ਕੇ ਕਰ ਸਕਦੇ ਹਨ । ਲਿਖਤੀ ਪੇਪਰ ਦੀ ਤਿਆਰੀ ਮਿਤੀ 19 ਜਨਵਰੀ ਤੋਂ ਸੀ-ਪਾਈਟ ਕੈਂਪ, ਪੱਟੀ ਵਿਖੇ ਸੁਰੂ ਹੋ ਰਹੀ ਹੈ ।ਕੈਂਪ ਵਿੱਚ ਆਉਣ ਸਮੇਂ ਆਨਲਾਈਨ ਅਪਲਾਈ ਦੀ ਇੱਕ ਕਾਪੀ, ਦਸਵੀਂ ਦਾ ਅਸਲ ਸਰਟੀਫਿਕੇਟ, ਦਸਵੀਂ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਪੰਜਾਬ ਰੈਜੀਡੈਂਸ ਦੀ ਫੋਟੋ ਸਟੇਟ ਕਾਪੀ, ਜਾਤਿ ਦੇ ਸਰਟੀਫਿਕੇਟ ਦੀ ਫੋਟੋ ਸਟੇਟ ਕਾਪੀ, ਆਧਾਰ ਕਾਰਡ ਦੀ ਫੋਟੋ ਸਟੇਟ ਕਾਪੀ, ਬੈਂਕ ਖਾਤੇ ਦੀ ਫੋਟੋ ਸਟੇਟ ਕਾਪੀ ਤੇ ਖਾਤਾ ਚਾਲੂ ਹਾਲਤ ਵਿੱਚ ਹੋਵੇ ਅਤੇ ਦੋ ਪਾਸਪੋਰਟ ਸਾਈਜ਼ ਦੀ ਫੋਟੋ, ਇੱਕ ਕਾਪੀ ਇੱਕ ਪੈੱਨ, ਖਾਣਾ ਖਾਣ ਲਈ ਬਰਤਨ, ਰਹਿਣ ਲਈ ਬਿਸਤਰਾ ਆਦਿ ਨਾਲ ਲੈ ਕੇ ਆਉਣ। ਕੈਂਪ ਵਿੱਚ ਆਉਣ ਦਾ ਸਮਾਂ ਸਵੇਰੇ 09:00 ਵਜੇ ਦਾ ਹੋਵੇਗਾ। ਯੁਵਕ ਦੀ ਉਮਰ 17 ਸਾਲ ਤੋਂ 21 ਸਾਲ ਤੱਕ ਹੋਵੇ ਛਾਤੀ ਬਿਨ੍ਹਾਂ ਫੁਲਾ ਕੇ 77 ਸੈਂਟੀਮੀਟਰ ਤੇ ਫੁਲਾ ਕੇ 82 ਸੈਂਟੀਮੀਟਰ ਅਤੇ ਕੱਦ 05 ਫੁੱਟ 07 ਇੰਚ ਹੋਵੇ । ਯੁਵਕ ਘੱਟੋ-ਘੱਟ 10ਵੀਂ 45% ਅੰਕਾਂ ਨਾਲ ਪਾਸ ਹੋਵੇ ਜਾਂ 10+2 ਪਾਸ ਹੋਵੇ । ਕੈਂਪ ਵਿੱਚ ਰਹਿਣ ਸਮੇਂ ਖਾਣਾ ਅਤੇ ਰਹਾਇਸ਼ ਬਿਲਕੁੱਲ ਮੁਫ਼ਤ ਦਿੱਤੀ ਜਾਵੇਗੀ ਅਤੇ ਫਿਜ਼ੀਕਲ ਤੇ ਲਿਖਤੀ ਪੇਪਰ ਦੀ ਤਿਆਰੀ ਦੀ ਕੋਈ ਵੀ ਫ਼ੀਸ ਨਹੀਂ ਲਈ ਜਾਵੇਗੀ । ਵਧੇਰੇ ਜਾਣਕਾਰੀ ਲਈ 97818-91928 ਅਤੇ 98760-30372 ਮੋਬਾਇਲ ਨੰਬਰ ਤੇ ਸੰਪਰਕ ਕੀਤਾ ਜਾ ਸਕਦਾ ਹੈ

# ਕਲਿਆਣ ਜਵੈਲਰਜ਼ ਨੇ ਪਠਾਨਕੋਟ ਵਿੱਚ ਆਪਣਾ 10ਵਾਂ ਸ਼ੋਅਰੂਮ ਖੋਲ੍ਹਿਆ

**ਪਠਾਨਕੋਟ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਦੀਆਂ ਸਭ ਤੋਂ ਭਰੋਸੇਮੰਦ ਅਤੇ ਮੋਹਰੀ ਗਹਿਣਿਆਂ ਦੀਆਂ ਕੰਪਨੀਆਂ ਵਿੱਚੋਂ ਇੱਕ, ਕਲਿਆਣ ਜਵੈਲਰਜ਼ ਨੇ ਅੱਜ ਪਠਾਨਕੋਟ ਵਿੱਚ ਆਈ ਲਵ ਪਠਾਨਕੋਟ ਗੇਟ, ਡਲਹੌਜ਼ੀ ਰੋਡ ਨੇੜੇ ਆਪਣਾ ਨਵਾਂ ਸ਼ੋਅਰੂਮ ਲਾਂਚ ਕੀਤਾ। ਇਸ ਸ਼ੋਅਰੂਮ ਵਿੱਚ ਕਲਿਆਣ ਜਵੈਲਰਜ਼ ਦੇ ਵੱਖ-ਵੱਖ ਸੰਗ੍ਰਹਿਆਂ ਦੇ ਡਿਜ਼ਾਈਨਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਹੈ। ਗਾਹਕ ਇੱਕ ਬੇਮਿਸਾਲ ਅਨੁਭਵ ਪ੍ਰਦਾਨ ਕਰਦੇ ਹੋਏ, ਵਿਸ਼ਵ ਪੱਧਰੀ ਮਾਹੌਲ ਦੇ ਨਾਲ ਅਤਿ-ਆਧੁਨਿਕ ਸਹੂਲਤਾਂ ਦੀ ਉਮੀਦ ਕਰ ਸਕਦੇ ਹਨ।

ਨਵੇਂ ਸ਼ੋਅਰੂਮ ਬਾਰੇ ਟਿੱਪਣੀ ਕਰਦੇ ਹੋਏ, ਕਲਿਆਣ ਜਵੈਲਰਜ਼ ਦੇ ਕਾਰਜਕਾਰੀ ਨਿਰਦੇਸ਼ਕ ਸ਼੍ਰੀ ਰਮੇਸ਼ ਕਲਿਆਣਰਮਨ ਨੇ ਕਿਹਾ, ਪਠਾਨਕੋਟ ਵਿੱਚ ਸਾਡੇ ਨਵੇਂ ਕਲਿਆਣ ਜਵੈਲਰਜ਼ ਸ਼ੋਅਰੂਮ ਦੀ ਸ਼ੁਰੂਆਤ ਦੇ ਨਾਲ, ਸਾਡਾ ਉਦੇਸ਼ ਇੱਕ ਸੰਪੂਰਨ ਈਕੋਸਿਸਟਮ ਬਣਾਉਣਾ ਅਤੇ ਆਪਣੇ ਗਾਹਕਾਂ ਦੀਆਂ ਖਾਸ ਜ਼ਰੂਰਤਾਂ ਨੂੰ ਪੂਰਾ ਕਰਨਾ ਹੈ, ਜਿਸ ਨਾਲ ਉਨ੍ਹਾਂ ਦੇ ਗਾਹਕ ਅਨੁਭਵ। ਅਸੀਂ ਆਪਣੇ ਆਪ ਨੂੰ ਨਵੀਨਤਾ ਦੇ ਕੇ, ਗਾਹਕਾਂ ਨੂੰ ਵਿਸ਼ਵ



ਪੱਧਰੀ ਵਾਤਾਵਰਣ ਪ੍ਰਦਾਨ ਕਰਕੇ, ਅਤੇ ਕੰਪਨੀ ਦੇ ਵਿਸ਼ਵਾਸ ਅਤੇ ਪਾਰਦਰਸ਼ਤਾ ਦੇ ਸਿਧਾਂਤਾਂ ਪ੍ਰਤੀ ਸੱਚੇ ਰਹਿ ਕੇ ਅੱਗੇ ਵਧਦੇ ਰਹਿਣਾ ਚਾਹੁੰਦੇ ਹਾਂ। ਕਲਿਆਣ ਜਵੈਲਰਜ਼ ਵਿਖੇ, ਅਸੀਂ ਗੁਣਵੱਤਾ ਅਤੇ ਸੇਵਾ 'ਤੇ ਧਿਆਨ ਕੇਂਦਰਿਤ ਕਰਦੇ ਹਾਂ। ਅਸੀਂ ਧਿਆਨ ਕੇਂਦਰਿਤ ਕਰਨਾ ਜਾਰੀ ਰੱਖਾਂਗੇ। ਸ਼ਾਨਦਾਰ ਅਤੇ ਵਿਲੱਖਣ ਗਹਿਣਿਆਂ ਦੇ ਡਿਜ਼ਾਈਨਾਂ ਦੀ ਇੱਕ ਵਿਸ਼ਾਲ ਸ਼੍ਰੇਣੀ ਦੀ ਪੇਸ਼ਕਸ਼ 'ਤੇ।÷

ਇਸ ਮੌਕੇ 'ਤੇ ਕੰਪਨੀ ਨੇ 0% ਮੇਕਿੰਗ ਚਾਰਜ* ਦਾ ਐਲਾਨ ਕੀਤਾ ਹੈ। ਇਸ ਤੋਂ ਇਲਾਵਾ, ਕਲਿਆਣ ਸਪੈਸ਼ਲ ਗੋਲਡ ਬੋਰਡ ਰੇਟ - ਜੋ ਕਿ ਬਾਜ਼ਾਰ ਵਿੱਚ ਸਭ ਤੋਂ ਘੱਟ ਹੈ ਅਤੇ ਸਾਰੇ ਕੰਪਨੀ ਸ਼ੋਅਰੂਮਾਂ ਵਿੱਚ ਮਿਆਰੀ ਹੈ - ਵੀ ਲਾਗੂ ਹੋਵੇਗਾ। ਇਹ ਪੇਸ਼ਕਸ਼ਾਂ ਸਿਰਫ਼ ਸੀਮਤ ਸਮੇਂ ਲਈ ਵੈਧ ਹਨ।

ਕਲਿਆਣ ਜਵੈਲਰਜ਼ ਵਿਖੇ ਵੇਚੇ ਜਾਣ ਵਾਲੇ ਸਾਰੇ ਗਹਿਣੇ BIS ਹਾਲਮਾਰਕ ਕੀਤੇ ਜਾਂਦੇ ਹਨ ਅਤੇ ਕਈ ਸ਼ੁੱਧਤਾ ਟੈਸਟਾਂ ਵਿੱਚੋਂ ਲੰਘਦੇ ਹਨ। ਗਾਹਕਾਂ ਨੂੰ ਕਲਿਆਣ ਜਵੈਲਰਜ਼ ਦਾ 4-ਪੱਧਰੀ ਭਰੋਸਾ ਸਰਟੀਫਿਕੇਟ ਵੀ ਮਿਲੇਗਾ, ਜੋ ਸ਼ੁੱਧਤਾ, ਗਹਿਣਿਆਂ ਦੀ ਮੁਫਤ ਜੀਵਨ ਭਰ ਦੇਖਭਾਲ, ਵਿਸਤ੍ਰਿਤ ਉਤਪਾਦ ਜਾਣਕਾਰੀ, ਅਤੇ ਪਾਰਦਰਸ਼ੀ ਐਕਸਚੇਂਜ ਅਤੇ ਬਾਇ-ਬੈਕ ਨੀਤੀਆਂ ਦੀ ਗਰੰਟੀ ਦਿੰਦਾ ਹੈ। ਇਹ ਪ੍ਰਮਾਣੀਕਰਣ ਬ੍ਰਾਂਡ ਦੀ ਆਪਣੇ ਵਫ਼ਾਦਾਰ ਗਾਹਕਾਂ ਨੂੰ ਸਭ ਤੋਂ ਵਧੀਆ ਪੇਸ਼ਕਸ਼ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

ਇਸ ਸ਼ੋਅਰੂਮ ਵਿੱਚ ਕਲਿਆਣ ਦੇ ਪ੍ਰਸਿੱਧ ਘਰੇਲੂ ਬ੍ਰਾਂਡ ਵੀ ਹੋਣਗੇ, ਜਿਨ੍ਹਾਂ ਵਿੱਚ ਮੁਹੂਰਤ (ਵਿਆਹ ਦੇ ਗਹਿਣਿਆਂ ਦੀ ਰੇਂਜ), ਮੁਦਰਾ (ਹੱਥ ਨਾਲ ਬਣੇ ਐਂਟੀਕ ਗਹਿਣੇ), ਨਿਮਾਹ (ਮੰਦਰ ਦੇ ਗਹਿਣੇ), ਗਲੋ (ਨੱਚਦੇ ਹੀਰੇ), ਜੀਆ (ਸੋਲੀਟੇਅਰ ਵਰਗੇ ਹੀਰੇ ਦੇ ਗਹਿਣੇ), ਅਨੋਖੀ (ਅਣਕੱਟੇ ਹੀਰੇ) ਸ਼ਾਮਲ ਹਨ। ), ਅਪੂਰਵਾ (ਖਾਸ ਮੌਕੇ ਦੇ ਹੀਰੇ), ਅੰਤਰਾ (ਵਿਆਹ ਦੇ ਹੀਰੇ), ਹੇਰਾ (ਰੋਜ਼ਾਨਾ ਪਹਿਨਣ ਵਾਲੇ ਹੀਰੇ), ਰੰਗ (ਕੀਮਤੀ ਪੱਥਰ ਦੇ ਗਹਿਣੇ) ਅਤੇ ਹਾਲ ਹੀ ਵਿੱਚ ਲਾਂਚ ਕੀਤੇ ਗਏ ਲੀਲਾ (ਰੰਗੀਨ ਪੱਥਰ ਅਤੇ ਹੀਰੇ ਦੇ ਗਹਿਣੇ)।

# ਸੇਫ ਸਕੂਲ ਵਾਹਨ ਟਾਸਕ ਫੋਰਸ ਨੇ ਸਕੂਲ ਬੱਸਾਂ ਦੀ ਕੀਤੀ ਚੈਕਿੰਗ



**ਹੁਸ਼ਿਆਰਪੁਰ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੇਫ਼ ਸਕੂਲ ਵਾਹਨ ਪਾਲਿਸੀ ਤਹਿਤ ਸਕੂਲ ਦੇ ਬੱਚਿਆਂ ਦੀ ਸੁਰੱਖਿਆ ਨੂੰ ਮੁੱਖ ਰੱਖਦੇ ਹੋਏ ਸਕੂਲ ਮੁਖੀ ਵੱਲੋਂ ਬੱਸਾਂ ਦੇ ਸਾਰੇ ਨਿਯਮਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ। ਇਸ ਸਬੰਧੀ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਅਤੇ ਪੰਜਾਬ ਰਾਜ ਬਾਲ ਸੁਰੱਖਿਆ ਕਮਿਸ਼ਨ ਦੀਆਂ ਹਦਾਇਤਾਂ ਅਤੇ ਡਿਪਟੀ ਕਮਿਸ਼ਨਰ ਦੇ ਹੁਕਮਾਂ 'ਤੇ ਸੇਫ਼ ਸਕੂਲ ਵਾਹਨ ਸਕੀਮ ਤਹਿਤ ਬਣੀ ਟਾਸਕ ਫੋਰਸ ਵੱਲੋਂ ਸਕੂਲ ਬੱਸਾਂ ਦੀ ਚੈਕਿੰਗ ਕੀਤੀ ਗਈ।

ਟਾਸਕ ਫੋਰਸ ਨੇ ਸੇਂਟ ਜੋਸਫ ਕਾਨਵੈਂਟ ਸਕੂਲ, ਰਾਮ ਕਲੋਨੀ ਕੈਂਪ ਅਤੇ ਅਕਾਦਮਿਕ ਹਾਈਟਸ ਪਬਲਿਕ ਸਕੂਲ ਚਗਰਾਂ ਵਿਖੇ ਸਕੂਲੀ ਬੱਸਾਂ ਦੀ ਚੈਕਿੰਗ ਕੀਤੀ। ਚੈਕਿੰਗ ਦੌਰਾਨ ਫਸਟ ਏਡ ਕਿੱਟਾਂ, ਲੇਡੀ ਅਟੈਂਡੈਂਟ, ਪਾਸਿੰਗ, ਸਪੀਡ ਗਵਰਨਰ, ਬੱਸਾਂ ਵਿੱਚ ਐਮਰਜੈਂਸੀ ਨਿਕਾਸ, ਅੱਗ ਬੁਝਾਊ ਯੰਤਰ, ਸੀ.ਸੀ.ਟੀ.ਵੀ ਕੈਮਰੇ, ਬੱਸ ਵਿੱਚ ਬੈਠਣ ਦੀ ਸਮਰੱਥਾ ਆਦਿ ਪੁਆਇੰਟਾਂ ਦੀ ਜਾਂਚ ਕੀਤੀ ਗਈ। ਜਿਨ੍ਹਾਂ ਬੱਸਾਂ ਵਿੱਚ ਕਮੀਆਂ ਪਾਈਆਂ ਗਈਆਂ ਉਨ੍ਹਾਂ ਦੇ ਮੌਕੇ 'ਤੇ ਹੀ ਚਲਾਨ ਕੱਟੇ ਗਏ। ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਹਰਪ੍ਰੀਤ ਕੌਰ, ਖੇਤਰੀ ਟਰਾਂਸਪੋਰਟ ਅਥਾਰਟੀ ਤੋਂ ਤਰਲੋਕ ਸਿੰਘ, ਸਿੱਖਿਆ ਵਿਭਾਗ ਤੋਂ ਅਭਿਸ਼ੇਕ, ਪੁਲਿਸ ਵਿਭਾਗ ਤੋਂ ਕੁਲਵੰਤ ਸਿੰਘ ਅਤੇ ਕਾਨੂੰਨੀ ਅਫ਼ਸਰ ਸੁਖਜਿੰਦਰ ਸਿੰਘ ਮੌਜੂਦ ਸਨ।

ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਨੇ ਦੱਸਿਆ ਕਿ ਸੇਫ਼ ਸਕੂਲ ਵਾਹਨ ਪਾਲਿਸੀ ਅਨੁਸਾਰ ਸ਼ਰਤਾਂ ਪੂਰੀਆਂ ਨਾ ਕਰਨ ਵਾਲੀਆਂ ਬੱਸਾਂ ਨਾਲ ਅਕਸਰ ਕੋਈ ਨਾ ਕੋਈ ਹਾਦਸਾ ਵਾਪਰਨ ਦਾ ਖਤਰਾ ਬਣਿਆ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਸੇਫ਼ ਸਕੂਲ ਵਾਹਨ ਟਾਸਕ ਫੋਰਸ ਵੱਲੋਂ ਜ਼ਿਲ੍ਹੇ ਵਿੱਚ ਇਹ ਮੁਹਿੰਮ ਲਗਾਤਾਰ ਚਲਾਈ ਜਾਵੇਗੀ। ਟਾਸਕ ਫੋਰਸ ਨੇ ਸਾਰੇ ਸਕੂਲਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸਾਰੇ ਡਰਾਈਵਰਾਂ ਦਾ ਸਮੇਂ ਸਿਰ ਮੈਡੀਕਲ ਚੈਕਅੱਪ ਕਰਵਾਉਣ ਅਤੇ ਇਹ ਯਕੀਨੀ ਬਣਾਉਣ ਕਿ ਬੱਸਾਂ ਦੇ ਡਰਾਈਵਰ ਅਤੇ ਅਟੈਂਡੈਂਟ ਵਰਦੀ ਵਿੱਚ ਹੋਣ। ਉਨ੍ਹਾਂ ਕਿਹਾ ਕਿ ਬੱਸਾਂ ਵਿੱਚ ਸਫ਼ਰ ਕਰਨ ਵਾਲੇ ਛੋਟੇ ਬੱਚਿਆਂ ਦਾ ਵਿਸ਼ੇਸ਼ ਧਿਆਨ ਰੱਖਣ ਦੀ ਲੋੜ ਹੈ। ਬੱਸਾਂ ਵਿੱਚ ਚੜ੍ਹਨ ਅਤੇ ਉਤਰਨ ਸਮੇਂ ਉਨ੍ਹਾਂ ਨੂੰ ਸਹੀ ਢੰਗ ਨਾਲ ਸੜਕ ਪਾਰ ਕਰਨ ਦਾ ਪ੍ਰਬੰਧ ਕੀਤਾ ਜਾਵੇ ਅਤੇ ਸਕੂਲੀ ਬੱਸਾਂ ਵਿੱਚ ਪਾਈਆਂ ਗਈਆਂ ਕਮੀਆਂ ਨੂੰ ਤੁਰੰਤ ਠੀਕ ਕੀਤਾ ਜਾਵੇ।

# ਪੰਜਾਬ ਪੁਲਿਸ ਨੇ ਮਾਘੀ ਦੇ ਤਿਉਹਾਰ ਮੌਕੇ ਲਗਾਇਆ ਲੰਗਰ



**ਚੰਡੀਗੜ੍ਹ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਘੀ ਦੇ ਤਿਉਹਾਰ ਮੌਕੇ ਅੱਜ ਇੱਥੇ ਪੰਜਾਬ ਪੁਲਿਸ ਸੇਵਾ ਕਮੇਟੀ ਵੱਲੋਂ ਪੰਜਾਬ ਪੁਲਿਸ ਹੈੱਡਕੁਆਰਟਰ ਦੇ ਬਾਹਰ ਲੋਕ ਸੇਵਾ ਨੂੰ ਸਮਰਪਿਤ ਲੰਗਰ ਲਗਾਇਆ ਗਿਆ।ਜ਼ਿਕਰਯੋਗ ਹੈ ਕਿ ਮਾਘੀ ਦਾ ਤਿਉਹਾਰ 10ਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਸ਼ਹੀਦੀ ਪਾਉਣ ਵਾਲੇ 40 ਸਿੱਖ ਯੋਧਿਆਂ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ।

ਇਸ ਮੌਕੇ ਸਮੁੱਚੀ ਮਾਨਵਤਾ ਦੀ ਭਲਾਈ ਅਤੇ ਖੁਸ਼ਹਾਲੀ ਲਈ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ, ਜਿਹਨਾਂ ਨੇ ਨਾਲ ਇੰਸਪੈਕਟਰ ਜਨਰਲ ਆਫ਼ ਪੁਲਿਸ (ਆਈਜੀਪੀ) ਹੈੱਡਕੁਆਰਟਰ ਸੁਖਚੈਨ ਸਿੰਘ ਗਿੱਲ ਵੀ ਮੌਜੂਦ ਸਨ, ਨੇ ਅਰਦਾਸ ਵਿੱਚ ਸ਼ਾਮਲ ਹੋਣ ਉਪਰੰਤ ਭਾਈਚਾਰਕ ਸੇਵਾ ਅਤੇ ਧਾਰਮਿਕ ਸਦਭਾਵਨਾ ਦੀ ਮਹੱਤਤਾ ਨੂੰ ਉਜਾਗਰ ਕੀਤਾ।

ਦੱਸਣਯੋਗ ਹੈ ਕਿ ਵਧੀਕ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਐਸਐਸ ਸ੍ਰੀਵਾਸਤਵ ਨੇ ਵੀ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ।

ਇਹ ਲੰਗਰ ਪਹਿਲੇ ਸਿੱਖ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਫ਼ਲਸਫ਼ੇ ÷ਕਿਰਤ ਕਰੋ, ਨਾਮ ਜਪੋ, ਵੰਡ ਛਕੋ÷ ਤਹਿਤ ਲਗਾਇਆ ਗਿਆ। ਗੁਰੂ ਸਾਹਿਬ ਦਾ ਫ਼ਲਸਫ਼ਾ ਨਿਰਸਵਾਰਥ ਸੇਵਾ ਅਤੇ ਲੋਕ ਭਲਾਈ ਦਾ ਸੁਨੇਹਾ ਦਿੰਦਾ ਹੈ।

ਡੀਜੀਪੀ ਗੌਰਵ ਯਾਦਵ ਨੇ ਪੰਜਾਬ ਪੁਲਿਸ ਸੇਵਾ ਕਮੇਟੀ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਅੱਗੇ ਵੀ ਅਜਿਹੇ ਸਮਾਜਿਕ-ਧਾਰਮਿਕ ਉਪਰਾਲੇ ਕਰਵਾਉਂਦੇ ਰਹਿਣ ਲਈ ਉਤਸ਼ਾਹਿਤ ਕੀਤਾ, ਜੋ ਫਿਰਕੂ ਸਦਭਾਵਨਾ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਮਜ਼ਬੂਤ ਕਰਦੇ ਹਨ।

# ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਹੋਈ ਪ੍ਰਧਾਨ ਮੰਤਰੀ ਰੋਜ਼ਗਾਰ ਸਿਰਜਣ ਯੋਜਨਾ ਦੀ ਜ਼ਿਲ੍ਹਾ ਪੱਧਰੀ ਮੋਨੀਟਰਿੰਗ ਕਮੇਟੀ ਦੀ ਮੀਟਿੰਗ

**ਤਰਨ ਤਾਰਨ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਰੋਜ਼ਗਾਰ ਸਿਰਜਣ ਯੋਜਨਾ ਦੀ ਜ਼ਿਲ੍ਹਾ ਪੱਧਰੀ ਮੋਨੀਟਰਿੰਗ ਕਮੇਟੀ ਦੀ ਮੀਟਿੰਗ ਡਿਪਟੀ ਕਮਿਸ਼ਨਰ ਤਰਨ ਤਾਰਨ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਸਕੀਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਸਕੀਮ ਦਾ ਲਾਭ ਵੱਧ ਤੋਂ ਵੱਧ ਲੋਕਾਂ ਤਕ ਪਹੁੰਚਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ । ਮੀਟਿੰਗ ਵਿੱਚ ਡਿਪਟੀ ਕਮਿਸ਼ਨਰ ਵੱਲੋਂ ਬੈਂਕਾਂ ਨੂੰ ਕੇਸਾਂ ਦਾ ਸਮੇਂ ਸਿਰ ਨਿਪਟਾਰਾ ਕਰਨ ਦੀ ਹਦਾਇਤ ਕੀਤੀ ਗਈ। ਓਹਨਾ ਵੱਲੋਂ ਮੀਟਿੰਗ ਵਿੱਚ ਹਾਜਰ ਤਕਨੀਕੀ ਅਦਾਰਿਆਂ ਦੇ ਮੁਖੀਆਂ ਨੂੰ ਵੀ ਕਿਹਾ ਗਿਆ ਕਿ ਉਹ ਆਪਣੇ ਆਪਣੇ ਅਦਾਰਿਆਂ ਵਿਚ ਪੜ੍ਹਦੇ ਅਤੇ ਪਾਸ ਆਊਟ ਨੌਜਵਾਨ ਤੱਕ ਇਸ ਸਕੀਮ ਦੀ ਜਾਣਕਾਰੀ ਪਹੁੰਚਾਉਣ ਤਾਂ ਜੋ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਸਿਰਜੇ ਜਾ ਸਕਣ।



ਡਿਪਟੀ ਕਮਿਸ਼ਨਰ ਵੱਲੋਂ ਦੱਸਿਆ ਗਿਆ ਕਿ ਇਹ ਸਕੀਮ ਭਾਰਤ ਸਰਕਾਰ ਵੱਲੋਂ ਨਵੇਂ ਉਦਯੋਗ ਸਥਾਪਿਤ ਕਰਨ ਲਈ ਚਲਾਈ ਜਾ ਰਹੀ ਹੈ ਅਤੇ ਇਸ ਸਕੀਮ ਅਧੀਨ ਨਿਰਮਾਣ (Manufacturing) ਖੇਤਰ ਵਿੱਚ ਨਵੇਂ ਉਦਯੋਗ ਸਥਾਪਿਤ ਕਰਨ ਲਈ 50 ਲੱਖ ਰੁਪਏ ਤੱਕ ਅਤੇ ਸਰਵਿਸ ਖੇਤਰ ਵਿੱਚ ਨਵੇਂ ਉਦਯੋਗ ਸਥਾਪਿਤ ਕਰਨ ਲਈ 20 ਲੱਖ ਰੁਪਏ ਤੱਕ ਦੇ ਪ੍ਰੋਜੈਕਟ ਉੱਪਰ 15 ਤੋਂ 35 ਫ਼ੀਸਦੀ ਸਬਸਿਡੀ ਸਮੇਤ ਕਰਜੇ ਦੀ ਸਹੂਲਤ ਹੈ। ਇਸ ਸਕੀਮ ਅਧੀਨ ਪਰਿਵਾਰ (ਪਤੀ-ਪਤਨੀ) ਵਿਚੋਂ ਇਕ ਵਿਅਕਤੀ ਹੀ ਲਾਭ ਲੈ ਸਕਦਾ ਹੈ।

ਇਸ ਸਕੀਮ ਲਈ ਲਾਭਪਾਤਰੀ https:// www.kviconline.gov.in/pmegpeportal ਪੋਰਟਲ ਤੇ ਅਪਲਾਈ ਕਰ ਸਕਦੇ ਹਨ। ਮੀਟਿੰਗ ਵਿੱਚ ਸ਼੍ਰੀ ਮਾਨਵਪ੍ਰੀਤ ਸਿੰਘ ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ ਤਰਨ ਤਾਰਨ,ਸ਼੍ਰੀ ਕੰਵਲ ਕੁਮਾਰ ਲੀਡ ਜ਼ਿਲ੍ਹਾ ਮੈਨੇਜਰ ਤਰਨ ਤਾਰਨ, ਡਾ. ਨਵਨੀਤ ਵਾਲੀਆ ਪ੍ਰਿੰਸੀਪਲ ਸਰਕਾਰੀ ਬਹੁ-ਤਕਨੀਕੀ ਕਾਲਜ ਭਿੱਖੀਵਿੰਡ ਸਮੇਤ ਬੈਂਕਾਂ ਦੇ ਡੀ.ਸੀ.ਓ/ਮੈਨੇਜਰ ਹਾਜਰ ਸਨ।

# ਮੁਫਤ ਰੈਫ੍ਰਿਜਰੇਸ਼ਨ ਅਤੇ ਏਅਰ-ਕੰਡੀਸ਼ਨਿੰਗ ਸਿਖਲਾਈ ਕੋਰਸ 5 ਫ਼ਰਵਰੀ ਤੋਂ ਸ਼ੁਰੂ

**ਹੁਸ਼ਿਆਰਪੁਰ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ.ਐਨ.ਬੀ ਦਿਹਾਤੀ ਸਵੈ-ਰੁਜ਼ਗਾਰ ਸਿਖਲਾਈ ਸੰਸਥਾ, ਜ਼ਿਲ੍ਹਾ ਪ੍ਰੀਸ਼ਦ ਬਿਲਡਿੰਗ ਵਿੱਚ ਰੈਫ੍ਰਿਜਰੇਸ਼ਨ ਅਤੇ ਏਅਰ-ਕੰਡੀਸ਼ਨਿੰਗ ਦਾ 30 ਦਿਨਾਂ ਦਾ ਮੁਫ਼ਤ ਸਿਖਲਾਈ ਕੋਰਸ 5 ਫਰਵਰੀ 2025 ਤੋਂ ਸ਼ੁਰੂ ਹੋ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਡਾਇਰੈਕਟਰ ਰਜਿੰਦਰ ਕੁਮਾਰ ਭਾਟੀਆ ਨੇ ਦੱਸਿਆ ਕਿ ਚਾਹਵਾਨ ਨੌਜਵਾਨ 14 ਜਨਵਰੀ 2025 ਤੋਂ 5 ਫਰਵਰੀ 2025 ਤੱਕ ਸੰਸਥਾ ਜਾਂ ਵਟਸਐਪ ਨੰਬਰ 94632-84447 'ਤੇ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।ਉਨ੍ਹਾਂ ਦੱਸਿਆ ਕਿ ਇਸ ਕੋਰਸ ਲਈ ਜ਼ਰੂਰੀ ਦਸਤਾਵੇਜ ਜਿਵੇਂ ਆਧਾਰ ਕਾਰਡ ਦੀ ਕਾਪੀ, ਯੋਗਤਾ ਸਰਟੀਫਿਕੇਟ, ਪਾਸਪੋਰਟ ਸਾਈਜ਼ ਫੋਟੋਆਂ ਅਤੇ ਐਸ.ਸੀ/ਬੀ.ਬੀ.ਐਲ ਸਰਟੀਫਿਕੇਟ ਜੇਕਰ ਕੋਈ ਹੋਵੇ। ਉਨ੍ਹਾਂ ਦੱਸਿਆ ਕਿ ਇਹ ਸਿਖਲਾਈ ਬਿਲਕੁਲ ਮੁਫ਼ਤ ਦਿੱਤੀ ਜਾਵੇ ਅਤੇ ਇੰਸਟੀਚਿਊਟ ਵਿਚ ਬਿਨ੍ਹਾਂ ਕਿਸੇ ਫੀਸ ਤੋਂ ਦੁਪਹਿਰ ਦਾ ਖਾਣਾ/ਚਾਹ ਦਿੱਤੀ ਜਾਵੇਗੀ। ਸਿਖਲਾਈ ਤੋਂ ਬਾਅਦ ਸਿਖਿਆਰਥੀਆਂ ਨੂੰ ਇੱਕ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ ਅਤੇ ਸਿਖਿਆਰਥੀਆਂ ਨੂੰ (ਜੇਕਰ ਯੋਗ ਹੋਵੇ) ਕਰਜ਼ੇ ਦੀ ਸਹੂਲਤ ਲਈ ਹਰ ਸੰਭਵ ਮਦਦ ਦਿੱਤੀ ਜਾਂਦੀ ਹੈ । ਵਧੇਰੇ ਜਾਣਕਾਰੀ ਲਈ ਫੋਨ ਨੰਬਰ 62842-10727, 78889-65596 (ਫੈਕਲਟੀ) 78892-71580 ਫੋਟੋਆਂ ਅਤੇ ਐਸ.ਸੀ/ਬੀ.ਬੀ.ਐਲ ਸਰਟੀਫਿਕੇਟ ਜੇਕਰ ਕੋਈ ਹੋਵੇ। ਉਨ੍ਹਾਂ ਦੱਸਿਆ ਕਿ ਇਹ ਸਿਖਲਾਈ ਬਿਲਕੁਲ ਮੁਫ਼ਤ ਦਿੱਤੀ ਜਾਵੇ ਅਤੇ ਇੰਸਟੀਚਿਊਟ ਵਿਚ ਬਿਨ੍ਹਾਂ ਕਿਸੇ ਫੀਸ ਤੋਂ ਦੁਪਹਿਰ ਦਾ ਖਾਣਾ/ਚਾਹ ਦਿੱਤੀ ਜਾਵੇਗੀ। ਨੂੰ ਇੱਕ ਸਰਟੀਫਿਕੇਟ ਜਾਰੀ ਕੀਤਾ ਜਾਂਦਾ ਹੈ ਅਤੇ ਸਿਖਿਆਰਥੀਆਂ ਨੂੰ (ਜੇਕਰ ਯੋਗ ਹੋਵੇ) ਕਰਜ਼ੇ ਦੀ ਸਹੂਲਤ ਲਈ ਹਰ ਸੰਭਵ'ਤੇ ਸੰਪਕਰ ਕੀਤਾ ਜਾ ਸਕਦਾ ਹੈ।

# ਪ੍ਰਧਾਨ ਮੰਤਰੀ ਵਿਸ਼ਵਕਰਮਾ ਸਕੀਮ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਦੀ ਪ੍ਰਧਾਨਗੀ ਹੇਠ ਹੋਈ ਵਿਸ਼ੇਸ਼ ਮੀਟਿੰਗ

**ਤਰਨ ਤਾਰਨ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਵਿਸ਼ਵਕਰਮਾ ਸਕੀਮ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਲਈ ਅੱਜ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਤਰਨ ਤਾਰਨ ਵਿਖੇ ਡਿਪਟੀ ਕਮਿਸ਼ਨਰ ਸ਼੍ਰੀ ਰਾਹੁਲ ਆਈ. ਏ. ਐੱਸ. ਦੀ ਪ੍ਰਧਾਨਗੀ ਹੇਠ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿੱਚ ਸਕੀਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਅਤੇ ਸਕੀਮ ਦਾ ਲਾਭ ਵੱਧ ਤੋਂ ਵੱਧ ਲੋਕਾਂ ਤਕ ਪਹੁੰਚਾਉਣ ਲਈ ਵਿਚਾਰ ਵਟਾਂਦਰਾ ਕੀਤਾ ਗਿਆ।



ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਤਰਨ ਤਾਰਨ ਸ਼੍ਰੀ ਰਾਹੁਲ ਆਈ. ਏ. ਐੱਸ. ਵੱਲੋਂ ਦੱਸਿਆ ਗਿਆ ਕਿ ਇਸ ਸਕੀਮ ਅਧੀਨ ਲਾਭਪਾਤਰੀਆਂ ਦੀ 2 ਤਰੀਕੇ ਦੀ ਟ੍ਰੇਨਿੰਗ 5 ਦਿਨ (ਬੇਸਿਕ) ਅਤੇ 15 ਦਿਨ (ਅਡਵਾਂਸ) ਟ੍ਰੇਨਿੰਗ ਹੋਵੇਗੀ, ਜਿਸ ਦੌਰਾਨ ਲਾਭਪਾਤਰੀਆਂ ਨੂੰ ਵਜੀਫਾ ਵੀ ਮਿਲੇਗਾ । ਟ੍ਰੇਨਿੰਗ ਮੁਕੰਮਲ ਹੋਣ ਉਪਰੰਤ ਲਾਭਪਾਤਰੀਆਂ ਨੂੰ ਆਪਣੇ ਕੰਮ ਨਾਲ ਸਬੰਧਤ ਔਜ਼ਾਰਾਂ ਲਈ 15000 ਰੁਪਏ ਦਾ ਵਾਊਚਰ ਵੀ ਮਿਲੇਗਾ ।

ਸਕੀਮ ਬਾਰੇ ਵਧੇਰੇ ਜਾਣਕਾਰੀ ਦਿੰਦੇ ਹੋਏ ਓਹਨਾ ਦੱਸਿਆ ਕਿ ਇਸ ਸਕੀਮ ਅਧੀਨ 18 ਵੱਖ-ਵੱਖ ਤਰਾਂ ਤੇ ਕਿੱਤਿਆਂ ਦਾ ਜੱਦੀ ਪੁਸ਼ਤੀ ਜਾਂ ਗੁਰੂ ਚੇਲਾ ਪ੍ਰੰਪਰਾ ਅਧੀਨ ਹੀ ਕੰਮ ਕਰਨ ਵਾਲੇ ਹੁਨਰਮੰਦ ਜਿਵੇ ਕਿ ਤਰਖਾਣ , ਘੁਮਿਆਰ, ਨਾਈ , ਧੋਬੀ, ਦਰਜੀ, ਲੁਹਾਰ, ਮਾਲਾਕਾਰ, ਰਾਜ ਮਿਸਤਰੀ, ਮੋਚੀ, ਮੂਰਤੀਕਾਰ ਆਦਿ ਟ੍ਰੇਨਿੰਗ, ਟੂਲ ਕਿੱਟ ਅਤੇ ਰਿਆਇਤੀ ਵਿਆਜ ਦਰਾਂ (5 ਪ੍ਰਤੀਸ਼ਤ) ਤੇ ਪਹਿਲਾਂ 1 ਲੱਖ ਰੁਪਏ ਅਤੇ ਕਰਜਾ ਵਾਪਿਸ ਕਰਨ ਉਪਰੰਤ 2 ਲੱਖ ਰੁਪਏ ਦਾ ਲਾਭ ਉਠਾ ਸਕਦੇ ਹਨ ਅਤੇ ਆਪਣੇ ਹੁਨਰ ਵਿੱਚ ਨਿਖਾਰ ਲਿਆਉਂਦੇ ਹੋਏ ਕੰਮ ਨੂੰ ਵਧਾ ਸਕਦੇ ਹਨ।

ਇਸ ਸਕੀਮ ਦਾ ਲਾਭ ਉਠਾਉਣ ਦੇ ਇੱਛੁਕ ਵਿਅਕਤੀ ਆਪਣੇ ਨਜ਼ਦੀਕੀ ਸੀ. ਐੱਸ. ਸੀ. (ਕਾਮਨ ਸਰਵਿਸ ਸੈਂਟਰ) ਵਿਖੇ ਜਾ ਕੇ ਪੀ. ਐੱਮ. ਵਿਸ਼ਵਕਰਮਾ ਪੋਰਟਲ https://pmvishwakarma.gov.in/ 'ਤੇ ਰਜਿਸਟਰੇਸ਼ਨ ਕਰਵਾ ਸਕਦੇ ਹਨ। ਮੀਟਿੰਗ ਵਿੱਚ ਸ਼੍ਰੀ ਮਾਨਵਪ੍ਰੀਤ ਸਿੰਘ ਜਨਰਲ ਮੈਨੇਜਰ, ਜ਼ਿਲ੍ਹਾ ਉਦਯੋਗ ਕੇਂਦਰ ਤਰਨ ਤਾਰਨ, ਸ਼੍ਰੀ ਹਰਜਿੰਦਰ ਸਿੰਘ ਡੀ.ਡੀ.ਪੀ.ਓ. ਤਰਨ ਤਾਰਨ, ਜ਼ਿਲ੍ਹੇ ਦੇ ਬੀ.ਡੀ.ਪੀ.ਓਜ਼ ਅਤੇ ਨਗਰ ਪੰਚਾਇਤਾਂ/ਕੌਂਸਲਾਂ ਦੇ ਈ.ਓਜ਼. ਹਾਜ਼ਰ ਰਹੇ ।

# 2 ਹਫਤੇ ਦਾ ਡੇਅਰੀ ਸਿਖਲਾਈ ਕੋਰਸ 20 ਜਨਵਰੀ ਤੋਂ

**ਹੁਸ਼ਿਆਰਪੁਰ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਡੇਅਰੀ ਵਿਕਾਸ ਵਿਭਾਗ,ਪੰਜਾਬ ਵਲੋਂ 20 ਜਨਵਰੀ ਤੋਂ 2 ਹਫਤੇ ਦਾ ਡੇਅਰੀ ਸਿਖਲਾਈ ਕੋਰਸ ਡੇਅਰੀ ਸਿਖਲਾਈ ਕੇਂਦਰ, ਫਗਵਾੜਾ ਵਿਖੇ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੰਯੁਕਤ ਡਾਇਰੈਕਟਰ ਡੇਅਰੀ ਵਿਕਾਸ ਕਸ਼ਮੀਰ ਸਿੰਘ ਨੇ ਦੱਸਿਆ ਕਿ ਇਸ ਸਿਖਲਾਈ ਪ੍ਰੋਗਰਾਮ ਵਿੱਚ ਦੁਧਾਰੂ ਪਸ਼ੂਆਂ ਦੀ ਖਰੀਦ ਤੋਂ ਲੈ ਕੇ ਰੱਖ-ਰਖਾਅ, ਖਾਧ-ਖੁਰਾਕ, ਨਸਲ ਸੁਧਾਰ, ਸਾਂਭ-ਸੰਭਾਲ ਅਤੇ ਸੁਚੱਜੇ ਮੰਡੀਕਰਨ ਦੀਆਂ ਨਵੀਨਤਮ ਤਕਨੀਕਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਕੋਰਸ ਲਈ ਯੋਗਤਾ ਸਿਖਿਆਰਥੀ ਪੇਂਡੂ ਖੇਤਰ ਨਾਲ ਸਬੰਧ ਰੱਖਦਾ ਹੋਵੇ, ਘੱਟ ਤੋਂ ਘੱਟ ਪੰਜਵੀਂ ਜਮਾਤ ਪਾਸ ਹੋਵੇ ਅਤੇ ਉਸ ਦੀ ਉਮਰ 18 ਤੋਂ 55 ਸਾਲ ਤੱਕ ਹੋਵੇ। ਸਿਖਲਾਈ ਕੋਰਸ ਦੀ ਫੀਸ 1000 ਰੁਪਏ ਜਨਰਲ ਸ਼੍ਰੇਣੀ ਲਈ ਅਤੇ 750 ਰੁਪਏ ਅਨੁਸੂਚਿਤ ਜਾਤੀ ਦੇ ਸਿਖਆਰਥੀਆ ਲਈ ਹੋਵੇਗੀ। ਉਨ੍ਹਾਂ ਦੱਸਿਆ ਕਿ ਸਿਖਲਾਈ ਲੈਣ ਦੇ ਚਾਹਵਾਨ ਆਪਣੇ ਦਸਤਾਵੇਜ ਜਿਵੇਂ ਕਿ ਪੜ੍ਹਾਈ ਦਾ ਸਰਟੀਫਿਕੇਟ, ਆਧਾਰ ਕਾਰਡ, ਵੋਟਰ ਕਾਰਡ, ਜਾਤੀ ਦਾ ਸਰਟੀਫਿਕੇਟ ਅਤੇ 2 ਪਾਸਪੋਰਟ ਸਾਈਜ ਫੋਟੋਆਂ ਨਾਲ ਲੈ 19 ਜਨਵਰੀ2025 ਤੱਕ ਦਫਤਰ ਡਿਪਟੀ ਡਾਇਰੈਕਟਰ ਡੇਅਰੀ, ਮਿੰਨੀ ਸਕੱਤਰੇਤ, ਚੌਥੀ ਮੰਜ਼ਿਲ, ਕਮਰਾ ਨੰਬਰ 439 ਵਿਖੇ ਸੰਪਰਕ ਕਰ ਸਕਦੇ ਹਨ। ਸਿਖਲਾਈ ਪ੍ਰਾਪਤ ਕਰਨ ਉਪਰੰਤ ਸਿਖਿਆਰਥੀ 2 ਤੋਂ 10 ਦੁਧਾਰੂ ਪਸ਼ੂਆਂ ਦਾ ਕਰਜਾ ਲੈ ਸਕਣਗੇ ਅਤੇ ਸਰਕਾਰ ਵਲੋ ਜਨਰਲ ਜਾਤੀ ਲਈ 25 ਫੀਸਦੀ ਅਤੇ ਅਨੁਸੂਚਿਤ ਜਾਤੀ ਲਈ 33 ਫੀਸਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਫੋਨ ਨੰਬਰ 01882-220025 ਅਤੇ 98722-77136 'ਤੇ ਦਫ਼ਤਰੀ ਸਮੇਂ ਦੌਰਾਨ ਸੰਪਰਕ ਕੀਤਾ ਜਾ ਸਕਦਾ ਹੈ।

# ਕਲਾ ਉਤਸਵ 2024-25 ਦੇ ਮੁਕਾਬਲਿਆਂ ਦੌਰਾਨ ਨੈਸ਼ਨਲ ਪੱਧਰ ਤੇ ਫਾਜ਼ਿਲਕਾ ਜ਼ਿਲ੍ਹੇ ਦਾ ਨਾਮ ਕੀਤਾ ਰੋਸ਼ਨ

**ਫਾਜ਼ਿਲਕਾ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕਲਾ ਉਤਸਵ 2024-25 ਦੌਰਾਨ ਨੈਸ਼ਨਲ ਪੱਧਰ *ਤੇ ਫਾਜ਼ਿਲਕਾ ਜ਼ਿਲ੍ਹੇ ਦੀਆਂ ਲੜਕੀਆ ਨੇ ਦੂਜੇ ਰਾਜ ਵਿਚ ਆਪਣਾ ਲੋਹਾ ਮਨਵਾਉਂਦਿਆਂ ਪਹਿਲਾ ਸਥਾਨ ਹਾਸਲ ਕੀਤਾ। ਭੋਪਾਲ ਮੱਧ ਪ੍ਰਦੇਸ਼ ਵਿਚ ਆਯੋਜਿਤ ਰਾਸ਼ਟਰ ਪੱਧਰ ਦੇ ਕਲਾ ਉਤਸਵ ਮੁਕਾਬਲਿਆਂ ਦੌਰਾਨ ਵੱਖ-ਵੱਖ ਰਾਜਾਂ ਦੀਆਂ 37 ਟੀਮਾਂ ਨੂੰ ਪਛਾੜਦਿਆਂ ਪੰਜਾਬ ਸੂਬੇ ਦੀ ਨੁਮਾਇੰਦਗੀ ਕਰ ਰਹੀਆਂ ਸਰਹੱਦੀ ਜ਼ਿਲ੍ਹੇ ਦੇ ਸਰਕਾਰੀ ਸਕੂਲ ਡੱਬਵਾਲਾ ਕਲਾਂ ਦੀਆਂ ਵਿਦਿਆਰਥਣਾਂ ਨੇ ਫਾਜ਼ਿਲਕਾ ਦਾ ਨਾਮ ਰੋਸ਼ਨ ਕੀਤਾ ਹੈ।

ਜ਼ਿਲ੍ਹਾ ਸਿਖਿਆ ਅਫਸਰ (ਸੈਕੰਡਰੀ ਸਿਖਿਆ) ਸ. ਬ੍ਰਿਜ ਮੋਹਨ ਸਿੰਘ ਬੇਦੀ, ਉਪ ਜ਼ਿਲ੍ਹਾ ਸਿਖਿਆ ਅਫਸਰ (ਸੈਕੰਡਰੀ ਸਿਖਿਆ) ਸ੍ਰੀ ਪੰਕਜ ਅੰਗੀ, ਪ੍ਰਿੰਸੀਪਲ ਸੁਭਾਸ਼ ਨਰੂਲਾ, ਸਿਖਿਆ ਵਿਭਾਗ ਤੋਂ ਨੋਡਲ ਅਫਸਰ ਵਿਜੈ ਪਾਲ, ਗੁਰਛਿੰਦਰ ਪਾਲ ਸਿੰਘ, ਜ਼ਿਲ੍ਹਾ ਭਾਸ਼ਾ ਅਫ਼ਸਰ ਸ੍ਰੀ ਭੁਪਿੰਦਰ ਉਤਰੇਜਾ, ਸ. ਪਰਮਿੰਦਰ ਸਿੰਘ ਰੰਧਾਵਾ ਖੋਜ ਅਫ਼ਸਰ ਆਦਿ ਅਧਿਕਾਰੀ ਸਾਹਿਬਾਨਾ ਨੇ ਗਾਈਡ ਅਧਿਆਪਕ ਸ੍ਰੀ ਕੁਲਜੀਤ ਭੱਟੀ ਦੀ ਅਗਵਾਈ ਹੇਠ ਵਿਦਿਆਰਥਣਾਂ ਵੱਲੋਂ ਇਹ ਉਪਲਬਧੀ ਹਾਸਲ ਕਰਨ *ਤੇ ਵਧਾਈਆਂ ਦਿੱਤੀਆਂ ਅਤੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।




ਜ਼ਿਲ੍ਹਾ ਸਿਖਿਆ ਅਫਸਰ ਸ. ਬੇਦੀ ਨੇ ਸੰਬੋਧਨ ਦੌਰਾਨ ਕਿਹਾ ਕਿ ਨੈਸ਼ਨਲ ਪੱਧਰ *ਤੇ ਸਰਹੱਦੀ ਜ਼ਿਲ੍ਹੇ ਫਾਜਿਲ਼ਕਾ ਦਾ ਨਾਮ ਚਮਕਾਉਣ ਵਾਲੀਆਂ ਵਿਦਿਆਰਥਣਾਂ ਵਧਾਈ ਦੀਆਂ ਪਾਤਰ ਹਨ। ਉਨ੍ਹਾਂ ਅੱਗੇ ਕਿਹਾ ਕਿ ਕਲਾ ਉਤਸਵ ਮੁਕਾਬਲਿਆਂ ਦੇ ਆਯੋਜਨ ਨਾਲ ਜਿਥੇ ਹੋਰਨਾਂ ਰਾਜਾਂ ਨਾਲ ਸਾਂਝ ਪਾਉਣ ਦੀਆਂ ਕੋਸ਼ਿਸ਼ਾ ਦਾ ਬੂਰ ਪਿਆ ਹੈ ਉਥੇ ਦੂਜੇ ਰਾਜ ਵਿਚ ਪਹੁੰਚ ਕੇ ਪੰਜਾਬ ਰਾਜ ਨੂੰ ਪਹਿਲੀ ਵਾਰ ਮਾਣ ਵੀ ਦਵਾਇਆ ਹੈ।

ਉਨ੍ਹਾਂ ਇਸ ਉਪਲਬਧੀ ਪਿਛੇ ਸਕੂਲ ਪ੍ਰਿੰਸੀਪਲ, ਗਾਇਡ ਅਧਿਆਪਕ, ਮਾਪਿਆਂ ਅਤੇ ਲੜਕੀਆਂ ਦੀ ਅਣਥਕ ਮਿਹਨਤ ਨੂੰ ਸਿਹਰਾ ਦਿੱਤਾ ਤਾਂ ਜੋ ਅਸੀਂ ਇਸ ਇਤਿਹਾਸਕ ਪਲ ਦਾ ਹਿਸਾ ਬਣੇ ਹਾਂ।

ਉਪ ਜ਼ਿਲ੍ਹਾ ਸਿਖਿਆ ਅਫਸਰ ਸ੍ਰੀ ਅੰਗੀ ਨੇ ਵਿਦਿਆਰਥਣਾਂ ਨੂੰ ਵਧਾਈਆਂ ਦਿੰਦਿਆਂ ਕਿਹਾ ਕਿ ਪਹਿਲਾਂ ਜ਼ਿਲ੍ਹਾ, ਜੋਨ, ਸਟੇਟ ਪੱਧਰ ਤੇ ਹੁਣ ਨੈਸ਼ਨਲ ਪੱਧਰ *ਤੇ ਆਪਣਾ ਝੰਡਾ ਗੱਡਿਆ ਹੈ। ਉਨ੍ਹਾਂ ਆਖਿਆ ਕਿ ਵਿਦਿਆਰਥਣਾਂ ਦੀ ਜਿਤ ਨੇ ਹੋਰਨਾਂ ਲੜਕੀਆ ਨੂੰ ਪ੍ਰਵਾਜ ਦਿੱਤੀ ਹੈ ਸਭਨਾਂ ਨੂੰ ਸਦੇਸ਼ ਦਿੱਤਾ ਹੈ ਕਿ ਜੇਕਰ ਮੌਕੇ ਦਿੱਤੇ ਜਾਣ ਤਾਂ ਕਿਸੇ ਵੀ ਚੈਲੰਜ ਨੂੰ ਪਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਹੀ ਦਿਸ਼ਾ, ਮਾਰਗਦਰਸ਼ਨ ਤੇ ਮਿਹਨਤ ਨਾਲ ਕਿਸੇ ਵੀ ਮੁਸ਼ਕਲ ਨੂੰ ਪਾਰ ਕੀਤਾ ਜਾ ਸਕਦਾ ਹੈ ਜੋ ਇਨ੍ਹਾਂ ਲੜਕੀਆ ਨੂੰ ਕਰ ਵਿਖਾਇਆ ਹੈ।

ਉਨ੍ਹਾਂ ਹੋਰ ਕਿਹਾ ਕਿ ਸਾਨੂੰ ਇਨ੍ਹਾਂ ਲੜਕੀਆਂ *ਤੇ ਮਾਣ ਹੈ ਜੋ ਇਹ ਉਪਲਬਧੀ ਜ਼ਿਲ੍ਹਾ ਫਾਜ਼ਿਲਕਾ ਨੂੰ ਮੁਹੱਈਆ ਕਰਵਾਈ ਗਈ ਹੈ। ਉਨ੍ਹਾਂ ਜ਼ਿਲ੍ਹਾ ਫਾਜ਼ਿਲਕਾ ਵਿਚ ਹੋਏ ਜੋਨ ਪੱਧਰੀ ਕਲਾ ਉਤਸਵ ਮੁਕਾਬਲਿਆਂ ਵਿਚ ਅਹਿਮ ਯੋਗਦਾਨ ਪਾਉਣ ਵਾਲੇ ਅਤੇ ਨੈਸ਼ਨ ਪੱਧਰ *ਤੇ ਸ਼ਲਾਘਾਯੋਗ ਕੰਮ ਕਰਨ ਵਾਲੇ ਸਿਖਿਆ ਵਿਭਾਗ ਤੋਂ ਨੋਡਲ ਅਫਸਰ ਸ੍ਰੀ ਵਿਜੈ ਪਾਲ ਅਤੇ ਕੋਆਰਡੀਨੇਟਰ ਗੁਰਛਿੰਦਰ ਪਾਲ ਸਿੰਘ ਦੀ ਵਿਸ਼ੇਸ਼ ਤੌਰ *ਤੇ ਸਰਾਹਨਾ ਕੀਤੀ।

ਸਿਖਿਆ ਵਿਭਾਗ ਤੋਂ ਨੋਡਲ ਅਫਸਰ ਸ੍ਰੀ ਵਿਜੈ ਪਾਲ ਨੇ ਬਚਿਆਂ ਦੀ ਅਣਥਕ ਮਿਹਨਤ ਨੂੰ ਸਲਾਮ ਕਰਦਿਆਂ ਕਿਹਾ ਕਿ ਪਹਿਲਾਂ ਜ਼ਿਲ੍ਹਾ ਪੱਧਰ, ਜੋਨ ਪੱਧਰ ਅਤੇ ਰਾਜ ਪੱਧਰ *ਤੇ ਕਲਾ ਉਤਸਵ ਮੁਕਾਬਲਿਆਂ ਤੋਂ ਜੇਤੂ ਰਹਿਣ ਉਪਰੰਤ ਨੈਸ਼ਨਲ ਪੱਧਰ *ਤੇ ਵੀ ਨਾਮਣਾ ਖਟਿਆ ਹੈ। ਉਨ੍ਹਾਂ ਪੰਜਾਬ ਦੀ ਨੁਮਾਇੰਦਗੀ ਕਰਨ *ਤੇ ਸਰਕਾਰੀ ਸਕੂਲ ਡੱਬਵਾਲੀ ਕਲਾਂ ਦੀ ਟੀਮ ਨੂੰ ਸਰਾਹਉਂਦਿਆਂ ਭਵਿੱਖ ਵਿਚ ਹੋਰ ਉਪਲਬਧੀਆਂ ਹਾਸਲ ਕਰਨ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਕੋਆਰਡੀਨੇਟਰ ਗੁਰਛਿੰਦਰ ਪਾਲ ਸਿੰਘ ਵੱਲੋਂ ਕਲਾ ਉਤਸਵ ਮੁਕਾਬਲਿਆਂ ਦੀ ਰੂਪ-ਰੇਖਾ ਅਤੇ ਜਿਲ੍ਹਾ ਪੱਧਰ ਤੋਂ ਰਾਸ਼ਟਰ ਪੱਧਰ ਤਕ ਦੇ ਸਫਰ ਬਾਰੇ ਜਾਣਕਾਰੀ ਸਭਨਾਂ ਨਾਲ ਸਾਂਝੀ ਕੀਤੀ।

ਸਿਖਿਆ ਵਿਭਾਗ ਵੱਲੋਂ ਆਯੋਜਿਤ ਸਮਾਰੋਹ ਵਿੱਚ ਕਲਾ ਉਤਸਵ ਦੇ ਨੈਸ਼ਨਲ ਪੱਧਰ ਤੇ ਜੇਤੂ ਰਹੇ ਵਿਦਿਆਰਥਣਾਂ ਅਤੇ ਸ੍ਰੀ ਕੁਲਜੀਤ ਸਿੰਘ ਸਾਇੰਸ ਅਧਿਆਪਕ ਜਿੰਨਾ ਨੇ ਇਸ ਨਾਟਕ ਨੂੰ ਲਿਖਿਆ ਤੇ ਨਿਰਦੇਸ਼ਤ ਕੀਤਾ, ਸਕੂਲ ਪ੍ਰਿੰਸੀਪੀਲ ਸ੍ਰੀ ਸੁਭਾਸ਼ ਨਰੂਲਾ ਨੂੰਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾਂ ਵੀਰਾਂ ਕੌਰ ਜੋ ਕੇ ਇਸ ਨਾਟਕ ਦੀ ਸਹਿ-ਨਿਰਦੇਸ਼ਕਾ ਸਨ, ਨੂੰ ਵੀ ਸਨਮਾਨਿਤ ਕੀਤਾ ਗਿਆ।

ਨਾਟਕ ਵਿੱਚ ਪ੍ਰਭਸਿਮਰਨਜੀਤ ਕੌਰ, ਵੀਰਪਾਲ ਕੌਰ, ਜਸ਼ਨਪ੍ਰੀਤ ਕੌਰ, ਗੁਰਪ੍ਰੀਤ ਕੌਰ ਅਤੇ ਦੀਕਸ਼ਾ ਰਾਣੀ ਨੇ ਆਪਣਾ ਆਪਣਾ ਕਿਰਦਾਰ ਬਾਖੂਬੀ ਨਿਭਾਇਆ। ਸਟੇਜ ਸਕੱਤਰ ਦੀ ਭੂਮਿਕਾ ਸ੍ਰੀ ਸੁਰਿੰਦਰ ਕੰਬੋਜ ਨੇ ਨਿਭਾਈ।

ਇਸ ਮੌਕੇ ਸੇਵਾ ਮੁਕਤ ਪ੍ਰਿੰਸੀਪਲ ਸ੍ਰੀ ਅਸ਼ਵਨੀ ਅਹੂਜਾ, ਵਿਕਾਸ ਕਾਲੜਾ, ਮਦਨ ਲਾਲ ਅਤੇ ਮਨਪ੍ਰੀਤ ਸਿੰਘ ਵਿਸ਼ੇਸ਼ ਤੌਰ *ਤੇ ਮੌਜੂਦ ਸਨ।

# ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨਾਲ ਮਿਲਿਆ ਜਪਾਨੀ ਡੇਲੀਗੇਸ਼ਨ

**ਚੰਡੀਗੜ੍ਹ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨਾਲ ਅੱਜ ਇੱਕ ਜਪਾਨੀ ਡੇਲੀਗੇਸ਼ਨ ਨੇ ਮੁਲਾਕਾਤ ਕੀਤੀ ਅਤੇ ਹਰਿਆਣਾ ਵਿਚ ਲਗਾਏ ਜਾ ਰਹੇ ਵੱਖ-ਵੱਖ ਪ੍ਰੋਜੈਕਟਸ 'ਤੇ ਚਰਚਾ ਹੋਈ। ਡੇਲੀਗੇਸ਼ਨ ਵਿਚ ਸ੍ਰੀ ਫੁਮਿਓ ਸਸ਼ੀਡਾ ਚੇਅਰਮੈਨ, ਸ੍ਰੀ ਕਾਜੂਨੁਬੋ ਮਿਯਾਕੇ, ਸ੍ਰੀ ਗੁਆਨ ਜੈਮਿਨ ਜਨਰਲ ਮੇਨੇਸਰ ਏਟੀਐਲ ਤੇ ਸੁਮਿਤ ਸ਼ਾਮਿਲ ਸਨ। ਇਸ ਮੌਕੇ 'ਤੇ ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਸ੍ਰੀ ਅਰੁਣ ਗੁਪਤਾ, ਵਿਦੇਸ਼ ਸਹਿਯੋਗ ਵਿਭਾਗ ਦੇ ਸਲਾਹਕਾਰ ਪਵਨ ਚੌਧਰੀ ਮੌਜੂਦ ਰਹੇ। ਮੁੱਖ ਮੰਤਰੀ ਨੇ ਦਸਿਆ ਕਿ ਵਿਦੇਸ਼ੀ ਨਿਵੇਸ਼ ਨੂੰ ਖਿੱਚਣ ਤੇ ਵਿਦੇਸ਼ੀ ਨਿਵੇਸ਼ਕਾਂ ਦੀ ਮਦਦ ਲਈ ਵਿਦੇਸ਼ ਸਹਿਯੋਗ ਵਿਭਾਗ ਸਥਾਪਿਤ ਕੀਤਾ ਗਿਆ ਹੈ। ਅਨੇਕ ਵੱਡੀ ਕੰਪਨੀਆਂ ਅੱਜ ਹਰਿਆਣਾ ਵਿਚ ਆਪਣੇ ਪ੍ਰੋਜੈਕਟਸ ਲਗਾਉਣ ਦੀ ਇਛੁੱਕ ਹੈ। ਸਰਕਾਰ ਨੇ ਨਿਵੇਸ਼ਕਾਂ ਦੇ ਲਈ ਬਿਹਤਰ ਇੰਫ੍ਰਾਸਟਕਚਰ ਤੇ ਕਨੈਕਟੀਵਿਟੀ ਦੀ ਸਹੂਲਤ ਉਪਲਬਧ ਕਰਾਈ ਹੈ ਜਿਸ ਦੇ ਚੱਲਦੇ ਅੱਜ ਗੁਰੂਗ੍ਰਾਮ ਸਮੇਤ ਐਨਸੀਆਰ ਰੀਜਨ ਵਿਚ ਅਨੇਕ ਨਾਮੀ ਕੰਪਨੀਆਂ ਨਿਵੇਸ਼ ਕਰਨ ਦੀ ਇਛੁੱਕ ਹਨ ਉਨ੍ਹਾਂ ਨੇ ਕਿਹਾ ਕਿ ਪ੍ਰੋਜੈਕਟਸ ਨੂੰ ਸ਼ੁਰੂ ਕਰਨ ਲਈ ਜਰੂਰੀ ਸਾਰੀ ਤਰ੍ਹਾ ਦੀ ਸਹੂਲਤਾਂ ਹੁਣ ਇਕ ਛੱਤ ਦੇ ਹੇਠਾਂ ਉਪਲਬਧ ਹੋ ਰਹੀ ਹੈ। ਇਸੀ ਦੇ ਚੱਲਦੇ ਹਰਿਆਣਾ ਨਿਵੇਸ਼ਕਾਂ ਦੀ ਪਹਿਲੀ ਪਸੰਦ ਬਣ ਗਈ ਹੈ।

# ਵਿਦੇਸ਼ ਸਹਿਯੋਗੀ ਵਿਭਾਗ ਦਾ ਮਾਰਗਦਰਸ਼ਨ ਲੈ ਕੇ ਹੀ ਬੱਚਿਆਂ ਨੂੰ ਵਿਦੇਸ਼ ਭੇਜਣ

**ਚੰਡੀਗੜ੍ਹ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਵਿਦੇਸ਼ੀ ਸਹਿਯੋਗ ਮੰਤਰੀ ਰਾਓ ਨਰਬੀਰ ਸਿੰਘ ਨੈ ਕਿਹਾ ਹੈ ਕਿ ਵਿਦੇਸ਼ਾਂ ਵਿਚ ਰੁਜਗਾਰ ਲਈ ਆਪਣੇ ਬੱਚਿਆਂ ਨੂੰ ਭੇਜਦੇ ਸਮੇਂ ਮਾਂਪੇ ਡੰਕੀ ਵਰਗੇ ਸ਼ਾਰਟਕੱਟ ਪ੍ਰਕ੍ਰਿਆ ਨੂੰ ਨਾ ਅਪਨਾਉਣ। ਕਬੂਤਰਬਾਜੀ ਕਰਨ ਵਾਲੇ ਲੋਕਾਂ 'ਤੇ ਸਰਕਾਰ ਦੀ ਪੈਨੀ ਨਜਰ ਹੈ ਅਤੇ ਅਜਿਹੇ ਲੋਕਾਂ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਮੰਤਰੀ ਨੇ ਕਿਹਾ ਕਿ ਯੁਵਾ ਵਿਦੇਸ਼ ਜਾਣ ਦੇ ਨਾਂਅ 'ਤੇ ਕਿਸੇ ਦੇ ਚੰਗੁਲ ਵਿਚ ਨਾ ਫਸਣ, ਇਸ ਲਈ ਸੂਬਾ ਸਰਕਾਰ ਨੇ ਵੱਖ ਤੋਂ ਵਿਦੇਸ਼ ਸਹਿਯੋਗ ਵਿਭਾਗ ਦਾ ਗਠਨ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਸੰਯੁਕਤ ਰਾਜ ਅਮੀਰਾਤ ਤੇ ਹੋਰ ਅਰਬ ਦੇਸ਼ਾਂ ਵਿਚ ਡਰਾਈਵਰ, ਪਲੰਬਰ, ਰਾਜ ਮਿਸਤਰੀ ਤੇ ਭਵਨ ਨਿਰਮਾਣ ਨਾਲ ਜੁੜੇ ਹੋਰ ਮਜਦੂਰਾਂ ਦੀ ਖਾਸੀ ਮੰਗ ਹੈ।

ਇਸ ਲਈ ਸਰਕਾਰ ਨੇ ਵਿਦੇਸ਼ੀ ਭਾਸ਼ਾ ਸਿੱਖਣ ਅਤੇ ਉਸ ਨਾਲ ਸਬੰਧਿਤ ਏਜੰਸੀ ਨਾਲ ਪ੍ਰਮਾਣਿਤ ਕਰਵਾਉਣ ਦਾ ਪ੍ਰਬੰਧ ਕੀਤਾ ਹੈ ਅਤੇ ਖਰਚ ਸਰਕਾਰ ਕਰੇਗੀ। ਉਨ੍ਹਾਂ ਨੇ ਕਿਹਾ ਕਿ ਬਾਹਰੀ ਦੇਸ਼ਾਂ ਦੀ ਜਰੂਰਤਾਂ ਅਨੁਸਾਰ ਕੌਸ਼ਲ ਪ੍ਰਦਾਨ ਕਰਨ ਲਈ ਸਰਕਾਰ ਸੰਕਲਪਬੱਧ ਹੈ, ਇਸ ਲਈ ਵੱਖ-ਵੱਖ ਦੇਸ਼ਾਂ ਦੀ ਭਾਸ਼ਾਵਾਂ ਵਿਚ ਹਰਿਆਣਾ ਦੇ ਨੌਜੁਆਨਾਂ ਨੂੰ ਕੁਸ਼ਲ ਬਨਾਉਣ ਲਈ ਨੀਤੀ ਵੀ ਬਣਾਈ ਜਾ ਰਹੀ ਹੈ। ਇਸ ਤੋਂ ਇਲਾਵਾ, ਹਰਿਆਣਾ ਸਰਕਾਰ ਨੇ ਕੌਸ਼ਲ ਰੁਜਗਾਰ ਨਿਗਮ ਰਾਹੀਂ ਅਰਬ ਦੇਸ਼ਾਂ ਵਿਚ ਕੰਮ ਕਰਨ ਦੇ ਇਛੁੱਕ ਨੌਜੁਆਨਾਂ ਪੋਰਟਲ ਖੋਲਿਆ ਹੈ। ਇਸ ਪੋਰਟਲ 'ਤੇ ਯੁਵਾ ਆਪਣਾ ਰਜਿਸਟ੍ਰੇਸ਼ਣ ਕਰਵਾ ਕੇ ਸਹੀ ਢੰਗ ਨਾਲ ਵਿਦੇਸ਼ਾਂ ਵਿਚ ਕੰਮ ਕਰਨ ਜਾ ਸਕਦੇ ਹਨ। ਉਨ੍ਹਾਂ ਨੇ ਕਿਹਾ ਕਿ ਡੰਕੀ ਦੇ ਰਸਤੇ ਵਿਦੇਸ਼ ਜਾਣ ਵਾਲੇ ਨੌਜੁਆਨਾਂ ਨੂੰ ਸ਼ਰੀਰਿਕ ਤੇ ਆਰਥਕ ਪੀੜਾ ਤੋਂ ਜੂਝਣਾ ਪਿਆ ਹੈ ਅਤੇ ਕਈ ਵਾਰ ਉਨ੍ਹਾਂ ਦੀ ਜਾਨ ਨੂੰ ਵੀ ਖੋਖਿਮ ਹੋ ਜਾਂਦਾ ਹੈ।

ਕੌਮੀ ਪੱਤ੍ਰਿਕਾ

# ਪੰਜਾਬ ਪੁਲਿਸ ਨੇ ਸਰਹੱਦ ਪਾਰੋਂ ਨਸ਼ਿਆ ਦੀ ਤਸਕਰੀ ਦੇ ਨੈੱਟਵਰਕ ਦਾ ਕੀਤਾ ਪਰਦਾਫਾਸ਼; 5 ਕਿਲੋ ਹੈਰੋਇਨ ਸਮੇਤ ਮੁੱਖ ਸਰਗਨਾ ਕਾਬੂ

## ਗ੍ਰਿਫ਼ਤਾਰ ਮੁਲਜ਼ਮ ਪਾਕਿਸਤਾਨ ਅਧਾਰਤ ਤਸਕਰਾਂ ਦੇ ਸੰਪਰਕ ਵਿੱਚ ਸੀ, ਜੋ ਸਰਹੱਦ ਪਾਰੋਂ ਨਸ਼ਿਆਂ ਦੀ ਸਪਲਾਈ ਲਈ ਕਰ ਰਹੇ ਸਨ ਡਰੋਨ ਦੀ ਵਰਤੋਂ: ਡੀਜੀਪੀ ਗੌਰਵ ਯਾਦਵ

ਚੰਡੀਗੜ੍ਹ, 19 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਿਆਂ ਵਿਰੁੱਧ ਜਾਰੀ ਜੰਗ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ, ਤਰਨਤਾਰਨ ਪੁਲਿਸ ਨੇ ਪਾਕਿਸਤਾਨ ਤੋਂ ਹਮਾਇਤ ਪ੍ਰਾਪਤ ਨਸ਼ਾ ਤਸਕਰੀ ਕਾਰਟਲ ਦਾ ਪਰਦਾਫਾਸ਼ ਕਰਦਿਆਂ 5 ਕਿਲੋ ਹੈਰੋਇਨ ਸਮੇਤ ਗਿਰੋਹ ਦੇ ਮੁੱਖ ਸਰਗਨੇ ਨੂੰ ਗ੍ਰਿਫਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ। ਉਹਨਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਰਸ਼ਪਾਲ ਸਿੰਘ ਵਜੋਂ ਹੋਈ ਹੈ, ਜੋ ਕਿ ਤਰਨਤਾਰਨ ਦੇ ਪਿੰਡ ਭਾਈ ਲੱਧੂ ਦਾ ਰਹਿਣ ਵਾਲਾ ਹੈ। ਹੈਰੋਇਨ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਉਸਦਾ ਮੋਟਰਸਾਈਕਲ ਵੀ ਜ਼ਬਤ ਕਰ ਲਿਆ ਹੈ।

ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਉਕਤ ਮੁਲਜ਼ਮ ਪਾਕਿਸਤਾਨ-ਅਧਾਰਤ ਤਸਕਰਾਂ ਦੇ ਸਿੱਧੇ ਸੰਪਰਕ ਵਿੱਚ ਸੀ ਅਤੇ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਖੇਪ ਪ੍ਰਾਪਤ ਕਰ ਰਿਹਾ ਸੀ। ਉਨ੍ਹਾਂ ਅੱਗੇ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਪਾਕਿਸਤਾਨ-ਅਧਾਰਤ ਤਸਕਰ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਡਰੋਨ ਦੀ ਵਰਤੋਂ ਕਰ ਰਹੇ ਸਨ। ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਆਗਾਮੀ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।

ਆਪਰੇਸ਼ਨ ਦੇ ਵੇਰਵੇ ਸਾਂਝੇ ਕਰਦੇ ਹੋਏ, ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸਐਸਪੀ) ਤਰਨਤਾਰਨ ਅਭਿਮਨਿਊ ਰਾਣਾ ਨੇ ਕਿਹਾ ਕਿ ਭਰੋਸੇਯੋਗ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਐਸਪੀ (ਡੀ) ਅਜੈਰਾਜ ਸਿੰਘ, ਡੀਐਸਪੀ (ਡੀ) ਰਾਜਿੰਦਰ ਮਿਨਹਾਸ ਅਤੇ ਡੀਐਸਪੀ ਸਰਬਜੀਤ ਸਿੰਘ ਬਾਜਵਾ ਦੀ ਨਿਗਰਾਨੀ ਹੇਠ ਸੀਆਈਏ ਸਟਾਫ ਦੇ ਇੰਚਾਰਜ ਇੰਸਪੈਕਟਰ ਅਮਨਦੀਪ ਸਿੰਘ ਦੀ ਅਗਵਾਈ ਵਿੱਚ ਪੁਲਿਸ ਟੀਮ ਨੇ ਆਪ੍ਰੇਸ਼ਨ ਚਲਾਇਆ ਅਤੇ ਪਿੰਡ ਭਾਈ ਲੱਧੂ ਦੇ ਖੇਤਰ ਵਿੱਚੋਂ 5 ਕਿਲੋ ਹੈਰੋਇਨ ਸਮੇਤ ਰਸ਼ਪਾਲ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਐਸਐਸਪੀ ਨੇ ਕਿਹਾ ਕਿ ਸਪਲਾਇਰਾਂ, ਡੀਲਰਾਂ ਅਤੇ ਖਰੀਦਦਾਰਾਂ ਦੇ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਦੇ ਨਾਲ-ਨਾਲ ਗ੍ਰਿਫ਼ਤਾਰ ਵਿਅਕਤੀ ਦੁਆਰਾ ਹੁਣ ਤੱਕ ਖਰੀਦੇ ਗਏ ਨਸ਼ਿਆਂ ਦੀ ਕੁੱਲ ਮਾਤਰਾ ਦਾ ਪਤਾ ਲਗਾਉਣ ਲਈ ਯਤਨ ਜਾਰੀ ਹਨ।

ਇਸ ਸਬੰਧੀ ਥਾਣਾ ਸਦਰ ਪੱਟੀ, ਤਰਨਤਾਰਨ ਵਿਖੇ ਐਨਡੀਪੀਐਸ ਐਕਟ ਦੀ ਧਾਰਾ 21(ਸੀ) ਤਹਿਤ ਐਫਆਈਆਰ ਨੰਬਰ 06 ਮਿਤੀ 19 ਜਨਵਰੀ, 2025 ਨੂੰ ਦਰਜ ਕੀਤੀ ਗਈ ਹੈ।

# ਹੀਰੋ ਮੋਟੋਕਾਰਪ ਨੇ ਨਵੀਂ ਡੈਸਟੀਨੀ 125 ਲਾਂਚ ਕੀਤੀ

ਲੁਧਿਆਣਾ, 19 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਦੁਨੀਆ ਦੀ ਸਭ ਤੋਂ ਵੱਡੀ ਮੋਟਰਸਾਈਕਲ ਅਤੇ ਸਕੂਟਰ ਨਿਰਮਾਤਾ ਕੰਪਨੀ ਹੀਰੋ ਮੋਟੋਕਾਰਪ ਨੇ ਨਵੀਂ ਡੈਸਟੀਨੀ 125 ਲਾਂਚ ਕੀਤੀ ਹੈ। ਇਹ 125** ਸਕੂਟਰ ਸੈਗਮੈਂਟ ਵਿੱਚ ਆਪਣੀ ਪਛਾਣ ਬਣਾਉਣ ਲਈ ਤਿਆਰ ਹੈ। ਨਵੀਂ ਡੈਸਟੀਨੀ 125 ਆਧੁਨਿਕ ਤਕਨਾਲੋਜੀ, ਸ਼ਾਨਦਾਰ ਮਾਈਲੇਜ ਅਤੇ ਭਰੋਸੇਮੰਦ ਪ੍ਰਦਰਸ਼ਨ ਦਾ ਇੱਕ ਵਿਲੱਖਣ ਸੁਮੇਲ ਹੈ, ਜੋ ਇਸਨੂੰ ਸ਼ਹਿਰ ਵਿੱਚ ਰੋਜ਼ਾਨਾ ਸਵਾਰੀ ਲਈ ਇੱਕ ਵਧੀਆ ਵਿਕਲਪ ਬਣਾਉਂਦਾ ਹੈ। ਇਹ ਸਕੂਟਰ ਪ੍ਰਦਰਸ਼ਨ ਅਤੇ ਵਿਹਾਰਕਤਾ ਦਾ ਇੱਕ ਵਧੀਆ ਮਿਸ਼ਰਣ ਹੈ, ਜੋ ਸ਼ਹਿਰੀ ਯਾਤਰਾਵਾਂ ਨੂੰ ਆਸਾਨ ਅਤੇ ਸੁਵਿਧਾਜਨਕ ਬਣਾਉਂਦੇ ਹੋਏ ਸਵਾਰੀਆਂ ਦੀਆਂ ਸਾਰੀਆਂ ਉਮੀਦਾਂ ਨੂੰ ਪੂਰਾ ਕਰਦਾ ਹੈ। ਨਵੀਂ ਡੈਸਟੀਨੀ 125 ਹੀਰੋ ਮੋਟੋਕਾਰਪ ਦੀ ਨਵੀਂ ਤਕਨਾਲੋਜੀ ਅਤੇ ਨਵੀਨਤਾ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਇਸ ਵਿੱਚ 30 ਪੇਟੈਂਟ ਅਰਜ਼ੀਆਂ ਅਤੇ ਸੈਗਮੈਂਟ-ਫਸਟ ਵਿਸ਼ੇਸ਼ਤਾਵਾਂ ਜਿਵੇਂ ਕਿ ਇਲੂਮੀਨੇਟਡ ਸਟਾਰਟ ਸਵਿੱਚ ਅਤੇ ਆਟੋ-ਕੈਂਸਲ ਵਿੰਕਰ ਸ਼ਾਮਲ ਹਨ। ਇਹ ਵਿਸ਼ੇਸ਼ਤਾਵਾਂ ਨਾ ਸਿਰਫ਼ ਸਵਾਰ ਨੂੰ ਸਹੂਲਤ ਪ੍ਰਦਾਨ ਕਰਦੀਆਂ ਹਨ ਬਲਕਿ ਉਨ੍ਹਾਂ ਦੀ ਸੁਰੱਖਿਆ ਨੂੰ ਵੀ ਵਧਾਉਂਦੀਆਂ ਹਨ। ਡੈਸਟੀਨੀ 125 ਨੂੰ ਖਾਸ ਤੌਰ 'ਤੇ ਪਰਿਵਾਰਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਤਿਆਰ ਕੀਤਾ ਗਿਆ ਹੈ। ਇਹ ਸਕੂਟਰ ਆਪਣੇ ਸੈਗਮੈਂਟ ਵਿੱਚ ਸਭ ਤੋਂ ਵਧੀਆ ਮਾਈਲੇਜ ਦਿੰਦਾ ਹੈ, ਜੋ ਇੱਕ ਲੀਟਰ ਵਿੱਚ 59 ਕਿਲੋਮੀਟਰ ਤੱਕ ਜਾ ਸਕਦਾ ਹੈ। ਇਸ ਵਿੱਚ ਕਾਫ਼ੀ ਲੱਤਾਂ ਦੀ ਜਗ੍ਹਾ ਅਤੇ ਇੱਕ ਵੱਡਾ ਫਲੋਰਬੋਰਡ ਹੈ, ਜੋ ਸਵਾਰ ਅਤੇ ਪਿੱਛੇ ਬੈਠਣ ਵਾਲੇ ਲਈ ਵਧੇਰੇ ਆਰਾਮ ਯਕੀਨੀ ਬਣਾਉਂਦਾ ਹੈ। ਲੰਬੀ ਸੀਟ ਇਸ ਸਕੂਟਰ ਨੂੰ ਹਰ ਸਵਾਰੀ 'ਤੇ ਆਰਾਮਦਾਇਕ ਸਵਾਰੀ ਬਣਾਉਂਦੀ ਹੈ।

ਇਹ ਸਕੂਟਰ ਨਾ ਸਿਰਫ਼ ਸਟਾਈਲਿਸ਼ ਅਤੇ ਸਮਾਰਟ ਹੈ, ਸਗੋਂ ਇਹ ਕਿਫ਼ਾਇਤੀ ਅਤੇ ਯਾਤਰਾ ਕਰਨ ਲਈ ਆਰਾਮਦਾਇਕ ਵੀ ਹੈ। ਇਸਦਾ ਸ਼ਾਨਦਾਰ ਡਿਜ਼ਾਈਨ ਅਤੇ ਆਧੁਨਿਕ ਵਿਸ਼ੇਸ਼ਤਾਵਾਂ ਇਸਨੂੰ ਖਾਸ ਬਣਾਉਂਦੀਆਂ ਹਨ। ਇਹ ਸਕੂਟਰ ਇੱਕ ਨਵੇਂ ਡਿਜੀਟਲ ਸਪੀਡੋਮੀਟਰ, 190** ਫਰੰਟ ਡਿਸਕ ਬ੍ਰੇਕ, ਅੱਪਗ੍ਰੇਡ ਕੀਤਾ 12/12 ਪਲੇਟਫਾਰਮ ਅਤੇ ਚੌੜਾ ਰੀਅਰ ਟਾਇਰ ਦੇ ਨਾਲ ਆਉਂਦਾ ਹੈ।

# ਸਟਾਫ਼ ਦੀ ਘਾਟ ਨਾਲ ਜੂਝ ਰਿਹੈ ਸਿਵਲ ਹਸਪਤਾਲ ਸਮਾਣਾ

ਸਮਾਣਾ, 19 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਿਵਲ ਹਸਪਤਾਲ ਸਮਾਣਾ 'ਚ ਡਾਕਟਰਾਂ, ਰੇਡੀਓਗ੍ਰਾਫਰ, ਨਰਸਾਂ ਤੇ ਪੈਰਾ-ਮੈਡੀਕਲ ਸਟਾਫ਼ ਦੀ ਘਾਟ ਕਾਰਨ ਜਿੱਥੇ ਮਰੀਜ਼ਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉੱਥੇ ਇਹ ਹਸਪਤਾਲ ਹੁਣ ਮਹਿਜ਼ 'ਰੈਫ਼ਰ ਹਸਪਤਾਲ' ਹੀ ਬਣ ਕੇ ਰਹਿ ਗਿਆ ਹੈ। ਹਸਪਤਾਲ ਵਿੱਚ ਇਲਾਜ ਲਈ ਦੂਰੋਂ-ਨੇੜਿਓਂ ਆਏ ਸੈਂਕੜੇ ਮਰੀਜ਼ਾਂ ਨੇ ਦੱਸਿਆ ਕਿ ਉਹ ਦਵਾਈ ਅਤੇ ਇਲਾਜ ਲਈ ਕੜਾਕੇ ਦੀ ਠੰਢ ਵਿੱਚ ਆਏ ਹਨ, ਪਰ ਸਬੰਧਤ ਇਲਾਜ ਲਈ ਡਾਕਟਰ ਨਾ ਮਿਲਣ ਕਾਰਨ ਉਨ੍ਹਾਂ ਨੂੰ ਨਿਰਾਸ਼ ਹੋ ਕੇ ਮੁੜਨਾ ਪੈ ਰਿਹਾ ਹੈ। ਔਰਤਾਂ ਨੇ ਇਹ ਵੀ ਦੱਸਿਆ ਕਿ ਹਸਪਤਾਲ ਵਿੱਚ ਕਈ ਮਹੀਨਿਆਂ ਤੋਂ ਮਹਿਲਾ ਰੋਗ ਮਾਹਿਰ ਡਾਕਟਰ ਨਾ ਹੋਣ ਕਾਰਨ ਉਨ੍ਹਾਂ ਨੂੰ ਪ੍ਰਾਈਵੇਟ ਹਸਪਤਾਲਾਂ, ਰਾਜਿੰਦਰਾ ਹਸਪਤਾਲ ਅਤੇ ਮਾਤਾ ਕੁਸ਼ੱਲਿਆ ਹਸਪਤਾਲ ਪਟਿਆਲਾ ਜਾਣਾ ਪੈਂਦਾ ਹੈ। ਇਸ ਸਬੰਧੀ ਡੈਪੂਟੇਸ਼ਨ 'ਤੇ ਤਾਇਨਾਤ ਮਹਿਲਾ ਰੋਗ ਮਾਹਿਰ ਡਾਕਟਰ ਨੇ ਮੰਨਿਆ ਕਿ ਜ਼ੱਚਾ-ਬੱਚਾ ਦੀ ਸੰਭਾਲ ਤੇ ਹਸਪਤਾਲ ਵਿੱਚ ਓ.ਪੀ.ਡੀ. ਮਰੀਜ਼ਾਂ ਦੀ ਗਿਣਤੀ ਰੋਜ਼ਾਨਾ ਕਰੀਬ 200 ਮੁਤਾਬਿਕ ਰੈਗੂਲਰ ਡਾਕਟਰ ਦੀ ਜ਼ਰੂਰਤ ਹੈ। ਉਨ੍ਹਾਂ ਮੰਨਿਆ ਕਿ ਡਲਿਵਰੀ ਉਪਰੰਤ ਡਾਕਟਰ ਤੇ ਸਟਾਫ਼ ਨਰਸਾਂ ਦਾ ਹਸਪਤਾਲ ਵਿੱਚ ਨਾ ਹੋਣਾ ਜੱਚਾ-ਬੱਚਾ ਲਈ ਪ੍ਰੇਸ਼ਾਨੀ ਵਾਲੀ ਗੱਲ ਹੈ। ਇਸ ਸਬੰਧੀ ਕਾਰਜਕਾਰੀ ਸੀਨੀਅਰ ਮੈਡੀਕਲ ਜਤਿਨ ਡਾਹਰਾ ਨੇ ਹਸਪਤਾਲ ਵਿੱਚ ਉਕਤ ਸਟਾਫ਼ ਦੀ ਘਾਟ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਉੱਚ-ਅਧਿਕਾਰੀਆਂ ਰਾਹੀਂ ਜਾਣੂ ਕਰਵਾ ਕੇ ਪੰਜਾਬ ਸਰਕਾਰ ਤੋਂ ਸਟਾਫ਼ ਪੂਰਾ ਕਰਨ ਦੀ ਮੰਗ ਕੀਤੀ ਹੋਈ ਹੈ। ਜ਼ਿਕਰਯੋਗ ਹੈ ਕਿ ਕਰੀਬ ਤਿੰਨ ਦਹਾਕੇ ਪਹਿਲਾਂ ਸਿਵਲ ਹਸਪਤਾਲ ਦੀ ਨਵੀਂ ਇਮਾਰਤ ਬਣਾ ਕੇ 25 ਤੋਂ 100 ਬਿਸਤਰ ਦਾ ਹਸਪਤਾਲ ਅੱਪਗ੍ਰੇਡ ਕੀਤਾ ਗਿਆ ਸੀ ਪਰ ਉਸ ਸਮੇਂ ਤੋਂ ਹੀ ਅੱਜ ਤੱਕ ਇਸ ਹਸਪਤਾਲ 'ਚ ਕਿਸੇ ਵੀ ਸਰਕਾਰ ਵੱਲੋਂ ਸਟਾਫ਼ ਪੂਰਾ ਨਹੀਂ ਕੀਤਾ ਗਿਆ ਤੇ ਨਾ ਹੀ 100 ਬਿਸਤਰ ਦਾ ਹਸਪਤਾਲ ਬਣ ਸਕਿਆ ਹੈ ਜਦੋਂਕਿ ਇਸ ਹਸਪਤਾਲ 'ਚ ਹਰਿਆਣਾ ਨੇੜਲੇ ਨਰਵਾਣਾ, ਟੋਹਾਣਾ ਅਤੇ ਚੀਕਾ ਤੋਂ ਵੀ ਇਲਾਜ ਲਈ ਮਰੀਜ਼ ਆਉਂਦੇ ਹਨ। ਹਸਪਤਾਲ 'ਚ ਚੱਲ ਰਹੀ ਡਾਕਟਰਾਂ ਤੇ ਸਟਾਫ ਦੀ ਘਾਟ ਸਬੰਧੀ ਮਹਿਲਾ ਕਾਂਗਰਸ ਪੰਜਾਬ ਦੀ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਨੇ ਪੰਜਾਬ ਸਰਕਾਰ ਨੂੰ ਅਪੀਲ ਕਰਦਿਆਂ ਹਸਪਤਾਲ ਵਿੱਚ ਸਟਾਫ਼ ਪੂਰਾ ਕਰਨ ਦੀ ਮੰਗ ਕੀਤੀ। ਉਨ੍ਹਾਂ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਹਸਪਤਾਲ ਵਿੱਚ ਡਾਕਟਰਾਂ ਦੀ ਘਾਟ ਨੂੰ ਜਲਦੀ ਪੂਰਾ ਨਾ ਕੀਤਾ ਗਿਆ ਤਾਂ ਉਹ ਔਰਤਾਂ ਨੂੰ ਨਾਲ ਲੈ ਕੇ ਸੰਘਰਸ ਲਈ ਮਜਬੂਰ ਹੋਣਗੇ।

# ਲੋਕ ਸੰਪਰਕ ਵਿਭਾਗ ਨੇ ਕਰਵਾਇਆ ਦਸਮ ਪਿਤਾ ਦੇ ਪ੍ਰਕਾਸ਼ ਪੁਰਬ ਅਤੇ ਸਰਬੱਤ ਦੇ ਭਲੇ ਨੂੰ ਸਮਰਪਿਤ ਤੀਸਰਾ ਧਾਰਮਿਕ ਸਮਾਗਮ

ਚੰਡੀਗੜ੍ਹ, 19 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-



- ਪੰਜਾਬ ਦੇ ਸੂਚਨਾ ਅਤੇ ਲੋਕ ਸੰਪਰਕ ਵਿਭਾਗ ਵੱਲੋਂ ਅੱਜ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅਤੇ ਨਵੇਂ ਵਰ੍ਹੇ ਦੀ ਆਮਦ ਮੌਕੇ ਸਰਬੱਤ ਦੇ ਭਲੇ ਲਈ ਤੀਸਰਾ ਧਾਰਮਿਕ ਸਮਾਗਮ ਕਰਵਾਇਆ ਗਿਆ।

ਇੱਥੇ ਪੰਜਾਬ ਸਿਵਲ ਸਕੱਤਰੇਤ-1 ਸਥਿਤ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਗੁਰਦੁਆਰਾ ਸਾਹਿਬ ਸੈਕਟਰ-11 ਦੇ ਗ੍ਰੰਥੀ ਭਾਈ ਕਸ਼ਮੀਰ ਸਿੰਘ ਵੱਲੋਂ ਸੰਗਤੀ ਰੂਪ ਵਿੱਚ ਸੁਖਮਨੀ ਸਾਹਿਬ ਦੇ ਪਾਠ ਕੀਤੇ ਗਏ।

ਇਸ ਉਪਰੰਤ ਪ੍ਰਸਿੱਧ ਕੀਰਤਨੀਏ ਭਾਈ ਗੁਰਮੀਤ ਸਿੰਘ ਸ਼ਾਂਤ ਅਤੇ ਉਨ੍ਹਾਂ ਦੇ ਜਥੇ ਨੇ ਤੰਤੀ ਸਾਜ਼ਾਂ ਨਾਲ ਬਸੰਤ ਮਹੀਨੇ ਦੇ ਰਾਗਾਂ ਵਿੱਚ ਰਸਭਿੰਨਾ ਗੁਰਬਾਣੀ ਕੀਰਤਨ ਕੀਤਾ।

ਸਮਾਗਮ ਦੌਰਾਨ ਕੈਬਨਿਟ ਮੰਤਰੀ ਤੇ ਆਪ ਦੇ ਸੂਬਾ ਪ੍ਰਧਾਨ ਸ੍ਰੀ ਅਮਨ ਅਰੋੜਾ, ਲੋਕ ਸਭਾ ਮੈਂਬਰ ਸ੍ਰੀ ਗੁਰਮੀਤ ਸਿੰਘ ਮੀਤ ਹੇਅਰ, ਮੁੱਖ ਮੰਤਰੀ ਦੇ ਓ.ਐਸ.ਡੀ. (ਮੀਡੀਆ) ਸ੍ਰੀ ਆਦਿਲ ਆਜ਼ਮੀ, ਵਿੱਤ ਕਮਿਸ਼ਨਰ (ਮਾਲ) ਸ੍ਰੀ ਅਨੁਰਾਗ ਵਰਮਾ, ਸਕੱਤਰ ਆਮ ਰਾਜ ਪ੍ਰਬੰਧ ਸ੍ਰੀਮਤੀ ਗੁਰਪ੍ਰੀਤ ਕੌਰ ਸਪਰਾ, ਪਨਸਪ ਦੇ ਐਮ.ਡੀ. ਸ੍ਰੀਮਤੀ ਸੋਨਾਲੀ ਗਿਰਿ, ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਡਾਇਰੈਕਟਰ ਸ੍ਰੀ ਵਿਮਲ ਕੁਮਾਰ ਸੇਤੀਆ, ਏ.ਡੀ.ਜੀ.ਪੀ. (ਟ੍ਰੈਫਿਕ) ਸ੍ਰੀ ਅਮਰਦੀਪ ਸਿੰਘ ਰਾਏ, ਆਈ.ਜੀ. (ਹੈੱਡਕੁਆਟਰ) ਸ੍ਰੀ ਸੁਖਚੈਨ ਸਿੰਘ ਗਿੱਲ, ਲੋਕ ਸੰਪਰਕ ਵਿਭਾਗ ਦੇ ਵਧੀਕ ਡਾਇਰੈਕਟਰ ਸ੍ਰੀ ਸੰਦੀਪ ਸਿੰਘ ਗੜ੍ਹਾ, ਮੁੱਖ ਮੰਤਰੀ ਦੇ ਡਿਪਟੀ ਪ੍ਰਮੁੱਖ ਸਕੱਤਰ ਸ੍ਰੀ ਜਗਨੂਰ ਸਿੰਘ ਗਰੇਵਾਲ ਤੋਂ ਇਲਾਵਾ ਸੂਚਨਾ ਤੇ ਲੋਕ ਸੰਪਰਕ ਵਿਭਾਗ ਅਤੇ ਪੰਜਾਬ ਸਿਵਲ ਸਕੱਤਰੇਤ ਦੇ ਸਟਾਫ਼ ਨੇ ਭਰਵੀਂ ਹਾਜ਼ਰੀ ਲੁਆਈ।

ਇਸ ਦੌਰਾਨ ਜਿੱਥੇ ਪੱਤਰਕਾਰ ਭਾਈਚਾਰਾ, ਪੰਜਾਬ ਸਿਵਲ ਸਕੱਤਰੇਤ-1, ਪੰਜਾਬ ਸਿਵਲ ਸਕੱਤਰੇਤ-2 ਦੇ ਵੱਖ-ਵੱਖ ਵਿਭਾਗਾਂ ਅਤੇ ਪੰਜਾਬ ਵਿਧਾਨ ਸਭਾ ਦੇ ਸਟਾਫ਼ ਸਮੇਤ ਡੀ.ਆਈ.ਪੀ.ਆਰ. ਦੇ ਸੇਵਾਮੁਕਤ ਅਧਿਕਾਰੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ, ਉਥੇ ਗੁਰਦੁਆਰਾ ਸਾਹਿਬ ਸ਼ਾਹਪੁਰ ਸੈਕਟਰ -38, ਕਮਲ ਸਾਊਂਡ ਧੂਰੀ ਅਤੇ ਸੀ.ਆਈ.ਐਸ.ਐਫ ਦਾ ਵਿਸ਼ੇਸ਼ ਸਹਿਯੋਗ ਰਿਹਾ।

ਸਮਾਗਮ ਮੌਕੇ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਐਕਟਿੰਗ ਪ੍ਰਧਾਨ ਬਣਨ ਤੇ ਸੱਜਣਾਂ ਮਿੱਤਰਾਂ ਨੇ ਦਿੱਤੀਆਂ ਵਧਾਈਆਂ



ਘੱਗਾ, 19 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਘੱਗਾ ਸ਼ਹਿਰ ਵਿਚ ਦਸੰਬਰ ਮਹੀਨੇ ਦੇ ਅਖੀਰ ਵਿਚ ਹੋਈਆਂ ਨਗਰ ਪੰਚਾਇਤ ਚੋਣਾਂ ਵਿੱਚ ਚੁਣੇ ਗਏ ਐਮ ਸੀ ਵਿਚੋਂ ਪ੍ਰਧਾਨ ਅਤੇ ਐਕਟਿੰਗ ਪ੍ਰਧਾਨ ਦੀ ਚੋਣ ਕੀਤੀ ਗਈ ਜਿਸ ਵਿੱਚ ਸ਼ਕਤੀ ਗੋਇਲ ਨੂੰ ਐਕਟਿੰਗ ਪ੍ਰਧਾਨ ਬਣਨ ਤੇ ਉਨ੍ਹਾਂ ਨੂੰ ਚਾਹੁਣ ਵਾਲੇ ਸੱਜਣ ਮਿੱਤਰ ਵਧਾਈਆਂ ਦੇਣ ਲਈ ਪਹੁੰਚ ਗਏ।

ਸ਼ਕਤੀ ਗੋਇਲ ਦੇ ਨਗਰ ਪੰਚਾਇਤ ਘੱਗਾ ਦੇ ਐਕਟਿੰਗ ਪ੍ਰਧਾਨ ਉਪਰੰਤ ਵਧਾਈਆਂ ਦੇਣ ਪਹੁੰਚੇ ਅਜੇ ਗੋਇਲ, ਐਮ ਸੀ ਜੱਸ ਘੱਗਾ, ਠੇਕੇਦਾਰ ਲਾਡੀ ਘੱਗਾ, ਕੁਲਵੰਤ ਸੋਹਲ, ਸੋਨੂੰ ਗੋਇਲ, ਪੱਤਰਕਾਰ ਕੀਰਤੀ ਗਰਗ, ਗੋਲਡੀ ਗੋਇਲ ਨੇ ਦੱਸਿਆ ਕਿ ਉਨ੍ਹਾਂ ਦਾ ਸਾਥੀ ਸ਼ਕਤੀ ਗੋਇਲ ਬਹੁਤ ਨੇਕ ਦਿਲ ਵਿਆਕਤੀ ਹੈ ਅਤੇ ਉਹ ਆਪਣੀ ਵਾਰਡ ਨੂੰ ਸਾਫ਼ ਸੁਥਰਾ ਰੱਖਣ ਅਤੇ ਵੇਖਣਾ ਚਾਹੁੰਦੇ ਹਨ ਜਿਸ ਲਈ ਉਹ ਹਰ ਤਰੀਕੇ ਮੇਹਨਤ ਕਰਕੇ ਲੋਕਾਂ ਦਾ ਵਿਕਾਸ ਕਰਨਗੇ। ਕਿਉਂਕਿ ਲੋਕਾਂ ਵੱਲੋਂ ਉਨ੍ਹਾਂ ਨੂੰ ਬਹੁਤ ਵਧੀਆ ਵੋਟਾਂ ਪਾਕੇ ਏਸ ਮੁਕਾਮ ਤੇ ਪਹੁੰਚਾਇਆ ਹੈ ਅਤੇ ਉਹ ਲੋਕਾਂ ਲਈ ਦਿਨ ਰਾਤ ਇਕ ਕਰਕੇ ਘੱਗਾ ਦਾ ਵਿਕਾਸ ਕਰਨਗੇ।

# ਆਰਟੀਏ ਦਫ਼ਤਰ 'ਚ ਸਥਾਪਤ 'ਨਵਾਂ ਬੈਂਕ' ਮੁਹੱਈਆ ਕਰਵਾਏਗਾ ਹੈਲਮੇਟ

ਪਟਿਆਲਾ, 19 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਫਾਊਂਡੇਸ਼ਨ ਦੇ 'ਸੜਕ' ਪ੍ਰਾਜੈਕਟ ਦੇ ਮੁਖੀ ਰਵੀ ਆਹਲੂਵਾਲੀਆ ਦੇ ਯਤਨਾਂ ਸਦਕਾ ਸਕੱਤਰ ਰਿਜਨਲ ਟਰਾਂਸਪੋਰਟ ਅਥਾਰਿਟੀ (ਆਰਟੀਏ) ਨਮਨ ਮੜਕਨ ਦੀ ਦੇਖ-ਰੇਖ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਸਥਿਤ ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ ਆਰਟੀਏ ਦੇ ਦਫ਼ਤਰ ਵਿੱਚ 'ਨਵਾਂ ਬੈਂਕ' ਸਥਾਪਤ ਕੀਤਾ ਗਿਆ ਹੈ। ਇਸ ਬੈਂਕ ਵਿੱਚੋਂ ਲੋੜਵੰਦਾਂ ਨੂੰ ਹੈਲਮੇਟ ਮੁਫ਼ਤ ਮਿਲਣਗੇ। ਇਸ ਬੈਂਕ ਦਾ ਉਦਘਾਟਨ ਕਰਦਿਆਂ ਨਮਨ ਮੜਕਨ ਤੇ ਰਵੀ ਆਹਲੂਵਾਲੀਆ ਵੱਲੋਂ ਕਈ ਦੋਪਹੀਆ ਵਾਹਨ ਚਾਲਕਾਂ ਨੂੰ ਹੈਲਮੇਟ ਵੀ ਦਿੱਤੇ ਗਏ। ਸ੍ਰੀ ਮੜਕਨ ਨੇ ਦੱਸਿਆ ਕਿ ਹੈਲਮੇਟ ਬੈਂਕ ਦਾ ਮੁੱਖ ਮੰਤਵ ਆਰਟੀਏ ਦਫ਼ਤਰ ਦੇ ਸਟਾਫ਼ ਅਤੇ ਹੋਰ ਦਫ਼ਤਰਾਂ ਦੇ ਅਮਲੇ ਸਮੇਤ ਆਮ ਲੋਕਾਂ ਨੂੰ ਹੈਲਮੇਟ ਮੁਹੱਈਆ ਕਰਵਾਉਣਾ ਹੈ।

ਉਨ੍ਹਾਂ ਕਿਹਾ ਕਿ ਮੁਲਾਜ਼ਮਾਂ ਨੂੰ ਇੱਕ ਆਦਰਸ਼ ਨਾਗਰਿਕ ਵਜੋਂ ਸੁਰੱਖਿਅਤ ਆਵਾਜਾਈ ਲਈ ਸੜਕੀ ਨੇਮਾਂ ਦੀ ਪਾਲਨਾ ਕਰਨ ਦਾ ਪਾਬੰਦ ਬਣਾਉਂਦਿਆਂ ਆਪਣਾ ਹੈਲਮੇਟ ਖਰੀਦਣ ਮਗਰੋਂ ਬੈਂਕ 'ਚੋਂ ਲਿਆ ਹੈਲਮੇਟ ਵਾਪਸ ਕਰਨ ਸਮੇਂ ਇੱਕ-ਇੱਕ ਹੈਲਮੇਟ ਇਸ ਬੈਂਕ ਨੂੰ ਦੇਣ ਲਈ ਪ੍ਰੇਰਿਤ ਕੀਤਾ ਗਿਆ ਹੈ। ਸ੍ਰੀ ਮੜਕਨ ਨੇ ਨੇ ਕਿਹਾ ਕਿ ਸੜਕ ਸੁਰੱਖਿਆ ਸਾਡੀ ਜੀਵਨ ਸ਼ੈਲੀ ਦਾ ਹਿੱਸਾ ਬਣਨਾ ਚਾਹੀਦਾ ਹੈ ਤਾਂ ਕਿ ਇੱਕ ਆਦਰਸ਼ ਨਾਗਰਿਕ ਵਜੋਂ ਸਾਡੇ ਕੀਤੇ ਕੰਮਾਂ ਦਾ ਸਾਡੇ ਬੱਚਿਆਂ 'ਤੇ ਵੀ ਚੰਗਾ ਪ੍ਰਭਾਵ ਪਵੇ। ਉਨ੍ਹਾਂ ਕਿਹਾ ਕਿ ਦੋਪਹੀਆ ਵਾਹਨ ਚਾਲਕਾਂ ਲਈ ਹੈਲਮੇਟ ਪਾਉਣਾ ਬਿਮਾਰ ਬੰਦੇ ਲਈ ਆਕਸੀਜਨ ਮਾਸਕ ਪਾਉਣ ਦੇ ਬਰਾਬਰ ਹੈ, ਇਸ ਲਈ ਇਕੱਲਾ ਚਾਲਕ ਹੀ ਨਹੀਂ ਬਲਕਿ ਉਸਦੇ ਪਿੱਛੇ ਬੈਠਕੇ ਸਫ਼ਰ ਕਰਨ ਵਾਲੇ ਨੂੰ ਵੀ ਹੈਲਮੇਟ ਪਾਉਣਾ ਚਾਹੀਦਾ ਹੈ। ਇਸ ਦੌਰਾਨ ਪਟਿਆਲਾ ਫਾਊਂਡੇਸ਼ਨ ਦੇ ਚੀਫ਼ ਫੰਕਸ਼ਨਰੀ ਰਵੀ ਆਹਲੂਵਾਲੀਆ ਨੇ ਦੱਸਿਆ ਕਿ ਜਿਹੜੇ ਨਾਗਰਿਕਾਂ ਕੋਲ ਹੈਲਮੇਟ ਨਹੀਂ ਹੈ, ਉਹ ਇਸ ਬੈਂਕ ਤੋਂ ਹੈਲਮੇਟ ਉਧਾਰ ਲੈਕੇ ਦੋਪਹੀਆ ਵਾਹਨ ਚਲਾਉਂਦੇ ਸਮੇਂ ਆਪਣੀ ਸੁਰੱਖਿਆ ਲਈ ਹੈਲਮੇਟ ਪਾਉਣ ਦੀ ਆਦਤ ਪਾਉਣ।

# ਜੰਗਲਾਂ ਵਰਕਰਾਂ ਨੂੰ ਕੰਮ ਤੋਂ ਹਟਾਉਣ ਵਿਰੁੱਧ ਕੀਤਾ ਰੋਸ ਪ੍ਰਦਰਸ਼ਨ : ਜਗਮੋਹਨ ਸਿੰਘ ਨੋਲੱਖਾ



ਪਟਿਆਲਾ, 19 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ 1680 ਦੀ ਜਿਲਾ ਸਬ ਕਮੇਟੀ ਜੰਗਲਾਤ ਵਿਭਾਗ, ਜੰਗਲੀ ਜੀਵ, ਜੰਗਲਾਤ ਕਾਰਪੋਰੇਸ਼ਨ ਦੇ ਵਰਕਰਾਂ ਨੇ ਜੰਗਲਾਤ ਵਿਭਾਗ ਦੀ ਅਫਸਰਸ਼ਾਹੀ ਵਿਰੁੱਧ ਰੋਸ ਪ੍ਰਦਰਸ਼ਨ ਸੀ.ਐਫ. ਦਫਤਰ ਪਟਿਆਲਾ ਅਤੇ ਵਣ ਮੰਡਲ ਦਫਤਰ ਪਟਿਆਲਾ ਵਿਖੇ ਕੰਮ ਤੋ ਹਟਾਏ ਵਰਕਰਾਂ, 100 ਤੋਂ ਵੱਧ ਵਰਕਰਾਂ ਨੂੰ ਕੰਮ ਤੋਂ ਹਟਾਇਆ ਗਿਆ। ਜ਼ੋ ਵਰਕਰ 25-30 ਸਾਲਾ ਤੋਂ ਜੰਗਲਾਤ ਵਿਭਾਗ ਵਿੱਚ ਕੰਮ ਕਰਦੇ ਚਲੇ ਆ ਰਹੇ ਸਨ।

ਪੰਜਾਬ ਸਰਕਾਰ ਨੇ ਜਿਹਨਾਂ ਨਾਲ ਵੋਟਾਂ ਤੋਂ ਪਹਿਲਾਂ ਐਲਾਨ ਕੀਤਾ ਸੀ ਕਿ ਇਹਨਾਂ ਵਰਕਰਾਂ ਨੂੰ ਕੰਮ ਤੇ ਪੱਕਾ ਕੀਤਾ ਜਾਵੇਗਾ। ਉਹਨਾਂ ਦਾ ਰੁਜਗਾਰ ਖੋਹਣ ਵਿਰੁੱਧ ਫੈਸਲਾ ਕੀਤਾ ਗਿਆ। ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਜਗਮੋਹਨ ਸਿੰਘ ਨੋਲੱਖਾ ਨੇ ਐਲਾਨ ਕੀਤਾ ਕਿ ਮਿਤੀ 20-01-2025 ਤੋਂ ਪੱਕਾ ਮੋਰਚਾ ਲਗਾਇਆ ਜਾਵੇਗਾ। ਜਿਸ ਦੀ ਸਾਰੀ ਜੁਮੇਵਾਰੀ ਪੰਜਾਬ ਸਰਕਾਰ ਅਤੇ ਜੰਗਲਾਤ ਅਧਿਕਾਰੀਆਂ ਦੀ ਹੋਵੇਗੀ। ਪੰਜਾਬ ਸਰਕਾਰ ਅਤੇ ਜੰਗਲਾਤ ਅਧਿਕਾਰੀਆਂ ਦੀ ਹੋਵੇਗੀ। ਇਹ ਮੋਰਚਾ ਉਦੋਂ ਤੱਕ ਜਾਰੀ ਰਹੇਗਾ ਜਦੋਂ ਤੱਕ ਵਰਕਰਾਂ ਨੂੰ ਕੰਮ ਤੇ ਨਹੀਂ ਰੱਖਿਆ ਜਾਂਦਾ।

ਅੱਜ ਦੇ ਰੋਸ ਮਾਰਚ ਵਿੱਚ ਸਾਰੀਆਂ ਰੇਜਾਂ ਦੇ ਪ੍ਰਧਾਨ ਦਰਸ਼ਨ ਸਿੰਘ ਮੁਲਵਾਲ, ਤਰਲੋਚਨ ਸਿੰਘ ਮਾੜੂ, ਤਰਲੋਚਨ ਗਿਰ, ਜ਼ਸਵਿੰਦਰ ਸਿੰਘ, ਬਲਵਿੰਦਰ ਸਿੰਘ, ਨਛੱਤਰ ਸਿੰਘ ਲਾਛੜੂ, ਸ਼ਾਮ ਸਿੰਘ, ਗੋਲਡੀ ਪ੍ਰਧਾਨ, ਸਾਧ ਸਿੰਘ ਆਦਿ ਸਾਥੀ ਹਾਜਰ ਸਨ। ਕੁਲਵਿੰਦਰ ਸਿੰਘ ਪ੍ਰਧਾਨ ਜੰਗਲੀ ਜੀਵ ਨੇ ਐਲਾਨ ਕੀਤਾ ਜੇਕਰ ਵਰਕਰਾਂ ਨੂੰ ਕੰਮ ਤੋਂ ਹਟਾਉਣ ਦਾ ਫੈਸਲਾ ਵਾਪਸ ਨਾ ਲਿਆ ਤਾਂ ਪੰਜਾਬ ਸਰਕਾਰ ਦੇ ਮੰਤਰੀਆਂ ਦੀਆਂ ਕੋਠੀਆਂ ਦੇ ਅੱਗੇ ਰੋਸ ਪ੍ਰਦਰਸ਼ਨ ਵੀ ਕੀਤੇ ਜਾਣਗੇ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਜੰਗਲਾਤ ਮੰਤਰੀ ਨੂੰ ਅਪੀਲ ਕੀਤੀ ਕਿ ਮਜਦੂਰਾਂ ਦਾ ਰੁਜਗਾਰ ਨਾ ਖੋਹੀਆਂ ਜਾਵੇ ਕਿਉਂਕਿ ਮਜਦੂਰਾ ਨੇ ਸਾਰੀ ਉਮਰ ਜੰਗਲਾਤ ਵਿਭਾਗ ਵਿੱਚ ਕੰਮ ਕੀਤਾ ਹੈ।

# ਲਾਇਨ ਕਲੱਬ ਸਮਾਣਾ ਰੋਇਲ ਨੇ ਜਰੂਰਤਮੰਦ ਔਰਤ ਨੂੰ ਸਿਲਾਈ ਮਸ਼ੀਨ ਭੇਂਟ




ਸਮਾਣਾ, 19 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਜਿਕ ਭਲਾਈ ਦੇ ਕਾਰਜਾਂ ਵਿੱਚ ਸਹਾਇਕ ਲਾਇਨ ਕਲੱਬ ਸਮਾਣਾ ਰੋਇਲ, ਜੋ ਜ਼ਿਲਾ ਪਟਿਆਲਾ ਦੇ ਮੋਹਰੀ ਕਲੱਬਾਂ ਵਿੱਚੋਂ ਇੱਕ ਹੈ, ਨੇ ਇੱਕ ਹੋਰ ਪ੍ਰੇਰਨਾਦਾਇਕ ਉਦਾਹਰਨ ਪੇਸ਼ ਕੀਤੀ ਹੈ।

ਕਲੱਬ ਨੇ ਇੱਕ ਜਰੂਰਤਮੰਦ ਔਰਤ ਨੂੰ ਉਸ ਦੀ ਮੰਗ 'ਤੇ ਤੁਰੰਤ ਸਿਲਾਈ ਮਸ਼ੀਨ ਪ੍ਰਦਾਨ ਕਰਕੇ ਉਸ ਦੀ ਮਦਦ ਕੀਤੀ।

ਇਸ ਮੌਕੇ ਕਲੱਬ ਦੇ ਪ੍ਰਧਾਨ ਰੋਹਿਤ ਗੋਇਲ ਨੇ ਕਿਹਾ ਕਿ ਕਲੱਬ ਹਮੇਸ਼ਾ ਸਮਾਜਿਕ ਭਲਾਈ ਲਈ ਵਚਨਬੱਧ ਰਿਹਾ ਹੈ ਅਤੇ ਹਰ ਸੰਭਵ ਮਦਦ ਕਰਨ ਲਈ ਤਤਪਰ ਹੈ।

ਉਹਨਾਂ ਨੇ ਕਿਹਾ, ਅਸੀਂ ਹਮੇਸ਼ਾ ਜਰੂਰਤਮੰਦ ਲੋਕਾਂ ਦੀ ਮਦਦ ਲਈ ਤਿਆਰ ਹਾਂ ਅਤੇ ਭਵਿੱਖ ਵਿੱਚ ਵੀ ਕੋਈ ਭਲਾਈ ਦੇ ਕੰਮ ਲਈ ਕਲੱਬ ਹਮੇਸ਼ਾ ਹਾਜ਼ਰ ਰਹੇਗਾ।

ਇਸ ਮੌਕੇ ਕਲੱਬ ਕੈਸ਼ੀਅਰ ਜਤਿੰਦਰ ਧੀਮਾਨ ਸ਼ੈਂਟੀ, ਡਿਸਟਰਿਕ ਕਾਉ ਸਰਵਿੰਗ ਚੇਅਰਮੈਨ ਜੀਵਨ ਗਰਗ, ਡਿਸਟਰਿਕ ਜੋਨ ਚੇਅਰਮੈਨ ਜਵਾਹਰ ਗੋਇਲ ਹੈਪੀ, ਜ਼ੋਨ ਚੇਅਰ ਪਰਸਨ ਰੋਹਿਤ ਗਰਗ ਅਤੇ ਮੈਂਬਰਾਂ ਲਲਿਤ ਸਿੰਗਲਾ, ਸੰਜੇ ਗੋਇਲ ਧਨੇਠਾ ਅਤੇ ਡਾ. ਸੰਦੀਪ ਮਿੱਤਲ ਦੀ ਮੌਜੂਦਗੀ ਨੇ ਇਸ ਇਵੈਂਟ ਨੂੰ ਹੋਰ ਮਹੱਤਵਪੂਰਣ ਬਣਾ ਦਿੱਤਾ।

# ਰਿਲੇਸ਼ਨਸ਼ਿਪ ਅਫ਼ਸਰ ਅਤੇ ਬਰਾਂਚ ਮੈਨੇਜ਼ਰ ਦੀ ਭਰਤੀ ਲਈ ਅੱਜ ਲੱਗੇਗਾ ਪਲੇਸਮੈਂਟ ਕੈਂਪ

ਮਾਨਸਾ, 19 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ/ਮਾਡਲ ਕੈਰੀਅਰ ਸੈਂਟਰ, ਮਾਨਸਾ ਵਿਖੇ 17 ਜਨਵਰੀ, 2025 ਦਿਨ ਸ਼ੁੱਕਰਵਾਰ ਨੂੰ 'ਸਵਤੰਤਰਾ ਮਾਈਕ੍ਰੋਫਿਨ ਪ੍ਰਾਈਵੇਟ ਲਿਮਟਿਡ' ਵੱਲੋਂ ਰਿਲੇਸ਼ਨਸ਼ਿਪ ਅਫ਼ਸਰ ਅਤੇ ਬ੍ਰਾਂਚ ਮੈਨੇਜਰ ਦੀ ਭਰਤੀ ਲਈ ਪਲੇਸਮੈਂਟ ਕੈਂਪ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਤੇ ਸਿਖਲਾਈ ਅਫ਼ਸਰ ਸ੍ਰੀ ਰਵਿੰਦਰ ਸਿੰਘ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਪਲੇਸਮੈਂਟ ਕੈਂਪ ਵਿੱਚ ਘੱਟੋ ਘੱਟ ਯੋਗਤਾ 10ਵੀਂ ਪਾਸ ਲੜਕੇ ਭਾਗ ਲੈ ਸਕਦੇ ਹਨ ਜਿੰਨ੍ਹਾਂ ਦੀ ਉਮਰ ਸੀਮਾ 18 ਤੋਂ 30 ਸਾਲ ਤੱਕ ਹੋਣੀ ਚਾਹੀਦੀ ਹੈ ਅਤੇ ਪ੍ਰਾਰਥੀ ਸਰੀਰਕ ਤੌਰ 'ਤੇ ਫਿੱਟ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਚਾਹਵਾਨ ਪ੍ਰਾਰਥੀ ਆਪਣੀ ਯੋਗਤਾ ਸਰਟੀਫਿਕੇਟਾਂ ਦੀਆਂ ਫੋਟੋ ਕਾਪੀਆਂ, ਡਰਾਈਵਿੰਗ ਲਾਇਸੰਸ ਦੀ ਫੋਟੋ ਕਾਪੀ ਅਤੇ ਯੋਗਤਾ ਦਾ ਵੇਰਵਾ (ਰਜ਼ਿਊਮ) ਲੈ ਕੇ ਕੈਂਪ ਵਾਲੇ ਦਿਨ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਮਾਨਸਾ (ਨੇੜੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸੇਵਾ ਕੇਂਦਰ ਦੀ ਪਹਿਲੀ ਮੰਜ਼ਿਲ 'ਤੇ) ਕੈਂਪ ਵਾਲੇ ਦਿਨ ਸਵੇਰੇ 10:30 ਵਜੇ ਪਹੁੰਚਣ।

ਉਨ੍ਹਾਂ ਦੱਸਿਆ ਕਿ ਚੁਣੇ ਗਏ ਪ੍ਰਾਰਥੀਆਂ ਨੂੰ ਤਨਖਾਹ 16,000/- ਤੋਂ 20,000/- ਰੁਪਏ ਦੇ ਕਰੀਬ ਸਮੇਤ ਪੈਟਰੋਲ ਅਤੇ ਪ੍ਰੋਤਸਾਹਨ ਮਿਲਣਯੋਗ ਹੋਵੇਗੀ। ਇੰਟਰਵਿਊ ਦਾ ਸਮਾਂ ਸਵੇਰੇ 10:30 ਤੋਂ ਦੁਪਹਿਰ 01:00 ਵਜੇ ਤੱਕ ਰੱਖਿਆ ਗਿਆ ਹੈ। ਵਧੇਰੇ ਜਾਣਕਾਰੀ ਲਈ ਮੋਬਾਇਲ ਨੰ. 93248-02513, 94641-78030 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੀ.ਆਰ.ਟੀ.ਸੀ. ਪੈਨਸ਼ਨਰਾਂ ਦੀ ਹੋਈ ਮਾਸਿਕ ਮੀਟਿੰਗ ਰਹਿੰਦੇ ਬਕਾਇਆਂ ਦੀ ਕੀਤੀ ਮੰਗ

## ਕਿਸਾਨੀ ਅੰਦੋਲਨ ਦੀ ਕੀਤੀ ਹਮਾਇਤ; ਮੀਟਿੰਗ ਰਹੀ ਕਿਸਾਨ ਨੇਤਾ ਡੱਲੇਵਾਲ ਦੇ ਮਰਨ ਵਰਤ ਨੂੰ ਸਮਰਪਿਤ

ਪਟਿਆਲਾ, 19 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-



ਇੱਥੇ ਪੁਰਾਣੇ ਬਸ ਸਟੈਂਡ ਵਿਖੇ ਪੀ.ਆਰ.ਟੀ.ਸੀ. ਪੈਨਸ਼ਨਰਾਂ ਦੀ ਮਾਸਿਕ ਮੀਟਿੰਗ ਹੋਈ, ਜਿਸ ਵਿੱਚ ਵੱਖ-ਵੱਖ ਡਿਪੂਆਂ ਤੋਂ ਭਾਰੀ ਗਿਣਤੀ ਵਿੱਚ ਪੈਨਸ਼ਨਰਾਂ ਨੇ ਸ਼ਮੂਲੀਅਤ ਕੀਤੀ। ਵੱਖ-ਵੱਖ ਡਿਪੂਆਂ ਨਾਲ ਸਬੰਧਿਤ ਬੁਲਾਰਿਆਂ ਨੇ ਜਿੱਥੇ ਰਹਿੰਦੇ ਆਪਣੇ ਬਕਾਇਆਂ, 2016 ਦੀ ਗਰੈਚੂਟੀ ਦਾ ਬਕਾਇਆ, ਸਰਵਿਸ ਕੁਆਈਫਾਈਡ, 1-7-2015 ਤੋਂ 31-12-2015 ਤੱਕ ਦੀ ਰਿਵਾਇਜ ਲੀਵ ਇਨ ਕੈਸ਼ਮੈਂਟ ਤੇ ਗਰੈਚੂਟੀ ਦਾ ਬਕਾਇਆ ਤੇ ਮੈਡੀਕਲ ਬਿੱਲਾਂ ਆਦਿ ਦੇ ਬਕਾਇਆ ਦੀ ਅਦਾਇਗੀ ਦੀ ਮੰਗ ਕੀਤੀ। ਰੈਲੀ ਰੂਪੀ ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੇਂਦਰੀ ਬਾਡੀ ਦੇ ਸੂਬਾ ਪ੍ਰਧਾਨ ਭਗਵੰਤ ਸਿੰਘ ਕੰਗਣਵਾਲ ਨੇ ਕਿਹਾ ਕਿ ਦੇਸ਼ ਵਿੱਚ ਸਰਕਾਰੀ ਨੀਤੀਆਂ ਸਰਕਾਰੀ ਢਾਂਚੇ ਨੂੰ ਖਤਮ ਕਰਨ ਦੇ ਆਧਾਰ ਤੇ ਹੀ ਬਣਾਈਆਂ ਜਾ ਰਹੀਆਂ ਹਨ ਜੋ ਸਿਰਫ ਕਾਰਪੋਰੇਟ ਅਦਾਰਿਆਂ ਦੇ ਹੱਕ ਦੀਆਂ ਹੀ ਭੂਮਿਕਾ ਨਿਭਾਅ ਰਹੀਆਂ ਹਨ। ਉਹਨਾਂ ਨੇ ਕਿਹਾ ਕਿ ਆਪਾਂ ਹੁਣ ਤੱਕ ਜੋ ਪ੍ਰਾਪਤੀਆਂ ਕੀਤੀਆਂ ਹਨ ਆਪਣੇ ਏਕੇ ਸਦਕਾ ਹੀ ਕੀਤੀਆਂ ਹਨ। ਸੋ ਜਿੰਨਾ ਏਕਾ ਮਜਬੂਤ ਹੋਵੇਗਾ ਉਨੀ ਹੀ ਪ੍ਰਾਪਤੀ ਜਲਦੀ ਹੋਵੇਗੀ। ਉਨ੍ਹਾਂ ਕਿਹਾ ਕਿ ਤੁਸੀਂ ਏਕਾ ਬਣਾਈ ਰੱਖੋ, ਅਦਾਇਗੀਆਂ ਕਰਾਉਣੀਆਂ ਸਾਡੀ ਜਿੰਮੇਵਾਰੀ ਹੈ। ਸਕੱਤਰ ਜਨਰਲ ਹਰੀ ਸਿੰਘ ਚਮਕ ਨੇ ਕੱਲ੍ਹ ਹੋਈ ਐਮ.ਡੀ. ਸਾਹਿਬ ਨਾਲ ਮੀਟਿੰਗ ਬਾਰੇ ਜਾਣਕਾਰੀ ਦਿੰਦਿਆ ਦੱਸਿਆ ਕਿ ਮੀਟਿੰਗ ਬਹੁਤ ਸੁਖਾਵੇਂ ਮਾਹੌਲ ਵਿੱਚ ਹੋਈ ਉਨ੍ਹਾਂ ਕਿਹਾ ਕਿ ਐਮ.ਡੀ. ਸਾਹਿਬ ਨੇ ਕਿਹਾ ਕਿ ਰਹਿੰਦੀ ਅੱਧੀ ਪੈਨਸ਼ਨ ਅਤੇ ਬਕਾਇਆਂ ਦੀ ਅਦਾਇਗੀ ਜਲਦੀ ਕਰ ਦਿੱਤੀ ਜਾਵੇਗੀ। ਚੇਤੇ ਰਹੇ ਕਿ ਦਸੰਬਰ ਮਹੀਨੇ ਦੀ ਅੱਧੀ ਪੈਨਸ਼ਨ 13 ਜਨਵਰੀ ਨੂੰ ਪਈ ਸੀ। ਹਰੀ ਸਿੰਘ ਚਮਕ ਨੇ ਕਿਹਾ ਕਿ ਮੀਟਿੰਗ ਤੋਂ ਦੋ ਕੁ ਘੰਟੇ ਬਾਅਦ ਐਮ.ਡੀ. ਸਾਹਿਬ ਨੇ ਫੋਨ ਤੇ ਜਾਣਕਾਰੀ ਦਿੱਤੀ ਸੀ ਕਿ ਸਰਕਾਰ ਵੱਲੋਂ ਬਿਲ ਪਾਸ ਹੋ ਗਿਆ ਹੈ ਸਵੇਰੇ ਹੀ ਰਹਿੰਦੀ ਪੈਨਸ਼ਨ ਵੀ ਪਾ ਦਿੱਤੀ ਜਾਵੇਗੀ। ਉਹਨਾਂ ਵਿਸ਼ਵਾਸ਼ ਦਿਵਾਇਆ ਕਿ ਅੱਗੋਂ ਲਈ ਪੂਰੀ ਪੈਨਸ਼ਨ ਸਮੇਂ ਸਿਰ ਪਾ ਦਿੱਤੀ ਜਾਇਆ ਕਰੇਗੀ। ਹੁਣੇ ਮੀਟਿੰਗ ਦੌਰਾਨ ਹੀ ਪਤਾ ਲੱਗਾ ਕਿ ਰਹਿੰਦੀ ਪੈਨਸ਼ਨ ਪਾ ਦਿੱਤੀ ਗਈ ਹੈ। ਹਰੀ ਸਿੰਘ ਚਮਕ ਨੇ ਰਹਿੰਦੇ ਬਕਾਏ ਦੇਣ ਦੀ ਵੀ ਮੰਗ ਕੀਤੀ।

ਉਪਰੋਕਤ ਤੋਂ ਇਲਾਵਾ ਇਸ ਰੈਲੀ ਰੂਪੀ ਮੀਟਿੰਗ ਨੂੰ ਸਰਵ ਸ੍ਰੀ ਜੋਗਿੰਦਰ ਸਿੰਘ ਪ੍ਰਧਾਨ ਪਟਿਆਲਾ ਡਿਪੂ, ਭਜਨ ਸਿੰਘ ਚੰਡੀਗੜ੍ਹ, ਤਰਸੇਮ ਸਿੰਘ ਸੈਣੀ ਕਪੂਰਥਲਾ, ਜਲੌਰ ਸਿੰਘ ਫਰੀਦਕੋਟ, ਸੁਖਜੀਤ ਸਿੰਘ ਬਠਿੰਡਾ, ਜਨਕ ਰਾਜ ਬਰਨਾਲਾ, ਸੁਖਦੇਵ ਸਿੰਘ ਜਖੇਪਲ ਬੁਢਲਾਡਾ, ਬਲਵੰਤ ਸਿੰਘ ਜੋਗਾ ਤੇ ਬਲਵਿੰਦਰ ਸਿੰਘ ਯੂ.ਐਸ.ਏ. ਸੰਗਰੂਰ, ਬਚਨ ਸਿੰਘ ਅਰੋੜਾ ਜਨਰਲ ਸਕੱਤਰ ਕੇਂਦਰੀ ਬਾਡੀ ਨੇ ਵੀ ਸੰਬੋਧਨ ਕੀਤਾ। ਇਸ ਮੀਟਿੰਗ ਨੂੰ ਸਫਲ ਬਣਾਉਣ ਲਈ ਸਰਵ ਸ੍ਰੀ ਬਖਸ਼ੀਸ਼ ਸਿੰਘ ਦਫਤਰ ਸਕੱਤਰ, ਅਮੋਲਕ ਸਿੰਘ ਕੈਸ਼ੀਅਰ, ਬੀਰ ਸਿੰਘ, ਪ੍ਰੀਤਮ ਸਿੰਘ, ਬਲਵੀਰ ਸਿੰਘ ਬੁੱਟਰ, ਜੋਗਿੰਦਰ ਸਿੰਘ ਸਨੌਰੀ, ਸੁਖਦੇਵ ਸਿੰਘ ਭੂਪਾ, ਸੂਰਜ ਭਾਨ, ਰਣਜੀਤ ਸਿੰਘ ਜੀਓ, ਰਾਮ ਦਿੱਤਾ, ਨਿਰਪਾਲ ਸਿੰਘ, ਬਲਵੰਤ ਸਿੰਘ ਕੈਸ਼ੀਅਰ, ਸ਼ਿਆਮ ਸੁੰਦਰ, ਪ੍ਰੀਤਮ ਸਿੰਘ ਆਦਿ ਨੇ ਭਰਪੂਰ ਯੋਗਦਾਨ ਪਾਇਆ, ਸਟੇਜ਼ ਦੀ ਡਿਊਟੀ ਬਚਨ ਸਿੰਘ ਅਰੋੜਾ ਨੇ ਬਾਖੂਬੀ ਨਿਭਾਈ।

# ਪੀ ਆਰ ਟੀ ਸੀ, ਦੇ ਡਰਾਈਵਰਾਂ ਕੰਡਕਟਰਾਂ ਨੂੰ ਆਵਾਜਾਈ ਸੇਫਟੀ ਬਾਰੇ ਜਾਗਰੂਕ ਕੀਤਾ




ਪਟਿਆਲਾ, 19 ਜਨਵਰੀ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ, ਚੈਅਰਮੈਨ ਪੀ ਆਰ ਟੀ ਸੀ, ਦੀ ਹਦਾਇਤਾਂ ਅਨੁਸਾਰ ਡਰਾਈਵਰ ਟ੍ਰੇਨਿੰਗ ਸਕੂਲ ਵਿਖੇ ਸਾਬਕਾ ਪੁਲਿਸ ਅਫਸਰ ਗੁਰਜਾਪ ਸਿੰਘ, ਨੇ ਆਵਾਜਾਈ ਨਿਯਮਾਂ ਕਾਨੂੰਨਾਂ ਅਸੂਲਾਂ ਫਰਜ਼ਾਂ ਬਾਰੇ ਜਾਣਕਾਰੀ ਦਿੱਤੀ। ਸਾਕੇਤ ਨਸ਼ਾ ਛੁਡਾਊ ਕੇਂਦਰ, ਦੇ ਅਮਰਜੀਤ ਕੌਰ ਅਤੇ ਪਰਮਿੰਦਰ ਸਿੰਘ ਨੇ ਨਸ਼ਿਆਂ ਕਾਰਨ ਵੱਧ ਰਹੇ ਹਾਦਸਿਆਂ ਬਿਮਾਰੀਆਂ ਬਾਰੇ ਜਾਣਕਾਰੀ ਦਿੱਤੀ। ਕਾਕਾ ਰਾਮ ਵਰਮਾ ਸੇਵਾ ਮੁਕਤ ਟ੍ਰੇਨਿੰਗ ਸੁਪਰਵਾਈਜ਼ਰ ਰੈੱਡ ਕਰਾਸ ਨੇ ਹਾਦਸਿਆਂ ਦੌਰਾਨ ਜ਼ਖ਼ਮੀ ਲੋਕਾਂ ਦੀ ਫਸਟ ਏਡ ਸੀ ਪੀ ਆਰ ਫਾਇਰ ਸੇਫਟੀ, ਅਤੇ ਸਾਇਬਰ ਸੁਰੱਖਿਆ ਬਾਰੇ ਜਾਣਕਾਰੀ ਦਿੱਤੀ।

ਇੰਸਪੈਕਟਰ ਜਸਪਾਲ ਸਿੰਘ ਇੰਚਾਰਜ ਨੇ ਧੰਨਵਾਦ ਕਰਦੇ ਹੋਏ ਦੱਸਿਆ ਕਿ ਉਨ੍ਹਾਂ ਦੇ ਡਰਾਈਵਰਾਂ ਕੰਡਕਟਰਾਂ ਵਲੋਂ ਆਵਾਜਾਈ ਨਿਯਮਾਂ ਕਾਨੂੰਨਾਂ ਅਸੂਲਾਂ ਦੀ ਪਾਲਣਾ ਕੀਤੀ ਜਾਂਦੀ ਹੈ ਅਤੇ ਹਾਦਸਿਆਂ ਦੌਰਾਨ ਪੀੜਤਾਂ ਦੀ ਸਹਾਇਤਾ ਵੀ ਕਰਦੇ ਹਨ। ਸਾਰਿਆਂ ਨੇ ਪ੍ਰਣ ਕੀਤਾ ਕਿ ਉਹ ਹਮੇਸ਼ਾ ਨਿਯਮਾਂ ਕਾਨੂੰਨਾਂ ਅਸੂਲਾਂ ਫਰਜ਼ਾਂ ਦੀ ਪਾਲਣਾ ਕਰਦੇ ਰਹਿਣਗੇ।

# ਕਿਰਾਏਦਾਰਾਂ ਨੂੰ ਵੀ ਮਿਲੇਗੀ ਮੁਫ਼ਤ ਬਿਜਲੀ ਅਤੇ ਪਾਣੀ ਦੀ ਸਹੂਲਤ: ਕੇਜਰੀਵਾਲ

**ਨਵੀਂ ਦਿੱਲੀ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸ਼ਨਿੱਚਰਵਾਰ ਨੂੰ ਐਲਾਨ ਕੀਤਾ ਕਿ ਜੇ ਉਨ੍ਹਾਂ ਦੀ ਪਾਰਟੀ ਦੁਬਾਰਾ ਦਿੱਲੀ ਵਿਚ ਸੱਤਾ 'ਚ ਆਉਂਦੀ ਹੈ ਤਾਂ ਕਿਰਾਏਦਾਰਾਂ ਨੂੰ ਵੀ ਮੁਫ਼ਤ ਬਿਜਲੀ ਅਤੇ ਪਾਣੀ ਦਾ ਲਾਭ ਦੇਣ ਲਈ ਫੈਸਲਾਕੁਨ ਕਦਮ ਚੁੱਕੇਗੀ। ਉਨ੍ਹਾਂ ਇਹ ਗੱਲ ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਹੀ।

ਉਨ੍ਹਾਂ ਇਸ ਮੌਕੇ ਦਿੱਲੀ ਭਰ ਵਿੱਚ ਕਿਰਾਏਦਾਰਾਂ ਵੱਲੋਂ ਉਠਾਈਆਂ ਗਈਆਂ ਚਿੰਤਾਵਾਂ ਨੂੰ ਉਜਾਗਰ ਕੀਤਾ। ਉਨ੍ਹਾਂ ਕਿਹਾ, ਮੈਂ ਜਿੱਥੇ ਵੀ ਜਾਂਦਾ ਹਾਂ, ਮੈਂ ਕਿਰਾਏ 'ਤੇ ਰਹਿਣ ਵਾਲੇ ਲੋਕਾਂ ਨੂੰ ਮਿਲਦਾ ਹਾਂ ਜੋ ਕਹਿੰਦੇ ਹਨ ਕਿ ਉਨ੍ਹਾਂ ਨੂੰ ਚੰਗੇ ਸਕੂਲਾਂ ਅਤੇ ਹਸਪਤਾਲਾਂ ਦਾ ਲਾਭ ਮਿਲਦਾ ਹੈ ਪਰ ਮੁਫ਼ਤ ਬਿਜਲੀ ਅਤੇ ਪਾਣੀ ਦੀਆਂ ਯੋਜਨਾਵਾਂ ਤੋਂ ਉਹ ਵਾਂਝੇ ਹਨ।

ਇਸ ਮੁੱਦੇ ਦੇ ਹੱਲ ਦਾ ਭਰੋਸਾ ਦਿੰਦਿਆਂ ਕੇਜਰੀਵਾਲ ਨੇ ਕਿਹਾ, ਅਸੀਂ ਇਹ ਯਕੀਨੀ ਬਣਾਵਾਂਗੇ ਕਿ ਚੋਣਾਂ ਤੋਂ ਬਾਅਦ, ਕਿਰਾਏਦਾਰ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਪੂਰਵਾਂਚਲ ਖੇਤਰ ਨਾਲ ਸਬੰਧਤ ਹਨ ਵੀ ਮੁਫ਼ਤ ਬਿਜਲੀ ਅਤੇ ਪਾਣੀ ਦਾ ਲਾਭ ਲੈਣ। ਇਹ ਐਲਾਨ ਉਦੋਂ ਆਇਆ ਹੈ ਜਦੋਂ ਆਮ ਆਦਮੀ ਪਾਰਟੀ 5 ਫਰਵਰੀ ਨੂੰ ਹੋਣ ਵਾਲੀਆਂ ਦਿੱਲੀ ਵਿਧਾਨ ਸਭਾ ਚੋਣਾਂ ਲਈ ਆਪਣੀ ਮੁਹਿੰਮ ਤੇਜ਼ ਕਰ ਰਹੀ ਹੈ। ਚੋਣਾਂ ਦੇ ਨਤੀਜੇ 8 ਫਰਵਰੀ ਨੂੰ ਐਲਾਨੇ ਜਾਣੇ ਹਨ।

ਲਗਾਤਾਰ ਤੀਜੀ ਵਾਰ ਸੱਤਾ ਸੰਭਾਲਣ ਦੀ ਕੋਸ਼ਿਸ਼ ਕਰ ਰਹੀ 'ਆਪ' ਨੇ ਆਪਣੀ ਮੁਹਿੰਮ ਆਪਣੀਆਂ ਭਲਾਈ ਪਹਿਲਕਦਮੀਆਂ ਦੇ ਆਲੇ-ਦੁਆਲੇ ਬਣਾਈ ਹੈ। ਪਾਰਟੀ ਨੇ ਮੁਫ਼ਤ ਸਹੂਲਤਾਂ ਅਤੇ ਬਿਹਤਰ ਜਨਤਕ ਸੇਵਾਵਾਂ ਨੂੰ ਆਪਣੀ ਮੁੱਖ ਤਾਕਤ ਵਜੋਂ ਪੇਸ਼ ਕੀਤਾ ਹੈ।

# ਟਰੰਪ ਦੇ ਸਹੁੰ ਚੁੱਕਦੇ ਹੀ ਪ੍ਰਵਾਸੀਆਂ 'ਤੇ ਕੱਸਿਆ ਜਾਵੇਗਾ ਸ਼ਿਕੰਜਾ ! ਵੱਡੀ ਛਾਪੇਮਾਰੀ ਦੀ ਯੋਜਨਾ, ਹੋਣਗੀਆਂ ਗ੍ਰਿਫਤਾਰੀ

**ਨਵੀਂ ਦਿੱਲੀ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਡੋਨਾਲਡ ਟਰੰਪ ਦੇ ਪ੍ਰਸ਼ਾਸਨ ਨੇ ਟਰੰਪ ਦੇ ਸਹੁੰ ਚੁੱਕਣ ਤੋਂ ਤੁਰੰਤ ਬਾਅਦ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਸਖ਼ਤੀ ਨਾਲ ਲਾਗੂ ਕਰਨ ਦੀ ਯੋਜਨਾ ਬਣਾਈ ਹੈ। ਇਸ ਵਿੱਚ ਇੱਕ ਵੱਡਾ ਇਮੀਗ੍ਰੇਸ਼ਨ ਛਾਪਾ ਵੀ ਸ਼ਾਮਲ ਹੈ, ਜੋ ਟਰੰਪ ਦੇ ਸਹੁੰ ਚੁੱਕਣ ਦੇ ਦੂਜੇ ਦਿਨ ਮੰਗਲਵਾਰ ਨੂੰ ਸ਼ਿਕਾਗੋ ਤੋਂ ਸ਼ੁਰੂ ਹੋਵੇਗਾ। ਇਹ ਆਪਰੇਸ਼ਨ ਪੂਰਾ ਹਫ਼ਤਾ ਚੱਲੇਗਾ ਅਤੇ ਇਸ ਸਕੀਮ ਲਈ 100 ਤੋਂ 200 ਅਧਿਕਾਰੀ ਤਾਇਨਾਤ ਰਹਿਣਗੇ।

ਇਹ ਕਦਮ ਟਰੰਪ ਦੇ ਚੋਣ ਪ੍ਰਚਾਰ ਦੌਰਾਨ ਕੀਤੇ ਵਾਅਦਿਆਂ ਦਾ ਹਿੱਸਾ ਹੈ, ਜਿਸ ਵਿੱਚ ਉਨ੍ਹਾਂ ਨੇ ਇਮੀਗ੍ਰੇਸ਼ਨ ਨੂੰ ਆਪਣੀ ਤਰਜੀਹ ਬਣਾਇਆ ਸੀ। ਇਹ ਇਮੀਗ੍ਰੇਸ਼ਨ ਛਾਪਾ ਪੂਰੇ ਦੇਸ਼ ਵਿੱਚ ਲਾਗੂ ਕੀਤਾ ਜਾਵੇਗਾ ਅਤੇ ਸ਼ਿਕਾਗੋ ਇੱਕ ਪ੍ਰਮੁੱਖ ਸਥਾਨ ਹੋਵੇਗਾ ਜਿੱਥੇ ਇਸਨੂੰ ਲਾਂਚ ਕੀਤਾ ਜਾਵੇਗਾ। ਟਰੰਪ ਪ੍ਰਸ਼ਾਸਨ ਨੇ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰਨ ਲਈ ਵੱਖ-ਵੱਖ ਸ਼ਹਿਰਾਂ ਵਿੱਚ ਗ੍ਰਿਫਤਾਰੀ ਮੁਹਿੰਮ ਚਲਾਉਣ ਦੀ ਯੋਜਨਾ ਬਣਾਈ ਹੈ।

ਹਾਲਾਂਕਿ ਸ਼ਿਕਾਗੋ 'ਤੇ ਕੋਈ ਖਾਸ ਫੋਕਸ ਨਹੀਂ ਹੋਵੇਗਾ ਪਰ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਨਿਊਯਾਰਕ, ਮਿਆਮੀ ਅਤੇ ਹੋਰ ਵੱਡੇ ਸ਼ਹਿਰਾਂ 'ਚ ਵੀ ਗ੍ਰਿਫਤਾਰੀਆਂ ਕੀਤੀਆਂ ਜਾਣਗੀਆਂ। ਟਰੰਪ ਦੇ ਇਮੀਗ੍ਰੇਸ਼ਨ ਮੁਖੀ ਟੌਮ ਹੋਮਨ ਨੇ ਸ਼ਿਕਾਗੋ ਵਿੱਚ ਇੱਕ ਸਮਾਗਮ ਵਿੱਚ ਕਿਹਾ ਕਿ ਪ੍ਰਸ਼ਾਸਨ ਇੱਥੋਂ ਸ਼ੁਰੂਆਤ ਕਰੇਗਾ। ਉਨ੍ਹਾਂ ਸ਼ਿਕਾਗੋ ਦੇ ਮੇਅਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਉਨ੍ਹਾਂ ਨੇ ਮਦਦ ਨਾ ਕੀਤੀ ਤਾਂ ਜੇਕਰ ਉਨ੍ਹਾਂ ਨੇ ਇਸ ਪ੍ਰਕਿਰਿਆ ਵਿੱਚ ਦਖਲਅੰਦਾਜ਼ੀ ਕੀਤੀ ਤਾਂ ਉਨ੍ਹਾਂ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ। ਜੇਕਰ ਉਹ ਜਾਣਬੁੱਝ ਕੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਲੁਕਾਉਂਦੇ ਹਨ ਤਾਂ ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਇਮੀਗ੍ਰੇਸ਼ਨ ਟਰੰਪ ਦੀ ਚੋਣ ਮੁਹਿੰਮ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਸੀ। ਉਨ੍ਹਾਂ ਨੇ ਵਾਰ-ਵਾਰ ਕਿਹਾ ਸੀ ਕਿ ਰਾਸ਼ਟਰਪਤੀ ਬਣਨ ਤੋਂ ਬਾਅਦ ਉਹ ਅਮਰੀਕਾ 'ਚ ਹੁਣ ਤੱਕ ਦੇ ਸਭ ਤੋਂ ਵੱਡੇ ਘਰੇਲੂ ਦੇਸ਼ ਨਿਕਾਲੇ ਦੀ ਕਾਰਵਾਈ ਸ਼ੁਰੂ ਕਰਨਗੇ। ਜਨਵਰੀ 2024 ਵਿੱਚ, ਉਸਨੇ ਐਲਾਨ ਕੀਤਾ ਸੀ ਕਿ ਉਸਦੀ ਸਰਕਾਰ ਪਹਿਲੇ ਦਿਨ ਤੋਂ ਇਮੀਗ੍ਰੇਸ਼ਨ ਨਿਯਮਾਂ ਨੂੰ ਲਾਗੂ ਕਰਨ ਲਈ ਸਖ਼ਤ ਕਦਮ ਚੁੱਕੇਗੀ।

ਇਹ ਛਾਪੇਮਾਰੀ ਦੇਸ਼ ਭਰ 'ਚ ਪ੍ਰਵਾਸੀਆਂ 'ਤੇ ਸ਼ਿਕੰਜਾ ਵਧਾਉਣ ਦੀ ਕੋਸ਼ਿਸ਼ ਦਾ ਹਿੱਸਾ ਹੈ। ਟਰੰਪ ਪ੍ਰਸ਼ਾਸਨ ਨੇ ਪਹਿਲਾਂ ਵੀ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਸਖ਼ਤ ਕਰਨ ਲਈ ਕਈ ਕਦਮ ਚੁੱਕੇ ਸਨ ਅਤੇ ਹੁਣ ਉਨ੍ਹਾਂ ਨੂੰ ਉਮੀਦ ਹੈ ਕਿ ਇਹ ਮੁਹਿੰਮ ਉਨ੍ਹਾਂ ਦੇ ਪਹਿਲੇ ਕਾਰਜਕਾਲ ਤੋਂ ਵੀ ਜ਼ਿਆਦਾ ਪ੍ਰਭਾਵਸ਼ਾਲੀ ਸਾਬਤ ਹੋਵੇਗੀ। ਇਸ ਯੋਜਨਾ ਦੇ ਤਹਿਤ, ਟਰੰਪ ਪ੍ਰਸ਼ਾਸਨ ÷ਸੈਂਕਚੂਰੀ÷ ਖੇਤਰਾਂ ਨੂੰ ਵੀ ਨਿਸ਼ਾਨਾ ਬਣਾਏਗਾ, ਜਿੱਥੇ ਗੈਰ-ਕਾਨੂੰਨੀ ਪ੍ਰਵਾਸੀ ਰਹਿੰਦੇ ਹਨ ਅਤੇ ਸਥਾਨਕ ਅਧਿਕਾਰੀ ਇਨ੍ਹਾਂ ਮਾਮਲਿਆਂ ਵਿੱਚ ਸਹਿਯੋਗ ਨਹੀਂ ਕਰਦੇ ਹਨ।

## ਸੱਪ ਦੇ ਡੰਗਣ 'ਤੇ ਪਸ਼ੂਆਂ ਦਾ ਹੁਣ ਸਰਕਾਰੀ ਵੈਟਰਨਰੀ ਹਸਪਤਾਲਾਂ ਵਿੱਚ ਮੁਫ਼ਤ ਹੋਵੇਗਾ ਇਲਾਜ

# ਸਾਰੇ ਜ਼ਿਲ੍ਹਾ ਅਤੇ ਤਹਿਸੀਲ ਪੱਧਰ ਦੇ ਵੈਟਰਨਰੀ ਹਸਪਤਾਲਾਂ ਵਿੱਚ ਸੱਪ ਦੇ ਜ਼ਹਿਰ ਤੋਂ ਬਚਾਅ ਲਈ ਪੌਲੀਵੈਲੇਂਟ ਦਵਾਈ ਉਪਲਬਧ: ਗੁਰਮੀਤ ਸਿੰਘ ਖੁੱਡੀਆਂ

**ਚੰਡੀਗੜ੍ਹ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸੂਬੇ ਵਿੱਚ ਪਸ਼ੂਆਂ ਦੀ ਸਿਹਤ ਸੰਭਾਲ ਨੂੰ ਹੋਰ ਬਿਹਤਰ ਬਣਾਉਣ ਦੀ ਦਿਸ਼ਾ ਵਿੱਚ ਇੱਕ ਹੋਰ ਅਹਿਮ ਕਦਮ ਚੁੱਕਦਿਆਂ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਾਰੇ ਜ਼ਿਲ੍ਹਾ ਅਤੇ ਤਹਿਸੀਲ ਪੱਧਰ ਦੇ ਪਸ਼ੂ ਹਸਪਤਾਲਾਂ ਵਿੱਚ ਸੱਪ ਦੇ ਡੰਗਣ ਉੱਤੇ ਪਸ਼ੂਆਂ ਦੇ ਮੁਫ਼ਤ ਇਲਾਜ ਦੀ ਸਹੂਲਤ ਸ਼ੁਰੂ ਕੀਤੀ ਗਈ ਹੈ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਅੱਜ ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਜ਼ਿਲ੍ਹਾ ਪੱਧਰ 'ਤੇ ਸਾਰੇ 22 ਪੌਲੀਕਲੀਨਿਕਾਂ ਅਤੇ 97 ਤਹਿਸੀਲ ਪੱਧਰ ਦੇ ਵੈਟਰਨਰੀ ਹਸਪਤਾਲਾਂ ਵਿੱਚ ਸੱਪ ਦੇ ਜ਼ਹਿਰ ਤੋਂ ਬਚਾਅ ਲਈ ਪੌਲੀਵੈਲੇਂਟ ਦਵਾਈ ਉਪਲਬਧ ਕਰਵਾਈ ਗਈ ਹੈ। ਇਸ ਪਹਿਲਕਦਮੀ ਦਾ ਉਦੇਸ਼ ਸੱਪ ਦੇ ਡੰਗ ਦਾ ਸ਼ਿਕਾਰ ਹੋਏ ਪਾਲਤੂ ਜਾਨਵਰਾਂ ਅਤੇ ਪਸ਼ੂਆਂ ਲਈ ਤੁਰੰਤ ਅਤੇ ਪ੍ਰਭਾਵਸ਼ਾਲੀ ਇਲਾਜ ਪ੍ਰਦਾਨ ਕਰਨਾ ਹੈ। ਉਨ੍ਹਾਂ ਦੱਸਿਆ ਕਿ ਵੈਟਰਨਰੀ ਹਸਪਤਾਲ ਸੱਪ ਦੇ ਡੰਗਣ ਸਬੰਧੀ ਐਮਰਜੈਂਸੀ ਸਥਿਤੀਆਂ ਨਾਲ ਨਜਿੱਠਣ ਲਈ ਲੋੜੀਂਦੀ ਐਂਟੀ-ਵੇਨਮ ਦਵਾਈਆਂ ਅਤੇ ਸਿਖਲਾਈ ਪ੍ਰਾਪਤ ਕਰਮਚਾਰੀਆਂ ਨਾਲ ਲੈਸ ਹਨ। ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਇਹ ਕਦਮ ਸੱਪ ਦੇ ਡੰਗ ਦਾ ਸ਼ਿਕਾਰ ਜਾਨਵਰਾਂ ਦੀਆਂ ਜਾਨਾਂ ਬਚਾਉਣ ਅਤੇ ਸੂਬੇ ਵਿੱਚ ਪਾਲਤੂ ਜਾਨਵਰਾਂ ਅਤੇ ਪਸ਼ੂਆਂ ਦੀ ਸਮੁੱਚੀ ਭਲਾਈ ਵਿੱਚ ਅਹਿਮ ਭੂਮਿਕਾ ਨਿਭਾਏਗਾ।

ਸੱਪ ਦੇ ਡੰਗਣ ਨਾਲ ਹੋਣ ਵਾਲੀਆਂ ਮੌਤਾਂ ਨੂੰ ਰੋਕਣ ਲਈ ਸਮੇਂ ਸਿਰ ਇਲਾਜ ਦੀ ਮਹੱਤਤਾ ਨੂੰ ਉਜਾਗਰ ਕਰਦਿਆਂ ਸ. ਗੁਰਮੀਤ ਸਿੰਘ ਖੁੱਡੀਆਂ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸਾਰੇ ਪਾਲਤੂ ਜਾਨਵਰਾਂ ਦੇ ਮਾਲਕਾਂ ਅਤੇ ਪਸ਼ੂ ਪਾਲਕਾਂ ਨੂੰ ਇਸ ਸਹੂਲਤ ਅਤੇ ਸੱਪ ਦੇ ਡੰਗਣ ਦੇ ਲੱਛਣਾਂ ਬਾਰੇ ਜਾਗਰੂਕ ਕਰਨ ਅਤੇ ਲੋੜ ਪੈਣ 'ਤੇ ਤੁਰੰਤ ਪਸ਼ੂਆਂ ਦਾ ਇਲਾਜ ਕਰਵਾਉਣ ਲਈ ਉਤਸ਼ਾਹਿਤ ਕਰਨ।

ਪਸ਼ੂ ਪਾਲਣ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਰਾਹੁਲ ਭੰਡਾਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਕਿਸਾਨਾਂ ਨੂੰ ਇਸ ਸਹੂਲਤ ਬਾਰੇ ਜਾਗਰੂਕ ਕਰਨ ਲਈ ਹਰੇਕ ਵੈਟਰਨਰੀ ਹਸਪਤਾਲ ਵਿੱਚ ਐਸ.ਓ.ਪੀ. ਪ੍ਰਦਰਸ਼ਿਤ ਕੀਤੀ ਜਾਣੀ ਚਾਹੀਦੀ ਹੈ।

ਪਸ਼ੂ ਪਾਲਣ ਵਿਭਾਗ ਦੇ ਡਾਇਰੈਕਟਰ ਡਾ. ਗੁਰਸ਼ਰਨਜੀਤ ਸਿੰਘ ਬੇਦੀ ਨੇ ਦੱਸਿਆ ਕਿ ਸੱਪ ਦੇ ਡੰਗਣ ਦੇ ਮੁੱਢਲੇ ਲੱਛਣਾਂ ਵਿੱਚ ਸਾਹ ਲੈਣ 'ਚ ਦਿੱਕਤ, ਸਰੀਰ 'ਤੇ ਦੰਦਾਂ ਦੇ ਨਿਸ਼ਾਨ, ਸਰੀਰ ਵਿੱਚ ਦਰਦ, ਜਾਨਵਰ ਦਾ ਕੰਬਣਾ ਅਤੇ ਅਧਰੰਗ, ਪਿਸ਼ਾਬ ਵਿੱਚ ਖੂਨ ਆਦਿ ਸ਼ਾਮਲ ਹਨ। ਉਨ੍ਹਾਂ ਸਲਾਹ ਦਿੱਤੀ ਕਿ ਕਿਸਾਨਾਂ ਨੂੰ ਜ਼ਖ਼ਮ ਨੂੰ ਕੱਟਣਾ ਜਾਂ ਚੂਸਣਾ ਨਹੀਂ ਚਾਹੀਦਾ, ਸਗੋਂ ਜਲਦ ਤੋਂ ਜਲਦ ਨਜ਼ਦੀਕੀ ਪਸ਼ੂ ਹਸਪਤਾਲ ਵਿੱਚ ਜਾਣਾ ਚਾਹੀਦਾ ਹੈ ਅਤੇ ਪੀੜਤ ਪਸ਼ੂ ਦਾ ਇਲਾਜ ਸ਼ੁਰੂ ਕਰਨ ਲਈ ਤੁਰੰਤ ਵੈਟਰਨਰੀ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

# ਅਮਨ ਅਰੋੜਾ ਨੇ ਸੁਨਾਮ ਹਲਕੇ ਦੇ 30 ਪਿੰਡਾਂ ਦੀਆਂ ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ ਵੰਡੀਆਂ 2 ਕਰੋੜ ਤੋਂ ਵਧੇਰੇ ਦੀਆਂ ਗ੍ਰਾਂਟਾਂ



**ਸੁਨਾਮ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਨਵੀ ਤੇ ਨਵਿਆਉਣਯੋਗ ਊਰਜਾ ਸਰੋਤ, ਛਪਾਈ ਤੇ ਲਿਖਣ ਸਮੱਗਰੀ, ਪ੍ਰਸ਼ਾਸਕੀ ਸੁਧਾਰ ਤੇ ਸ਼ਿਕਾਇਤ ਨਿਵਾਰਣ ਅਤੇ ਰੋਜ਼ਗਾਰ ਉਤਪਤੀ ਤੇ ਸਿਖਲਾਈ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਸੁਨਾਮ ਸ਼ਹਿਰ ਵਿਖੇ ਸਥਿਤ ਆਪਣੇ ਦਫ਼ਤਰ ਵਿਖੇ ਵਿਧਾਨ ਸਭਾ ਹਲਕਾ ਸੁਨਾਮ ਊਧਮ ਸਿੰਘ ਵਾਲਾ ਅਧੀਨ ਆਉਂਦੇ 30 ਪਿੰਡਾਂ ਦੀਆਂ ਪੰਚਾਇਤਾਂ ਨੂੰ ਵਿਕਾਸ ਕਾਰਜਾਂ ਲਈ 2 ਕਰੋੜ 5 ਲੱਖ ਰੁਪਏ ਦੀਆਂ ਗ੍ਰਾਂਟਾਂ ਦੇ ਪ੍ਰਵਾਨਗੀ ਪੱਤਰ ਅਤੇ ਚੈਕ ਪ੍ਰਦਾਨ ਕੀਤੇ।ਇਸ ਮੌਕੇ ਗ੍ਰਾਮ ਪੰਚਾਇਤਾਂ ਦੇ ਨੁਮਾਇੰਦਿਆਂ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਕਿਹਾ ਕਿ ਨਵੀਆਂ ਬਣੀਆਂ ਗ੍ਰਾਮ ਪੰਚਾਇਤਾਂ ਦੇ ਸਮੂਹ ਸਰਪੰਚਾਂ ਅਤੇ ਪੰਚਾਂ ਦੀ ਇਹ ਨੈਤਿਕ ਜਿੰਮੇਵਾਰੀ ਬਣਦੀ ਹੈ ਕਿ ਪਿੰਡਾਂ ਦੇ ਵਸਨੀਕਾਂ ਦੇ ਕੰਮ ਬਿਨਾਂ ਪੱਖਪਾਤ ਅਤੇ ਪਾਰਦਰਸ਼ੀ ਢੰਗ ਨਾਲ ਕੀਤੇ ਜਾਣ ਅਤੇ ਪਿੰਡਾਂ ਵਿੱਚ ਸਾਰੀਆਂ ਬੁਨਿਆਦੀ ਸਹੂਲਤਾਂ ਉਪਲਬਧ ਕਰਵਾਉਣ ਵਿੱਚ ਕੋਈ ਢਿੱਲਮੱਠ ਨਾ ਵਰਤੀ ਜਾਵੇ। ਉਹਨਾਂ ਕਿਹਾ ਕਿ ਹਰੇਕ ਗ੍ਰਾਮ ਪੰਚਾਇਤ ਦੀ ਇੱਕੋ ਤਰਜੀਹ ਹੋਣੀ ਚਾਹੀਦੀ ਹੈ ਕਿ ਵਿਕਾਸ ਪੱਖੋਂ ਕਿਸੇ ਕਿਸਮ ਦੀ ਕਮੀ ਬਾਕੀ ਨਾ ਰਹੇ। ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਕਿਹਾ ਕਿ ਹਲਕਾ ਸੁਨਾਮ ਦੇ ਹਰ ਪਿੰਡ ਅਤੇ ਸ਼ਹਿਰੀ ਹਿੱਸੇ ਵਿੱਚ ਵੱਸਦੇ ਨਾਗਰਿਕਾਂ ਨੂੰ ਹਰ ਲੋੜੀਂਦੀ ਸਹੂਲਤ ਮੁਹੱਈਆ ਕਰਵਾਉਣ ਲਈ ਉਹ ਪਹਿਲੇ ਦਿਨ ਤੋਂ ਹੀ ਪੂਰੀ ਤਰ੍ਹਾਂ ਵਚਨਬੱਧ ਹਨ ਅਤੇ ਇਸੇ ਤਹਿਤ ਪਿੰਡਾਂ ਅਤੇ ਸ਼ਹਿਰਾਂ ਨੂੰ ਲੋੜ ਮੁਤਾਬਕ ਵਿਕਾਸ ਕਾਰਜਾਂ ਲਈ ਲਗਾਤਾਰ ਫੰਡ ਮੁਹੱਈਆ ਕਰਵਾਏ ਜਾ ਰਹੇ ਹਨ। ਉਨ੍ਹਾਂ ਨੇ ਸਰਪੰਚਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਲੋਕਾਂ ਵੱਲੋਂ ਚੁਣੇ ਗਏ ਨੁਮਾਇੰਦੇ ਦਾ ਸਭ ਤੋਂ ਮੁੱਢਲਾ ਫਰਜ਼ ਬਣਦਾ ਹੈ ਕਿ ਉਹ ਲੋਕਾਂ ਦੀ ਆਵਾਜ਼ ਬਣੇ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਅਤੇ ਮਸਲਿਆਂ ਦਾ ਤਰਜੀਹੀ ਆਧਾਰ 'ਤੇ ਹੱਲ ਕਰਨਾ ਯਕੀਨੀ ਬਣਾਏ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ, ਮੁੱਖ ਮੰਤਰੀ ਤੋਂ ਲੈ ਕੇ ਪਿੰਡ ਦੇ ਪੰਚ ਤੱਕ, ਹਰ ਪੱਧਰ ਦਾ ਨੁਮਾਇੰਦਾ ਲੋਕਾਂ ਨੂੰ ਪੂਰੀ ਤਰ੍ਹਾਂ ਜਵਾਬਦੇਹ ਹੈ ਅਤੇ ਬਿਨਾ ਕਿਸੇ ਵਿਤਕਰੇ ਤੋਂ ਪਾਰਦਰਸ਼ੀ ਢੰਗ ਨਾਲ ਲੋਕਾਂ ਦੇ ਕੰਮ ਕਰਵਾਉਣੇ ਯਕੀਨੀ ਬਣਾਏ ਜਾ ਰਹੇ ਹਨ।

ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਨੇ ਕਿਹਾ ਕਿ ਇਸੇ ਕਵਾਇਦ ਤਹਿਤ ਸੁਨਾਮ ਵਿਧਾਨ ਸਭਾ ਹਲਕੇ ਦੇ ਵੱਖ-ਵੱਖ ਸ਼ਹਿਰੀ ਅਤੇ ਦਿਹਾਤੀ ਖੇਤਰਾਂ ਵਿੱਚ ਲਗਾਤਾਰ ਅਨੇਕਾਂ ਵਿਕਾਸ ਪ੍ਰੋਜੈਕਟ ਪ੍ਰਗਤੀ ਅਧੀਨ ਹਨ। ਉਹਨਾਂ ਕਿਹਾ ਕਿ ਲੋਕਾਂ ਨਾਲ ਕੀਤੇ ਗਏ ਹਰ ਇੱਕ ਵਾਅਦੇ ਨੂੰ ਇੱਕ ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ ਅਤੇ ਨਾਲ ਹੀ ਲੋਕਾਂ ਨੂੰ ਦਰਪੇਸ਼ ਹਰ ਸਮੱਸਿਆ ਦੇ ਮੁਕੰਮਲ ਅਤੇ ਸਥਾਈ ਹੱਲ ਲਈ ਉਹ ਖੁਦ ਦਿਨ ਰਾਤ ਤਨਦੇਹੀ ਨਾਲ ਕੰਮ ਕਰ ਰਹੇ ਹਨ।

# ਕੇਜਰੀਵਾਲ 'ਤੇ ਹਮਲਾ, ਗੱਡੀ 'ਤੇ ਸੁੱਟੇ ਗਏ ਪੱਥਰ

**ਨਵੀਂ ਦਿੱਲੀ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਆਮ ਆਦਮੀ ਪਾਰਟੀ (ਆਪ) ਕਨਵੀਨਰ ਅਰਵਿੰਦ ਕੇਜਰੀਵਾਲ 'ਤੇ ਹਮਲਾ ਕੀਤਾ ਗਿਆ ਹੈ। ਉਨ੍ਹਾਂ ਦੀ ਗੱਡੀ 'ਤੇ ਪੱਥਰ ਸੁੱਟੇ ਗਏ, ਜਿਸ ਨਾਲ ਭਾਜੜ ਪੈ ਗਈ। ਕੇਜਰੀਵਾਲ ਨੂੰ ਕਾਲੇ ਝੰਡੇ ਵੀ ਦਿਖਾਏ ਗਏ। ਪੁਲਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

'ਆਪ' ਵਲੋਂ ਬਿਆਨ ਜਾਰੀ ਕਰ ਕੇ ਕਿਹਾ ਗਿਆ ਹੈ ਕਿ ਕੇਜਰੀਵਾਲ 'ਤੇ ਪ੍ਰਵੇਸ਼ ਵਰਮਾ ਦੇ ਗੁੰਡਿਆਂ ਨੇ ਹਮਲਾ ਕੀਤਾ ਹੈ। ਨਵੀਂ ਦਿੱਲੀ ਵਿਧਾਨ ਸਭਾ 'ਚ ਪ੍ਰਚਾਰ ਕਰਦੇ ਸਮੇਂ ਇਹ ਹਮਲਾ ਕੀਤਾ ਗਿਆ ਹੈ। ਸਥਾਨਕ ਲੋਕਾਂ ਨਾਲ ਪ੍ਰਵੇਸ਼ ਵਰਮਾ ਦੇ ਗੁੰਡਿਆਂ ਦੀ ਝੜਪ ਹੋਈ ਹੈ। ਸਥਾਨਕ ਲੋਕਾਂ ਨੇ ਭਾਜਪਾ ਦੇ ਗੁੰਡਿਆਂ ਨੂੰ ਦੌੜਾ ਦਿੱਤਾ। ਉੱਥੇ ਹੀ ਪ੍ਰਵੇਸ਼ ਵਰਮਾ ਵਲੋਂ ਬਿਆਨ ਜਾਰੀ ਕਰ



ਕੇ ਕਿਹਾ ਗਿਆ ਹੈ,"ਸਵਾਲ ਪੁੱਛਦੀ ਜਨਤਾ 'ਤੇ ਕੇਜਰੀਵਾਲ ਨੇ ਆਪਣੀ ਗੱਡੀ ਨਾਲ 2 ਨੌਜਵਾਨਾਂ ਨੂੰ ਟੱਕਰ ਮਾਰ ਦਿੱਤੀ। ਦੋਵਾਂ ਨੂੰ ਹਸਪਤਾਲ ਲਿਜਾਇਆ ਗਿਆ ਹੈ। ਹਾਰ ਸਾਹਮਣੇ ਦੇਖ ਕੇ ਲੋਕਾਂ ਦੀ ਜਾਨ ਦੀ ਕੀਮਤ ਵੀ ਭੁੱਲ ਗਏ, ਮੈਂ ਹਸਪਤਾਲ ਜਾ ਰਿਹਾ ਹਾਂ।"

# ਜੰਮੂ ਦੇ ਪਿੰਡ 'ਚ ਰਹੱਸਮਈ 16 ਮੌਤਾਂ ਤੋਂ ਅਧਿਕਾਰੀ ਹੈਰਾਨ

## ਜਾਂਚ ਲਈ ਐਸਪੀ ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਟੀਮ ਬਣਾਈ

**ਰਾਜੌਰੀ/ਜੰਮੂ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਜੰਮੂ ਡਿਵੀਜ਼ਨ ਦੇ ਛੋਟੇ ਜਿਹੇ ਪਿੰਡ ਵਿੱਚ ਭੇਤਭਰੀ ਬਿਮਾਰੀ ਨੇ 16 ਜਣਿਆਂ ਦੀ ਜਾਨ ਲੈ ਲਈ, ਜਿਸ ਤੋਂ ਅਧਿਕਾਰੀ ਹੈਰਾਨ ਹਨ ਅਤੇ ਪਹਿਲੀ ਮੌਤ ਦੇ ਦੋ ਮਹੀਨਿਆਂ ਬਾਅਦ ਵੀ ਇਸ ਦੇ ਕਾਰਨਾਂ ਦਾ ਪਤਾ ਲਗਾਉਣ ਵਿੱਚ ਅਸਮਰੱਥ ਹਨ। ਮੌਤਾਂ ਦੇ ਕਾਰਨਾਂ ਦੀ ਜਾਂਚ ਲਈ ਬੁੱਢਲ ਦੇ ਐੱਸਪੀ (ਅਪਰੇਸ਼ਨ) ਵਜਾਹਤ ਹੁਸੈਨ ਦੀ ਅਗਵਾਈ ਹੇਠ 11 ਮੈਂਬਰੀ ਸਿੱਟ ਬਣਾਈ ਗਈ ਹੈ। ਜੱਟੀ ਬੇਗ਼ਮ (60) ਨਾਂ ਦੀ ਔਰਤ ਦੀ ਅੱਜ ਮੌਤ ਹੋ ਗਈ ਅਤੇ ਇੱਕ ਹੋਰ ਲੜਕੀ ਇਸ ਸਮੇਂ ਜ਼ਿੰਦਗੀ ਲਈ ਜੂਝ ਰਹੀ ਹੈ। ਪੀੜਤ ਰਾਜੌਰੀ ਜ਼ਿਲ੍ਹੇ ਦੇ ਕੋਟਰੰਕਾ ਸਬ-ਡਿਵੀਜ਼ਨ ਦੇ ਬਢਹਾਲ ਪਿੰਡ ਦੇ ਵਸਨੀਕ ਹਨ ਜਿੱਥੇ ਪਿਛਲੇ ਸਾਲ ਦਸੰਬਰ ਤੋਂ ਤਿੰਨ ਪਰਿਵਾਰਾਂ ਦੇ 16 ਮੈਂਬਰਾਂ ਦੀ ਮੌਤ ਹੋ ਚੁੱਕੀ ਹੈ। ਇਨ੍ਹਾਂ ਵਿੱਚੋਂ ਐਤਵਾਰ ਤੋਂ ਹੁਣ ਤੱਕ ਸੱਤ ਜਣੇ ਦਮ ਤੋੜ ਚੁੱਕੇ ਹਨ।



**ਉਮਰ ਵੱਲੋਂ ਮੌਤਾਂ ਦੀ ਜਾਂਚ 'ਚ ਤੇਜ਼ੀ ਲਿਆਉਣ ਦੇ ਨਿਰਦੇਸ਼**

ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਰਾਜੌਰੀ ਜ਼ਿਲ੍ਹੇ ਦੇ ਬਦਹਾਲ ਪਿੰਡ ਵਿੱਚ ਰਹੱਸਮਈ ਬਿਮਾਰੀ ਬਾਰੇ ਚਰਚਾ ਲਈ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਉਨ੍ਹਾਂ ਸਿਹਤ ਤੇ ਪੁਲੀਸ ਅਧਿਕਾਰੀਆਂ ਨੂੰ ਮੌਤਾਂ ਦੀ ਜਾਂਚ ਵਿੱਚ ਤੇਜ਼ੀ ਲਿਆਉਣ ਅਤੇ ਮੌਤਾਂ ਦੇ ਕਾਰਨਾਂ ਦਾ ਪਤਾ ਲਾਉਣ ਦੇ ਨਿਰਦੇਸ਼ ਦਿੱਤੇ ਹਨ।

ਅਬਦੁੱਲਾ ਨੇ ਮੀਟਿੰਗ ਦੌਰਾਨ ਕਿਹਾ, "ਇਨ੍ਹਾਂ ਮੌਤਾਂ ਦੇ ਕਾਰਨਾਂ ਦਾ ਪਤਾ ਨਾ ਲੱਗਣਾ ਕਾਫ਼ੀ ਚਿੰਤਾਜਨਕ ਹੈ। ਸਰਕਾਰ ਮੂਲ ਕਾਰਨ ਦਾ ਪਤਾ ਲਾਉਣ ਅਤੇ ਸਾਡੇ ਲੋਕਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਸਾਰੇ ਵਿਭਾਗਾਂ ਨੂੰ ਸਹਿਯੋਗ ਕਰਨਾ ਚਾਹੀਦਾ ਹੈ ਅਤੇ ਇਸ ਮੁੱਦੇ ਨੂੰ ਹੱਲ ਕਰਨ ਵਿੱਚ ਕੋਈ ਕਸਰ ਨਹੀਂ ਛੱਡਣੀ ਚਾਹੀਦੀ।"

# ਸੜਕ ਹਾਦਸੇ 'ਚ 2 ਨੌਜਵਾਨ ਹਲਾਕ, 3 ਗੰਭੀਰ ਜ਼ਖ਼ਮੀ

**ਪਾਤੜਾਂ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਸੜਕ ਹਾਦਸੇ 'ਚ ਬੁਰੀ ਤਰ੍ਹਾਂ ਨੁਕਸਾਨੀ ਗਈ ਕਾਰ।

ਦਿੱਲੀ-ਸੰਗਰੂਰ ਕੌਮੀ ਮਾਰਗ 'ਤੇ ਪਿੰਡ ਦੁਗਾਲ ਕਲਾਂ ਨੇੜੇ ਦੇਰ ਰਾਤ ਇੱਕ ਵਰਨਾ ਕਾਰ ਡਿਵਾਈਡਰ ਨਾਲ ਟਕਰਾ ਕੇ ਪਲਟ ਗਈ ਜਿਸ ਕਾਰਨ ਇਸ ਵਿੱਚ ਸਵਾਰ 2 ਨੌਜਵਾਨਾਂ ਦੀ ਮੌਤ ਹੋ ਗਈ ਅਤੇ 3 ਹੋਰ ਗੰਭੀਰ ਰੂਪ 'ਚ ਜ਼ਖ਼ਮੀ ਹੋਏ ਹਨ।

ਸੂਚਨਾ ਮਿਲਣ 'ਤੇ ਸੜਕ ਸੁਰੱਖਿਆ ਫੋਰਸ ਦੇ ਦਸਤੇ ਕੇ ਪਹੁੰਚ ਕੇ ਕਾਰ ਸਵਾਰਾਂ ਦੀ ਮਦਦ ਕੀਤੀ। ਇਸੇ ਦੌਰਾਨ ਪੁਲੀਸ ਪਾਰਟੀ ਨੇ ਸਥਿਤੀ ਦਾ ਜਾਇਜ਼ਾ ਲੈਣ ਉਪਰੰਤ ਬਣਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਸੜਕ ਸੁਰੱਖਿਆ ਫੋਰਸ ਦੇ ਦਸਤੇ ਨੇ ਦੱਸਿਆ ਹੈ ਕਿ ਰਾਤ ਕਰੀਬ ਡੇਢ ਵਜੇ ਇਹ ਵਿਅਕਤੀ ਦਿੜ੍ਹਬੇ ਤੋਂ ਵਿਆਹ ਦੇਖ ਕੇ ਆ ਰਹੇ ਸਨ। ਜਿਉਂ ਹੀ ਉਨ੍ਹਾਂ ਦੀ ਕਾਰ ਪਿੰਡ ਦੁਗਾਲ ਕੋਲ ਪਹੁੰਚੀ ਤਾਂ ਬੇਕਾਬੂ ਹੋ ਕੇ ਡਿਵਾਈਡਰ ਨਾਲ ਟਕਰਾ ਗਈ ਅਤੇ ਪਲਟ ਗਈ।

ਇਸ ਕਾਰਨ ਕਾਰ 'ਚ ਸਵਾਰ ਅੰਸੁਲ ਗਰਗ (23) ਤੇ ਅਤੁਲ (27) ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਹਿਮਾਂਸ਼ੂ ਗਰਗ ਅਤੇ ਸਾਹਿਲ ਸਮੇਤ ਤਿੰਨ ਨੌਜਵਾਨ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ।

ਜ਼ਖ਼ਮੀਆਂ ਨੂੰ ਇਲਾਜ ਲਈ ਪਟਿਆਲਾ ਦੇ ਹਸਪਤਾਲ ਵਿਚ ਭੇਜ ਦਿੱਤਾ ਗਿਆ ਹੈ।

ਹਾਦਸੇ ਦਾ ਸ਼ਿਕਾਰ ਹੋਏ ਨੌਜਵਾਨ ਹਰਿਆਣਾ ਦੇ ਸ਼ਹਿਰ ਜਾਖਲ ਦੇ ਰਹਿਣ ਵਾਲੇ ਦੱਸੇ ਜਾ ਰਹੇ ਹਨ। ਹਾਦਸੇ ਵਿਚ ਕਾਰ ਵੀ ਬੁਰੀ ਤਰ੍ਹਾਂ ਤਬਾਹ ਹੋ ਗਈ।

# 34ਵੀਂ ਵਿਸ਼ਵ ਪੰਜਾਬੀ ਕਾਨਫਰੰਸ 'ਚ ਹਿੱਸਾ ਲੈਣ ਲਈ ਭਾਰਤ ਤੋਂ 65 ਮੈਂਬਰੀ ਵਫ਼ਦ ਅਟਾਰੀ ਸੜਕ ਰਸਤੇ ਪਾਕਿ ਪੁੱਜਾ



**ਅੰਮ੍ਰਿਤਸਰ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਲਾਹੌਰ ਵਿਖੇ 19 ਤੋਂ 21 ਜਨਵਰੀ ਤੱਕ ਹੋਣ ਵਾਲੀ 34ਵੀਂ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਹਿੱਸਾ ਲੈਣ ਵਾਸਤੇ ਭਾਰਤ ਤੋਂ 65 ਮੈਂਬਰੀ ਵਫ਼ਦ ਅੱਜ ਵਾਹਗਾ-ਅਟਾਰੀ ਸਰਹੱਦ ਰਸਤੇ ਪਾਕਿਸਤਾਨ ਪੁੱਜ ਗਿਆ ਹੈ। ਇਹ ਵਫ਼ਦ ਪਾਕਿਸਤਾਨ ਦੇ ਸਾਬਕਾ ਵਜ਼ੀਰ ਫ਼ਖ਼ਰ ਜ਼ਮਾਨ ਦੇ ਸੱਦੇ ਉੱਪਰ ਇਸ ਕਾਨਫਰੰਸ ਵਿੱਚ ਹਿੱਸਾ ਲੈਣ ਗਿਆ ਹੈ।

ਭਾਰਤੀ ਵਫਦ ਦੀ ਅਗਵਾਈ ਵਿਸ਼ਵ ਪੰਜਾਬੀ ਕਾਨਫਰੰਸ ਦੇ ਭਾਰਤੀ ਚੈਪਟਰ ਦੇ ਕੋਆਰਡੀਨੇਟਰ ਸਹਿਜਪ੍ਰੀਤ ਸਿੰਘ ਮਾਂਗਟ, ਚੇਅਰਮੈਨ ਡਾ. ਦੀਪਕ ਮਨਮੋਹਨ ਸਿੰਘ ਅਤੇ ਉੱਘੇ ਕਵੀ ਤੇ ਪੰਜਾਬੀ ਵਿਰਾਸਤ ਲੋਕ ਅਕਾਡਮੀ ਦੇ ਚੇਅਰਮੈਨ ਗੁਰਭਜਨ ਸਿੰਘ ਗਿੱਲ ਕਰ ਰਹੇ ਹਨ। ਇਸ ਵਾਰ ਕਾਨਫਰੰਸ ਸੂਫੀਇਜ਼ਮ ਬਾਰੇ ਹੋਵੇਗੀ, ਜਿਸ ਵਿੱਚ ਵੱਖ-ਵੱਖ ਪੇਪਰ ਪੜ੍ਹੇ ਜਾਣਗੇ ਤੇ ਵਿਚਾਰਾਂ ਹੋਣਗੀਆਂ।

ਪਾਕਿਸਤਾਨ ਗਏ ਵਫਦ ਵਿੱਚ ਸਾਹਿਤ ਕਲਾ, ਸੱਭਿਆਚਾਰ ਅਤੇ ਪੱਤਰਕਾਰੀ ਖੇਤਰ ਨਾਲ ਜੁੜੀਆਂ ਉੱਘੀਆਂ ਸਖ਼ਸ਼ੀਅਤਾਂ ਤੋਂ ਇਲਾਵਾ ਸਾਬਕਾ ਆਈਏਐਸ, ਆਈਪੀਐਸ ਅਧਿਕਾਰੀ, ਪ੍ਰੋਫੈਸਰ ਆਦਿ ਸ਼ਾਮਲ ਹਨ। ਕਾਨਫਰੰਸ ਦੌਰਾਨ ਗੁਰਭਜਨ ਸਿੰਘ ਗਿੱਲ, ਸਹਿਜਪ੍ਰੀਤ ਸਿੰਘ ਮਾਂਗਟ, ਤ੍ਰੈਲੋਚਨ ਲੋਚੀ ਤੇ ਨਵਦੀਪ ਸਿੰਘ ਗਿੱਲ ਦੀਆਂ ਗੁਰਮੁਖੀ ਦੇ ਨਾਲ ਸ਼ਾਹਮੁਖੀ ਵਿੱਚ ਪ੍ਰਕਾਸ਼ਿਤ ਨਵੀਆਂ ਪੁਸਤਕਾਂ ਵੀ ਰਿਲੀਜ਼ ਹੋਣਗੀਆਂ।

ਵਫ਼ਦ ਵਿੱਚ ਦਰਸ਼ਨ ਸਿੰਘ ਬੁੱਟਰ, ਡਾ ਸੁਖਦੇਵ ਸਿਰਸਾ, ਕਾਹਨ ਸਿੰਘ ਪੰਨੂੰ, ਗੁਰਪ੍ਰੀਤ ਸਿੰਘ ਤੂਰ, ਜੰਗ ਬਹਾਦਰ ਗੋਇਲ, ਅੰਮ੍ਰਿਤ ਕੌਰ ਗਿੱਲ, ਪੰਮੀ ਬਾਈ, ਡੌਲੀ ਗੁਲੇਰੀਆ, ਸੁਨੀਤਾ ਧੀਰ ਆਦਿ ਪ੍ਰਮੁੱਖ ਸ਼ਖਸੀਅਤਾਂ ਹਨ। ਵਫ਼ਦ ਵੱਲੋਂ ਲਾਹੌਰ ਦੇ ਨਾਲ-ਨਾਲ ਨਨਕਾਣਾ ਸਾਹਿਬ, ਕਰਤਾਰਪੁਰ ਸਾਹਿਬ, ਗੁਜਰਾਂਵਾਲਾ ਤੇ ਕਸੂਰ ਦਾ ਵੀ ਦੌਰਾ ਕੀਤਾ ਜਾਵੇਗਾ।

# ਮਹਾਕੁੰਭ 'ਚ ਸ਼ਾਮਲ ਹੋਣ ਲਈ ਪ੍ਰਯਾਗਰਾਜ ਜਾਣਗੇ ਅਮਿਤ ਸ਼ਾਹ



**ਨਵੀਂ ਦਿੱਲੀ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ 'ਚ ਚੱਲ ਰਹੇ ਮਹਾਕੁੰਭ ਦੌਰਾਨ ਸੰਗਮ 'ਚ ਡੁਬਕੀ ਲਗਾਉਣ ਲਈ ਪ੍ਰਯਾਗਰਾਜ ਜਾ ਸਕਦੇ ਹਨ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਅਮਿਤ ਸ਼ਾਹ 28 ਜਾਂ 29 ਜਨਵਰੀ ਨੂੰ ਪ੍ਰਯਾਗਰਾਜ ਜਾ ਸਕਦੇ ਹਨ। ਸੂਤਰ ਨੇ ਕਿਹਾ,"ਸ਼੍ਰੀ ਸ਼ਾਹ ਦਾ ਮੰਨਣਾ ਹੈ ਕਿ ਮਹਾਕੁੰਭ ਸਾਡੇ ਸਾਰਿਆਂ ਲਈ ਜੀਵਨ 'ਚ ਬਹੁਤ ਕਿਸਮਤ ਨਾਲ ਆਉਂਦਾ ਹੈ। ਇਹ ਅਜਿਹਾ ਮਹਾਕੁੰਭ ਹੈ, ਜੋ 144 ਸਾਲ ਬਾਅਦ ਆਇਆ ਹੈ। ਇਸ ਲਈ ਉਸ ਇਸ 'ਚ ਸ਼ਾਮਲ ਹੋਣਾ ਚਾਹੁੰਦੇ ਹਨ।"

ਸੂਤਰਾਂ ਅਨੁਸਾਰ ਸ਼੍ਰੀ ਸ਼ਾਹ ਦੇ ਪ੍ਰਯਾਗਰਾਜ ਦੌਰੇ ਨੂੰ ਲੈ ਕੇ ਤਿਆਰੀਆਂ ਚੱਲ ਰਹੀਆਂ ਹਨ। ਉਮੀਦ ਹੈ ਕਿ ਉਹ (ਸ਼੍ਰੀ ਸ਼ਾਹ) 28 ਜਾਂ 29 ਜਨਵਰੀ ਨੂੰ ਪ੍ਰਯਾਗਰਾਜ ਜਾਣਗੇ। ਦੱਸਣਯੋਗ ਹੈ ਕਿ ਆਸਥਾ, ਧਾਰਮਿਕ ਅਤੇ ਸੰਸਕ੍ਰਿਤੀ ਮਹੱਤਵ ਦੇ ਪ੍ਰਤੀਕ ਮਹਾਕੁੰਭ 'ਚ ਇਸ ਸਮੇਂ ਸ਼ਰਧਾਲੂਆਂ ਦਾ ਸੈਲਾਬ ਲੱਗਾ ਹੋਇਆ ਹੈ। 13 ਜਨਵਰੀ ਤੋਂ 26 ਫਰਵਰੀ ਤੱਕ ਚੱਲਣ ਵਾਲੇ ਪ੍ਰਯਾਗਰਾਜ ਮਹਾਕੁੰਭ 'ਚ 40 ਕਰੋੜ ਤੋਂ ਵੱਧ ਲੋਕਾਂ ਦੇ ਸ਼ਾਮਲ ਹੋਣ ਦੀ ਉਮੀਦ ਹੈ।

# ਕਿਸਾਨ ਏਕਤਾ ਦੇ ਮੁੱਦੇ 'ਤੇ ਹੋਈ ਦੂਜੀ ਮੀਟਿੰਗ ਵੀ ਰਹੀ ਬੇਸਿੱਟਾ



ਮੀਟਿੰਗ ਤੋਂ ਬਾਅਦ ਪ੍ਰੈਸ ਕਾਨਫਰਸ ਨੂੰ ਸੰਬੋਧਨ ਕਰਦੇ ਹੋਏ ਐਸਕੇਐੱਮ ਦੀ ਛੇ ਮੈਂਬਰੀ ਤਾਲਮੇਲ ਕਮੇਟੀ ਦੇ ਮੈਂਬਰ ਜੋਗਿੰਦਰ ਸਿੰਘ ਉਗਰਾਹਾਂ, ਬਲਵੀਰ ਸਿੰਘ ਰਾਜੇਵਾਲ ਤੇ ਹੋਰ।

**ਪਟਿਆਲਾ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਿਕ) ਅਤੇ ਕਿਸਾਨ ਮਜ਼ਦੂਰ ਮੋਰਚਾ ਨਾਲ ਐਸਕੇਐਮ ਦੀ ਛੇ ਮੈਂਬਰੀ ਤਾਲਮੇਲ ਕਮੇਟੀ ਦੀ ਅੱਜ ਪਾਤੜਾਂ ਵਿਖੇ ਹੋਈ ਦੂਜੀ ਮੀਟਿੰਗ ਵੀ ਬੇਸਿੱਟਾ ਰਹੀ।

ਭਾਵੇਂ ਤਿੰਨੋਂ ਧਿਰਾਂ ਦਰਮਿਆਨ ਘੱਟ ਤੋਂ ਘੱਟ ਏਕਤਾ ਦੇ ਮੁੱਦੇ 'ਤੇ ਵੀ ਵਿਚਾਰ ਚਰਚਾ ਹੋਈ, ਪਰ ਮੀਟਿੰਗ ਖਤਮ ਹੋਣ ਤੱਕ ਏਕੇ ਦੇ ਮੁੱਦੇ 'ਤੇ ਮੋਹਰ ਨਹੀਂ ਲੱਗ ਸਕੀ। ਇਸ ਵਾਰ ਦਾ ਇੱਕ ਅਹਿਮ ਪਹਿਲੂ ਇਹ ਵੀ ਰਿਹਾ ਕਿ ਪਿਛਲੀ ਵਾਰ ਦੀ ਤਰ੍ਹਾਂ ਐਤਕੀ ਤਾਂ ਤਿੰਨਾਂ ਧੜਿਆਂ ਵੱਲੋਂ ਸਾਂਝੀ ਪ੍ਰੈਸ ਕਾਨਫਰੰਸ ਵੀ ਨਾ ਕੀਤੀ ਗਈ।

ਉਂਝ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਵਨ ਸਿੰਘ ਪੰਧੇਰ, ਮਨਜੀਤ ਸਿੰਘ ਰਾਏ, ਗੁਰਿੰਦਰ ਸਿੰਘ ਭੰਗੂ ਤੇ ਹੋਰਾਂ ਦਾ ਕਹਿਣਾ ਸੀ ਕਿ ਘੱਟ ਤੋਂ ਘੱਟ ਪ੍ਰੋਗਰਾਮਾਂ 'ਤੇ ਏਕਤਾ ਦੇ ਮੁੱਦੇ 'ਤੇ ਵੀ ਗੱਲਬਾਤ ਚੱਲੀ, ਪਰ ਇਸ ਸਬੰਧੀ ਐਸਕੇਐਮ ਨੇ ਅਜੇ ਸਮਾਂ ਮੰਗਿਆ ਹੈ।

# ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਲਈ 30.35 ਕਰੋੜ ਦੀ ਰਾਸ਼ੀ ਜਾਰੀ: ਡਾ. ਬਲਜੀਤ ਕੌਰ

## ➢ ਅਸ਼ੀਰਵਾਦ ਸਕੀਮ ਤਹਿਤ 16 ਜ਼ਿਲ੍ਹਿਆਂ ਦੇ 5951 ਲਾਭਪਾਤਰੀਆਂ ਨੂੰ ਮਿਲੇਗਾ ਲਾਭ ➢ ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਵਚਨਬੱਧ

**ਚੰਡੀਗੜ੍ਹ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਤਹਿਤ ਚਾਲੂ ਵਿੱਤੀ ਸਾਲ 2024-25 ਦੌਰਾਨ ਅਨੁਸੂਚਿਤ ਜਾਤੀਆਂ ਦੇ 5951 ਲਾਭਪਾਤਰੀਆਂ ਨੂੰ 30.35 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਹੈ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਸ਼ੀਰਵਾਦ ਫਾਰ ਅਨੁਸੂਚਿਤ ਜਾਤੀਆਂ ਸਕੀਮ ਅਧੀਨ ਜਿਲਾ ਬਰਨਾਲਾ, ਬਠਿੰਡਾ, ਫਰੀਦਕੋਟ, ਫਿਰੋਜਪੁਰ, ਸ੍ਰੀ ਫਤਹਿਗੜ੍ਹ ਸਾਹਿਬ, ਫਾਜਿਲਕਾ, ਹੁਸ਼ਿਆਰਪੁਰ, ਜਲੰਧਰ, ਮਾਨਸਾ, ਸ੍ਰੀ ਮੁਕਤਸਰ ਸਾਹਿਬ, ਪਟਿਆਲਾ, ਰੂਪਨਗਰ, ਐਸ.ਏ.ਐਸ.ਨਗਰ, ਐਸ.ਬੀ.ਐਸ.ਨਗਰ, ਸੰਗਰੂਰ ਅਤੇ ਮਾਲੇਰਕੋਟਲਾ ਦੇ ਸਾਲ 2023-24 ਅਤੇ 2024-25 ਦੇ ਅਨੁਸੂਚਿਤ ਜਾਤੀਆਂ ਦੇ ਲਾਭਪਾਤਰੀਆਂ ਦੀਆਂ ਪੈਂਡਿੰਗ ਦਰਖਾਸਤਾਂ ਸਾਲ 2024-25 ਦੌਰਾਨ ਅਸ਼ੀਰਵਾਦ ਪੋਰਟਲ ਤੇ ਪ੍ਰਾਪਤ ਕੁੱਲ 5951 ਲਾਭਪਾਤਰੀਆਂ ਨੂੰ ਕਵਰ ਕਰਨ ਲਈ 30.35 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਹੈ।

ਸਮਾਜਿਕ ਨਿਆਂ ਮੰਤਰੀ ਨੇ ਦੱਸਿਆ ਕਿ ਇਸ ਰਾਸ਼ੀ ਨਾਲ ਬਰਨਾਲਾ ਦੇ 136, ਬਠਿੰਡਾ ਦੇ 455, ਫਰੀਦਕੋਟ ਦੇ 187, ਫਿਰੋਜ਼ਪੁਰ ਦੇ 1230 ਫਤਿਹਗੜ੍ਹ ਸਾਹਿਬ ਦੇ 192, ਫਾਜ਼ਿਲਕਾ ਦੇ 347, ਹੁਸ਼ਿਆਰਪੁਰ ਦੇ 189, ਜਲੰਧਰ ਦੇ 1263 ਲਾਭਪਾਤਰੀਆਂ ਨੂੰ ਵਿੱਤੀ ਲਾਭ ਦਿੱਤਾ ਗਿਆ ਹੈ। ਇਸੇ ਤਰ੍ਹਾਂ ਮਾਨਸਾ ਦੇ 271, ਸ੍ਰੀ ਮੁਕਤਸਰ ਸਾਹਿਬ ਦੇ 90, ਪਟਿਆਲਾ ਦੇ 530, ਰੂਪਨਗਰ ਦੇ 199, ਐਸ.ਏ.ਐਸ. ਨਗਰ ਦੇ 218, ਐਸ.ਬੀ.ਐਸ. ਨਗਰ ਦੇ 166, ਸੰਗਰੂਰ ਦੇ 408 ਅਤੇ ਮਲੇਰਕੋਟਲਾ ਦੇ 70 ਲਾਭਪਾਤਰੀਆਂ ਨੂੰ ਵੀ ਵਿੱਤੀ ਲਾਭ ਦਿੱਤਾ ਗਿਆ ਹੈ। ਡਾ. ਬਲਜੀਤ ਕੌਰ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਤਹਿਤ ਸੂਬਾ ਸਰਕਾਰ ਵੱਲੋਂ ਰਾਜ ਵਿੱਚ ਘੱਟ ਆਮਦਨੀ ਵਾਲੇ ਪਰਿਵਾਰ ਨਾਲ ਸਬੰਧਤ ਲੜਕੀਆਂ ਦੇ ਵਿਆਹ ਲਈ 51,000 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਅਸ਼ੀਰਵਾਦ ਸਕੀਮ ਦਾ ਲਾਭ ਲੈਣ ਲਈ ਬਿਨੈਕਾਰ ਪੰਜਾਬ ਰਾਜ ਦਾ ਸਥਾਈ ਨਾਗਰਿਕ ਹੋਵੇ, ਉਸ ਦਾ ਪਰਿਵਾਰ ਗਰੀਬੀ ਰੇਖਾ ਤੋਂ ਹੇਠਾਂ ਦਾ ਹੋਵੇ, ਬਿਨੈਕਾਰ ਅਨੁਸੂਚਿਤ ਜਾਤੀ, ਪੱਛੜੀਆਂ ਸ੍ਰੇਣੀਆਂ ਅਤੇ ਹੋਰ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਨਾਲ ਸਬੰਧਤ ਹੋਵੇ ਅਤੇ ਪਰਿਵਾਰ ਦੀ ਸਾਰੇ ਸਾਧਨਾ ਤੋ ਸਲਾਨਾ ਆਮਦਨ 32,790 ਰੁਪਏ ਤੋਂ ਘੱਟ ਹੋਵੇ, ਅਜਿਹੇ ਪਰਿਵਾਰਾਂ ਦੀਆਂ ਦੋ ਧੀਆਂ ਇਸ ਸਕੀਮ ਦਾ ਲਾਭ ਲੈਣ ਦੇ ਯੋਗ ਹਨ।

ਮੰਤਰੀ ਨੇ ਅੱਗੇ ਦੱਸਿਆ ਕਿ ਵਿੱਤੀ ਸਹਾਇਤਾ ਦੀ ਅਦਾਇਗੀ ਸਿੱਧੀ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾਂਦੀ ਹੈ।ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਹਰ ਵਰਗ ਦੇ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਅਤੇ ਉਨ੍ਹਾ ਨੂੰ ਆਰਥਿਕ ਤੌਰ ਤੇ ਹੋਰ ਮਜ਼ਬੂਤ ਕਰਨ ਲਈ ਤੇਜ਼ੀ ਨਾਲ ਕੰਮ ਕਰ ਰਹੀ ਹੈ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜਿੱਥੇ ਹਰ ਵਰਗ ਦੀ ਭਲਾਈ ਲਈ ਲਗਾਤਾਰ ਯਤਨਸ਼ੀਲ ਹੈ, ਉਥੇ ਹੀ ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਵੀ ਲਗਾਤਾਰ ਕਾਰਜਸ਼ੀਲ ਹੈ। ਪੰਜਾਬ ਸਰਕਾਰ ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ।

# 50 ਲੱਖ ਰੁਪਏ ਦੀ ਲਾਗਤ ਨਾਲ ਉਸਾਰੀ ਅਤਿ-ਆਧੁਨਿਕ ਲਾਇਬ੍ਰੇਰੀ ਅਤੇ ਸਟੱਡੀ ਸੈਂਟਰ ਦਾ ਕੀਤਾ ਉਦਘਾਟਨ

**ਮਾਲੇਰਕੋਟਲਾ, 19 ਜਨਵਰੀ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਇਕ ਮਾਲੇਰਕੋਟਲਾ ਡਾ ਜਮੀਲ ਉਰ ਰਹਿਮਾਨ ਨੇ ਸਥਾਨਕ ਮਸਜਿਦ ਬੰਗਲੇ ਵਾਲੀ, ਸ਼ੇਰਵਾਨੀ ਗੇਟ ਵਿਖੇ 50 ਲੱਖ ਰੁਪਏ ਦੀ ਲਾਗਤ ਨਾਲ ਬਣੀ ਆਧੁਨਿਕ ਇਮਾਮ ਗ਼ਜ਼ਾਲੀ ਲਾਇਬ੍ਰੇਰੀ ਅਤੇ ਸਟੱਡੀ ਸੈਂਟਰ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਬਠਿੰਡਾ - ਕਮ ਪ੍ਰਸ਼ਾਸਕ ਪੰਜਾਬ ਵਕਫ਼ ਬੋਰਡ ਸ਼ੌਕਤ ਅਹਿਮਦ ਪੈਰੇ ਅਤੇ ਸੀਈਓ ਪੰਜਾਬ ਵਕਫ਼ ਬੋਰਡ ਲਤੀਫ਼ ਅਹਿਮਦ , ਸਰਪੰਚ ਗੁਰਮੀਤ ਸਿੰਘ ਬੁਰਜ, ਜਫ਼ਰ ਅਲੀ, ਸੋਸ਼ਲ ਮੀਡੀਆ ਇੰਚਾਰਜ ਯਾਸਰ ਅਰਫਆਤ, ਅਸ਼ਰਫ ਅਬਦੁੱਲਾ, ਰਾਹੀਲਾ ਖਾਨ, ਸਭਾ ਸ਼ਾਹੀਨ, ਮੁਹੰਮਦ ਜਮੀਲ, ਇਲਿਆਸ ਅੰਸਾਰੀ, ਮੁਹੰਮਦ ਹਨੀਫ ਤੋਂ ਇਲਾਵਾ ਬੋਰਡ ਅਧੀਨ ਚਲਦੇ ਵਿੱਦਿਅਕ ਅਦਾਰਿਆਂ ਦਾ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।ਵਿਧਾਇਕ ਮਾਲੇਰਕੋਟਲਾ ਨੇ ਕਿਹਾ ਕਿ ਪੰਜਾਬ ਵਕਫ਼ ਬੋਰਡ ਵਲੋਂ ਤਿਆਰ ਕੀਤੀ ਆਧੁਨਿਕ ਲਾਇਬ੍ਰੇਰੀ ਅਤੇ ਅਧਿਐਨ ਕੇਂਦਰ ਭਵਿੱਖਮੁਖੀ ਸਹੂਲਤ ਵਿਦਿਆਰਥੀਆਂ ਲਈ ਸਿੱਖਣ ਦੇ ਤਜ਼ਰਬੇ ਵਿੱਚ ਕ੍ਰਾਂਤੀ ਲਿਆਉਣ ਲਈ




ਤਿਆਰ ਕੀਤੀ ਗਈ ਹੈ ਜੋ ਕਿ ਨੌਜਵਾਨਾਂ ਨੂੰ ਅਕਾਦਮਿਕ ਕੰਮਾਂ ਲਈ ਇੱਕ ਵਿਸ਼ਵ-ਪੱਧਰੀ ਵਾਤਾਵਰਣ ਪ੍ਰਦਾਨ ਕਰਨ ਵਿੱਚ ਸਹਾਇਕ ਸਿੱਧ ਹੋਵੇਗੀ।

ਉਨ੍ਹਾਂ ਹੋਰ ਕਿਹਾ ਕਿ ਉਹ ਕੌਮਾਂ ਦੁਨੀਆਂ ਵਿੱਚ ਤਰੱਕੀਆਂ ਕਰਦੀਆਂ ਹਨ ਜਿਹੜੀਆਂ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਕੰਮ ਕਰਦਿਆ ਆਪਣੀ ਨੌਜਵਾਨੀ ਨੂੰ ਨਸ਼ਿਆਂ ਵਰਗੀਆਂ ਅਲਾਮਤਾਂ ਤੋਂ ਬਚਾਉਂਦੀਆਂ ਹਨ । ਪੜ੍ਹਨ ਅਤੇ ਖੇਡਣ ਦਾ ਰੁਝਾਨ ਪੈਦਾ ਕਰਕੇ ਹੀ ਅਸੀਂ ਆਪਣੀ ਜਵਾਨੀ ਨੂੰ ਸਾਂਭ ਸਕਦੇ ਹਾਂ ਇਸ ਲਈ ਹਮੇਸ਼ਾ ਹੀ ਸਾਨੂੰ ਆਪਣੇ ਨੌਜਵਾਨਾਂ ਦੀ ਬੇਹਤਰੀ ਲਈ ਉਪਰਾਲੇ ਕਰਨੇ ਚਾਹੀਦੇ ਹਨ ।

ਡਾ ਜਮੀਲ ਉਰ ਰਹਿਮਾਨ ਨੇ ਸਿੱਖਿਆ ਦੇ ਮਹੱਤਵ ਅਤੇ ਅਜਿਹੀਆਂ ਸਹੂਲਤਾਂ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਕਿਹਾ, ÷ਇਹ ਅਧਿਐਨ ਕੇਂਦਰ ਅਤੇ ਲਾਇਬ੍ਰੇਰੀ ਵਿਸ਼ਵ ਪੱਧਰੀ ਵਿਦਿਅਕ ਬੁਨਿਆਦੀ ਢਾਂਚਾ ਪ੍ਰਦਾਨ ਕਰਨ ਦੀ ਸਾਡੀ ਵਚਨਬੱਧਤਾ ਦਾ ਪ੍ਰਮਾਣ ਹੈ। ਸਾਡਾ ਉਦੇਸ਼ ਵਿਦਿਆਰਥੀਆਂ ਨੂੰ ਗਿਆਨ, ਹੁਨਰ ਅਤੇ ਸਰੋਤਾਂ ਨਾਲ ਸਸ਼ਕਤ ਕਰਨਾ ਹੈ ।ਆਪਣੇ ਅਕਾਦਮਿਕ ਕੰਮਾਂ ਵਿੱਚ ਉੱਤਮਤਾ ਪ੍ਰਾਪਤ ਕਰਨ ਅਤੇ ਹਰ ਖੇਤਰ ਵਿੱਚ ਭਵਿੱਖ ਦਾ ਨੇਤਾ ਬਣਨ ਲਈ ਜ਼ਰੂਰੀ ਹੈ।

## ਲਓ ਜੀ ! ਹੁਣ ਲਿਵ-ਇਨ ਰਿਲੇਸਨਸ਼ਿਪ 'ਚ ਰਹਿਣ ਲਈ ਵੀ ਕਰਵਾਓ ਵਿਆਹ ਵਾਂਗ ਰਜਿਸਟ੍ਰੇਸ਼ਨ

**ਏਜੰਸੀਆਂ**

ਨੈਸਨਲ ਡੈਸਕ 19 ਜਨਵਰੀ। ਉੱਤਰਾਖੰਡ ਸਰਕਾਰ ਯੂਨੀਫਾਰਮ ਸਿਵਲ ਕੋਡ () ਲਾਗੂ ਕਰਨ ਦੀ ਯੋਜਨਾ ਬਣਾ ਰਹੀ ਹੈ। ਇਸ ਲਈ ਇੱਕ ਖਰੜਾ ਤਿਆਰ ਕੀਤਾ ਗਿਆ ਹੈ ਅਤੇ ਮੁੱਖ ਮੰਤਰੀ ਪੁਸਕਰ ਸਿੰਘ ਧਾਮੀ 26 ਜਨਵਰੀ, 2025 ਨੂੰ ਇਸਨੂੰ ਲਾਗੂ ਕਰਨ ਦਾ ਸੰਕੇਤ ਦੇ ਚੁੱਕੇ ਹਨ। ਯੂਸੀਸੀ ਦਾ ਉਦੇਸ ਸਾਰਿਆਂ ਲਈ ਬਰਾਬਰ ਕਾਨੂੰਨ ਬਣਾਉਣਾ ਹੈ ਤਾਂ ਜੋ ਪ੍ਰੇਮ ਵਿਆਹ, ਲਿਵ-ਇਨ ਰਿਲੇਸਨਸ਼ਿਪ ਅਤੇ ਹੋਰ ਮਾਮਲਿਆਂ ਵਿੱਚ ਇੱਕੋ ਜਿਹੇ ਨਿਯਮ ਹੋਣ। ਉੱਤਰਾਖੰਡ ਸਰਕਾਰ ਨੇ ਸੋਮਵਾਰ ਨੂੰ ਅਧਿਕਾਰੀਆਂ ਨੂੰ ਯੂਸੀਸੀ ਪੋਰਟਲ ਬਾਰੇ ਜਾਣਕਾਰੀ ਦਿੱਤੀ ਅਤੇ ਇਸਦੀ ਵਰਤੋਂ ਬਾਰੇ ਸਿਖਲਾਈ ਦਿੱਤੀ। ਇਸ ਪੋਰਟਲ ਵਿੱਚ ਨਾਗਰਿਕ, ਸੇਵਾ ਕੇਂਦਰ ਕਰਮਚਾਰੀ ਅਤੇ ਅਧਿਕਾਰੀ ਤਿੰਨ ਸ੍ਰੇਣੀਆਂ ਦੇ ਲੋਕ ਲੌਗਇਨ ਕਰ ਸਕਦੇ ਹਨ। ਇਸ ਪੋਰਟਲ 'ਤੇ ਵਿਆਹ, ਤਲਾਕ, ਲਿਵ-ਇਨ ਰਿਲੇਸਨਸ਼ਿਪ, ਵਸੀਅਤ ਅਤੇ ਵਿਰਾਸਤ ਨਾਲ ਸਬੰਧਤ ਰਜਿਸਟ੍ਰੇਸਨ ਅਤੇ ਸ਼ਿਕਾਇਤ ਰਜਿਸਟ੍ਰੇਸਨ ਦੀ ਸਹੂਲਤ ਪ੍ਰਦਾਨ ਕੀਤੀ ਜਾਵੇਗੀ। ਯੂਸੀਸੀ ਪੋਰਟਲ 'ਤੇ ਰਜਿਸਟਰ ਕਰਨ ਲਈ ਨਾਗਰਿਕਾਂ ਨੂੰ ਆਧਾਰ ਕਾਰਡ ਅਤੇ ਨਿੱਜੀ ਵੇਰਵੇ ਜਿਵੇਂ ਕਿ ਨਾਮ, ਉਮਰ, ਧਰਮ, ਪਿਛਲੇ ਰਿਸਤੇ ਦੀ ਸਥਿਤੀ ਅਤੇ ਫੋਨ ਨੰਬਰ ਦਰਜ ਕਰਨ ਦੀ ਲੋੜ ਹੁੰਦੀ ਹੈ। ਇਸ ਤੋਂ ਇਲਾਵਾ, ਲਿਵ-ਇਨ ਰਿਲੇਸਨਸ਼ਿਪ ਲਈ ਵੀ ਇਸੇ ਤਰ੍ਹਾਂ ਦੀ ਜਾਣਕਾਰੀ ਦੇਣੀ ਪਵੇਗੀ। ਪੋਸਟ 'ਤੇ ਵਿਆਹ ਅਤੇ ਲਿਵ-ਇਨ ਰਿਲੇਸਨਸ਼ਿਪ ਦੇ ਸਬੰਧਾਂ 'ਤੇ ਕਿਸੇ ਵੀ ਇਤਰਾਜ ਲਈ ਸ਼ਿਕਾਇਤਾਂ ਦਰਜ ਕਰਵਾਈਆਂ ਜਾ ਸਕਦੀਆਂ ਹਨ। ਕਿਸੇ ਵੀ ਤਰ੍ਹਾਂ ਦੀ ਗਲਤ ਜਾਣਕਾਰੀ ਦੀ ਜਾਂਚ ਕਰਨ ਦੀ ਜ਼ਿੰਮੇਵਾਰੀ ਸਬ-ਰਜਿਸਟਰਾਰ ਨੂੰ ਸੌਂਪੀ ਜਾਵੇਗੀ।



ਇਹ ਕਦਮ ਗਲਤ ਜਾਣਕਾਰੀ ਨੂੰ ਰੋਕਣ ਅਤੇ ਸਹੀ ਜਾਣਕਾਰੀ ਫੈਲਾਉਣ ਵਿੱਚ ਮਦਦ ਕਰੇਗਾ। ਯੂਸੀਸੀ ਦੇ ਲਾਗੂ ਹੋਣ ਤੋਂ ਬਾਅਦ ਵਿਆਹ, ਤਲਾਕ, ਰੱਖ-ਰਖਾਅ, ਜਾਇਦਾਦ ਦੇ ਅਧਿਕਾਰ, ਗੋਦ ਲੈਣ ਅਤੇ ਉਤਰਾਧਿਕਾਰ ਵਰਗੇ ਮਾਮਲਿਆਂ ਵਿੱਚ ਇੱਕਸਾਰ ਨਿਯਮ ਹੋਣਗੇ। ਚਾਹੇ ਵਿਅਕਤੀ ਕਿਸੇ ਵੀ ਧਰਮ ਜਾਂ ਜਾਤੀ ਦਾ ਹੋਵੇ, ਸਾਰਿਆਂ ਲਈ ਇੱਕੋ ਜਿਹਾ ਕਾਨੂੰਨ ਲਾਗੂ ਹੋਵੇਗਾ। ਇਸ ਤਹਿਤ ਬਹੁ-ਵਿਆਹ 'ਤੇ ਪਾਬੰਦੀ ਲਗਾਈ ਜਾਵੇਗੀ ਅਤੇ ਕੁੜੀਆਂ ਦੇ ਵਿਆਹ ਦੀ ਉਮਰ 18 ਸਾਲ ਨਿਰਧਾਰਤ ਕੀਤੀ ਜਾਵੇਗੀ। ਯੂਸੀਸੀ ਦੇ ਤਹਿਤ ਸਾਰੇ ਧਰਮਾਂ ਦੇ ਲੋਕ ਗੋਦ ਲਏ ਬੱਚੇ ਨੂੰ ਬਰਾਬਰ ਅਧਿਕਾਰ ਦੇਣਗੇ। ਇਸ ਦੇ ਨਾਲ ਹੀ, ਇਹ ਕਿਹਾ ਜਾ ਸਕਦਾ ਹੈ ਕਿ ਇਸ ਕਦਮ ਨੂੰ ਰਾਜ ਵਿੱਚ ਇੱਕ ਸਮਾਜਿਕ ਅਤੇ ਕਾਨੂੰਨੀ ਸੁਧਾਰ ਵਜੋਂ ਦੇਖਿਆ ਜਾ ਰਿਹਾ ਹੈ ਜੋ ਲੋਕਾਂ ਨੂੰ ਬਰਾਬਰ ਅਧਿਕਾਰ ਦੇਵੇਗਾ ਅਤੇ ਪਰਿਵਾਰਕ ਮਾਮਲਿਆਂ ਵਿੱਚ ਵਿਵਾਦਾਂ ਨੂੰ ਹੱਲ ਕਰਨ ਵਿੱਚ ਮਦਦ ਕਰੇਗਾ।

## ਦੇਸ਼ ਦੇ ਦਰਾਮਦ ਬਿੱਲ 'ਚ ਹੋਇਆ ਭਾਰੀ ਵਾਧਾ, ਰੁਪਏ ਨੇ ਵਧਾਈ ਚਿੰਤਾ

**ਸਰਦੂਲ ਸਿੰਘ**

ਨਵੀਂ ਦਿੱਲੀ 19 ਜਨਵਰੀ। ਰੁਪਏ ਦੀ ਵਟਾਂਦਰਾ ਦਰ ਵਿੱਚ ਗਿਰਾਵਟ ਕੱਚੇ ਤੇਲ, ਕੋਲਾ, ਬਨਸਪਤੀ ਤੇਲ, ਸੋਨਾ, ਹੀਰੇ, ਇਲੈਕਟ੍ਰੋਨਿਕਸ, ਮਸੀਨਰੀ, ਪਲਾਸਟਿਕ ਅਤੇ ਰਸਾਇਣਾਂ ਲਈ ਵੱਧ ਅਦਾਇਗੀਆਂ ਕਾਰਨ ਦੇਸ ਦੇ ਦਰਾਮਦ 'ਬਿੱਲ' ਵਿੱਚ ਵਾਧਾ ਹੋਵੇਗਾ। ਆਰਥਿਕ ਖੋਜ ਸੰਸਥਾ ਜੀਟੀਆਰਆਈ ਨੇ ਸੁੱਕਰਵਾਰ ਨੂੰ ਕਿਹਾ ਕਿ ਘਰੇਲੂ ਮੁਦਰਾ ਵਿੱਚ ਗਿਰਾਵਟ ਭਾਰਤ ਦੇ ਸੋਨੇ ਦੇ ਆਯਾਤ ਬਿੱਲ ਵਿੱਚ ਵਾਧਾ ਕਰੇਗੀ। ਖਾਸ ਤੌਰ 'ਤੇ ਜਦੋਂ ਜਨਵਰੀ 2025 'ਚ ਵਿਸਵ ਪੱਧਰ 'ਤੇ ਸੋਨੇ ਦੀਆਂ ਕੀਮਤਾਂ ਸਾਲਾਨਾ ਆਧਾਰ 'ਤੇ 31.25 ਫੀਸਦੀ ਵਧ ਕੇ 86,464 ਡਾਲਰ ਪ੍ਰਤੀ ਕਿਲੋਗ੍ਰਾਮ ਹੋ ਗਈਆਂ ਹਨ। ਜਨਵਰੀ 2024 ਵਿਚ ਕੀਮਤ 65,877 ਡਾਲਰ ਪ੍ਰਤੀ ਕਿਲੋਗ੍ਰਾਮ ਸੀ। 'ਗਲੋਬਲ ਟਰੇਡ ਰਿਸਰਚ ਇਨੀਸੀਏਟਿਵ' (ਜੀ.ਟੀ.ਆਰ.ਆਈ.) ਨੇ ਆਪਣੀ ਰਿਪੋਰਟ 'ਚ ਕਿਹਾ ਕਿ ਭਾਰਤੀ ਰੁਪਿਆ () ਪਿਛਲੇ ਸਾਲ 16 ਜਨਵਰੀ ਤੋਂ ਅਮਰੀਕੀ ਡਾਲਰ ਦੇ ਮੁਕਾਬਲੇ 4.71 ਫੀਸਦੀ ਕਮਜੋਰ ਹੋ ਕੇ 82.8 ਰੁਪਏ ਤੋਂ 86.7 ਰੁਪਏ 'ਤੇ ਆ ਗਿਆ ਹੈ। ਇਸ ਦੇ ਨਾਲ ਹੀ, ਪਿਛਲੇ 10 ਸਾਲਾਂ ਵਿੱਚ ਯਾਨੀ ਜਨਵਰੀ 2015 ਤੋਂ 2025 ਦੇ ਵਿਚਕਾਰ, ਰੁਪਿਆ ਅਮਰੀਕੀ ਡਾਲਰ ਦੇ ਮੁਕਾਬਲੇ 41.3 ਫੀਸਦੀ ਡਿੱਗਿਆ ਅਤੇ ਡਿੱਗ ਕੇ 86.7 ਰੁਪਏ 'ਤੇ ਆ ਗਿਆ। ਇਸ ਦੇ ਮੁਕਾਬਲੇ ਚੀਨੀ ਯੁਆਨ 7.10 ਯੁਆਨ ਤੋਂ 3.24 ਫੀਸਦੀ ਘਟ ਕੇ 7.33 ਯੁਆਨ ਹੋ ਗਿਆ। ਜੀਟੀਆਰਆਈ ਦੇ ਸੰਸਥਾਪਕ ਅਜੈ ਸ੍ਰੀਵਾਸਤਵ ਨੇ ਕਿਹਾ, "ਕੁੱਲ ਮਿਲਾ ਕੇ, ਕਮਜੋਰ ਰੁਪਏ ਨਾਲ ਆਯਾਤ ਬਿੱਲ ਵਧੇਗਾ, ਊਰਜਾ ਅਤੇ ਕੱਚੇ ਮਾਲ ਦੀਆਂ ਕੀਮਤਾਂ ਵਧਣਗੀਆਂ, ਜਿਸ ਨਾਲ ਅਰਥਵਿਵਸਥਾ 'ਤੇ ਦਬਾਅ ਵਧੇਗਾ। ਪਿਛਲੇ 10 ਸਾਲਾਂ ਦੇ



ਨਿਰਯਾਤ ਅੰਕੜੇ ਦਰਸਾਉਂਦੇ ਹਨ ਕਿ ਕਮਜੋਰ ਰੁਪਿਆ ਨਿਰਯਾਤ ਵਿੱਚ ਮਦਦ ਨਹੀਂ ਕਰਦਾ, ਜਦੋਂ ਕਿ ਅਰਥਸਾਸਤਰੀ ਇਸ ਦੇ ਉਲਟ ਵਿਚਾਰ ਰੱਖਦੇ ਹਨ, ਉਨ੍ਹਾਂ ਨੇ ਕਿਹਾ ਕਿ ਹਾਲਾਂਕਿ ਆਮ ਰਾਏ ਅਨੁਸਾਰ, ਇੱਕ ਕਮਜੋਰ ਮੁਦਰਾ ਨੂੰ ਨਿਰਯਾਤ ਨੂੰ ਹੁਲਾਰਾ ਦੇਣਾ ਚਾਹੀਦਾ ਹੈ, ਪਰ ਭਾਰਤ ਦੇ ਪੂਰੇ ਦਹਾਕੇ ਦੇ ਅੰਕੜੇ ਦੱਸਦੇ ਹਨ। ਇੱਕ ਵੱਖਰੀ ਕਹਾਣੀ ਦੱਸਦੇ ਹਨ। ਉੱਚ ਦਰਾਮਦ ਵਾਲੇ ਖੇਤਰ ਵਧ-ਫੁੱਲ ਰਹੇ ਹਨ, ਜਦੋਂ ਕਿ ਕਿਰਤ-ਸੰਬੰਧੀ, ਟੈਕਸਟਾਈਲ ਵਰਗੇ ਘੱਟ ਦਰਾਮਦ ਉਦਯੋਗ ਕਮਜੋਰ ਹੋ ਰਹੇ ਹਨ। ਸ੍ਰੀਵਾਸਤਵ ਨੇ ਕਿਹਾ, "2014 ਤੋਂ 2024 ਤੱਕ ਦੇ ਵਪਾਰਕ ਅੰਕੜੇ ਵੀ ਇੱਕ ਵੱਖਰੀ ਕਹਾਣੀ ਦਰਸਾਉਂਦੇ ਹਨ। 2014 ਤੋਂ 2024 ਦੀ ਮਿਆਦ ਵਿੱਚ ਕੁੱਲ ਵਪਾਰਕ ਨਿਰਯਾਤ ਵਿੱਚ 39 ਪ੍ਰਤੀਸਤ ਦਾ ਵਾਧਾ ਹੋਇਆ ਹੈ। ਇਲੈਕਟ੍ਰੋਨਿਕਸ, ਮਸੀਨਰੀ ਅਤੇ ਕੰਪਿਊਟਰ ਵਰਗੇ ਉੱਚ ਆਯਾਤ ਖੇਤਰਾਂ ਵਿੱਚ ਭਾਰੀ ਵਾਧਾ ਹੋਇਆ ਹੈ।" ਉਨ੍ਹਾਂ ਕਿਹਾ ਕਿ ਇਲੈਕਟ੍ਰੋਨਿਕਸ ਦੀ ਬਰਾਮਦ 232.8 ਫੀਸਦੀ ਅਤੇ ਮਸੀਨਰੀ ਅਤੇ ਕੰਪਿਊਟਰ ਨਿਰਯਾਤ 152.4 ਫੀਸਦੀ ਵਧੀ ਹੈ। ਸ੍ਰੀਵਾਸਤਵ ਨੇ ਕਿਹਾ ਕਿ ਇਸ ਦੌਰਾਨ, ਲਿਬਾਸ ਵਰਗੇ ਘੱਟ ਦਰਾਮਦ ਸੈਕਟਰਾਂ ਨੇ ਕਮਜੋਰੀ ਦਿਖਾਈ, ਜਦੋਂ ਕਿ ਕਮਜੋਰ ਰੁਪਇਆ ਉਨ੍ਹਾਂ ਦੇ ਸਾਮਾਨ ਨੂੰ ਵਿਸਵ ਪੱਧਰ 'ਤੇ ਵਧੇਰੇ ਪ੍ਰਤੀਯੋਗੀ ਬਣਾ ਦਿੰਦਾ। ਉਸਨੇ ਕਿਹਾ "ਇਹ ਰੁਝਾਨ ਦਰਸਾਉਂਦੇ ਹਨ ਕਿ ਕਮਜੋਰ ਰੁਪਿਆ ਹਮੇਸਾ ਨਿਰਯਾਤ ਨੂੰ ਹੁਲਾਰਾ ਨਹੀਂ ਦਿੰਦਾ,"। "ਇਹ ਕਿਰਤ-ਸੰਬੰਧੀ ਨਿਰਯਾਤ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਾਉਂਦਾ ਹੈ ਅਤੇ ਘੱਟ ਮੁੱਲ ਜੋੜ ਦੇ ਨਾਲ ਆਯਾਤ-ਸੰਚਾਲਿਤ ਨਿਰਯਾਤ ਨੂੰ ਉਤਸਾਹਿਤ ਕਰਦਾ ਹੈ।" ਜੀਟੀਆਰਆਈ ਨੇ ਸੁਝਾਅ ਦਿੱਤਾ ਕਿ ਭਾਰਤ ਨੂੰ ਵਿਕਾਸ ਅਤੇ ਮਹਿੰਗਾਈ ਨਿਯੰਤਰਣ ਵਿੱਚ ਸਾਵਧਾਨੀ ਨਾਲ ਸੰਤੁਲਨ ਬਣਾਉਣਾ ਹੋਵੇਗਾ ਅਤੇ ਲੰਬੇ ਸਮੇਂ ਦੀ ਆਰਥਿਕ ਸਥਿਰਤਾ ਪ੍ਰਾਪਤ ਕਰਨ ਲਈ ਰੁਪਏ ਦੇ ਪ੍ਰਬੰਧਨ ਅਤੇ ਵਪਾਰਕ ਰਣਨੀਤੀਆਂ 'ਤੇ ਵੀ ਮੁੜ ਵਿਚਾਰ ਕਰਨਾ ਹੋਵੇਗਾ। ਉਸਨੇ ਕਿਹਾ "ਹਾਲਾਂਕਿ, ਅਸਲ ਸਥਿਤੀ ਗੰਭੀਰ ਹੈ" ।

## ਕੋਈ ਵੀ ਗਰਭਪਾਤ ਦਵਾਈ ਬਿਨਾਂ ਕਿਸੇ ਔਰਤ ਰੋਗਾਂ ਦੇ ਮਾਹਿਰ ਦੀ ਪਰਚੀ ਤੋਂ ਵੇਚਣੀ ਗੈਰ-ਕਾਨੂੰਨੀ

ਫਾਜ਼ਿਲਕਾ 19 ਜਨਵਰੀ। ਸਿਹਤ ਵਿਭਾਗ ਫਾਜ਼ਿਲਕਾ ਵੱਲੋਂ ਸਿਵਲ ਸਰਜਨ ਡਾ. ਲਹਿੰਬਰ ਰਾਮ ਦੀ ਯੋਗ ਅਗਵਾਈ 'ਚ ਮੈਡੀਕਲ ਸਟੋਰਾਂ 'ਤੇ ਗਰਭਪਾਤ (ਐੱਮ. ਟੀ. ਪੀ. ਕਿੱਟ) ਦੀਆਂ ਦਵਾਈਆਂ ਨੂੰ ਰੋਕਣ ਲਈ ਸਖਤ ਕਦਮ ਚੁੱਕੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਗਰਭਪਾਤ ਵਾਲੀਆਂ ਕਿੱਟਾਂ(ਐੱਮ. ਟੀ. ਪੀ.) ਵੇਚਣ ਦਾ ਕੰਮ ਕਰਦੇ ਮੈਡੀਕਲ ਸਟੋਰਾਂ ਦੇ ਖ਼ਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਔਰਤ ਨੂੰ ਸਖਤ ਪੱਖੋਂ ਕਿਸੇ ਕਾਰਨਾਂ ਕਰਕੇ ਗਰਭਪਾਤ ਦੀ ਲੋੜ ਜਾਪਦੀ ਹੈ ਤਾਂ ਡਾਕਟਰੀ ਸਲਾਹ ਅਨੁਸਾਰ ਅਤੇ ਸਿਹਤ ਵਿਭਾਗ ਦੀ ਦੇਖ-ਰੇਖ 'ਚ ਹੀ ਕਰਵਾਇਆ ਜਾਵੇ। ਉਨ੍ਹਾਂ ਦੱਸਿਆ ਕਿ ਕੋਈ ਵੀ ਗਰਭਪਾਤ (ਐੱਮ. ਟੀ. ਪੀ. ਕਿੱਟ) ਦਵਾਈ ਬਿਨਾਂ ਕਿਸੇ ਔਰਤ ਰੋਗਾਂ ਮਾਹਿਰ ਦੀ ਪਰਚੀ ਤੋਂ ਵੇਚਣੀ ਗੈਰ-ਕਾਨੂੰਨੀ ਹੈ। ਹਰ ਮੈਡੀਕਲ ਸਟੋਰ ਨੂੰ ਇਸ ਗਰਭਪਾਤ (ਐੱਮ. ਟੀ. ਪੀ. ਕਿੱਟ) ਦੀ ਦਵਾਈ ਦੀ ਖਰੀਦ ਅਤੇ ਵੇਚਣ ਦਾ ਮੁਕੰਮਲ ਰਿਕਾਰਡ ਅਤੇ ਸਬੰਧਿਤ ਡਾਕਟਰ ਦੀ ਪਰਚੀ ਦੀ ਫੋਟੋ ਕਾਪੀ ਦਾ ਰਿਕਾਰਡ ਰੱਖਣਾ ਲਾਜ਼ਮੀ ਹੋਵੇਗਾ। ਇਸ ਦੀ ਕਿਸੇ ਵੇਲੇ ਵੀ ਅਚਨਚੇਤ ਚੈਕਿੰਗ ਹੋ ਸਕਦੀ ਹੈ ਅਤੇ ਇਸ ਸਬੰਧੀ ਡਰੱਗ ਇੰਸਪੈਕਟਰ ਫਾਜ਼ਿਲਕਾ



ਨੂੰ ਜ਼ਰੂਰੀ ਹਦਾਇਤਾਂ ਜਾਰੀ ਕਰ ਦਿੱਤੀਆਂ ਗਈਆਂ ਹਨ। ਡਾ. ਕਵਿਤਾ ਸਿੰਘ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਫਾਜ਼ਿਲਕਾ ਨੇ ਦੱਸਿਆ ਕਿ ਗਰਭਪਾਤ ਦੀ ਦਵਾਈ ਦੇ ਨੁਕਸਾਨ ਬਹੁਤ ਹੁੰਦੇ ਹਨ ਅਤੇ ਇਸਦੇ ਨਤੀਜੇ ਜਾਨਲੇਵਾ ਵੀ ਸਕਦੇ ਹਨ। ਉਨ੍ਹਾਂ ਦੱਸਿਆ ਕਿ ਕਈ ਵਾਰ ਐਕਟੋਪਿਕ ਗਰਭ (ਬੱਚੇਦਾਨੀ ਤੋਂ ਬਾਹਰ ਹੋਇਆ ਗਰਭਧਾਰਨ) ਦੌਰਾਨ ਜੇਕਰ ਗਲਤੀ ਨਾਲ ਗਰਭਪਾਤ ਦਵਾਈ (ਐੱਮ. ਟੀ. ਪੀ. ਕਿੱਟ) ਖਾ ਲਈ ਜਾਵੇ ਤਾਂ ਟਿਊਬ ਦੇ ਫਟਣ ਕਾਰਨ ਐੱਮ. ਟੀ. ਪੀ. ਕਿੱਟ ਖਾਣ ਵਾਲੇ ਦੀ ਮੌਤ ਵੀ ਹੋ ਸਕਦੀ ਹੈ।

## ਸਰਕਾਰੀ ਡਿਪੂ ਤੋਂ ਨਹੀਂ ਮਿਲੇਗਾ ਮੁਫਤ ਰਾਸ਼ਨ, ਸਰਕਾਰ ਨੇ ਕੱਟੇ 45 ਹਜਾਰ ਤੋਂ ਵੱਧ ਲੋਕਾਂ ਦੇ ਨਾਂ

ਹਿਮਾਚਲ 19 ਜਨਵਰੀ। ਪਿਛਲੇ ਕਾਫੀ ਸਮੇਂ ਤੋਂ ਵਿਭਾਗ ਵੱਲੋਂ ਲੋਕਾਂ ਨੂੰ ਰਾਸ਼ਨ ਲੈਣ ਲਈ ਲਗਾਤਾਰ ਈ-ਕੇਵਾਈਸੀ ਕਰਵਾਉਣ ਲਈ ਕਿਹਾ ਜਾ ਰਿਹਾ ਹੈ। ਈ-ਕੇਵਾਈਸੀ ਨਾ ਕਰਵਾਉਣ ਕਾਰਨ ਖੁਰਾਕ ਸਪਲਾਈ ਵਿਭਾਗ ਨੇ ਹਿਮਾਚਲ ਪ੍ਰਦੇਸ ਦੇ ਸਭ ਤੋਂ ਵੱਡੇ ਜ਼ਿਲ੍ਹੇ ਕਾਂਗੜਾ ਵਿੱਚ 45 ਹਜਾਰ ਤੋਂ ਵੱਧ ਰਾਸਨ ਕਾਰਡ ਨੂੰ ਵੱਡਾ ਝਟਕਾ ਦਿੰਦੇ ਹੋਏ ਉਹਨਾਂ ਦੇ ਕਾਰਡ ਬਲਾਕ ਕਰ ਦਿੱਤੇ ਹਨ। ਅਜਿਹੀ ਸਥਿਤੀ ਵਿੱਚ ਲੋਕ ਸਸਤਾ ਰਾਸਨ ਵੇਚਣ ਵਾਲੀਆਂ ਸਰਕਾਰੀ ਦੁਕਾਨਾਂ ਤੋਂ ਖਾਲੀ ਹੱਥ ਪਰਤ ਰਹੇ ਹਨ। ਦੱਸ ਦੇਈਏ ਕਿ ਹਿਮਾਚਲ ਪ੍ਰਦੇਸ ਵਿੱਚ ਰਾਸਨ ਕਾਰਡ ਧਾਰਕਾਂ ਦਾ ਈ-ਕੇਵਾਈਸੀ ਲਾਜਮੀ ਕਰ ਦਿੱਤਾ ਗਿਆ ਹੈ, ਜਿਸਦਾ ਉਦੇਸ ਪਾਰਦਰਸਤਾ ਨੂੰ ਯਕੀਨੀ ਬਣਾਉਣਾ ਅਤੇ ਸਸਤੇ ਰਾਸਨ ਵੰਡ ਨੂੰ ਬਿਹਤਰ ਬਣਾਉਣਾ ਹੈ। ਨਾ ਕਰਵਾਉਣ 'ਤੇ ਜ਼ਿਲ੍ਹੇ ਵਿੱਚ ਹੁਣ ਤੱਕ ਦੀ ਇਹ ਸਭ ਤੋਂ ਵੱਡੀ ਕਾਰਵਾਈ ਕੀਤੀ ਗਈ ਹੈ। ਆਉਣ ਵਾਲੇ ਦਿਨਾਂ ਵਿੱਚ ਇੱਕ ਲੱਖ ਤੋਂ ਵੱਧ ਲੋਕਾਂ ਦੇ ਰਾਸਨ ਕਾਰਡ ਰੱਦ ਕਰ ਦਿੱਤੇ ਜਾਣਗੇ, ਜਿਸ ਕਾਰਨ ਉਨ੍ਹਾਂ ਨੂੰ ਰਾਸਨ ਨਹੀਂ ਮਿਲੇਗਾ। ਰਾਸਨ ਕਾਰਡ ਦੀ ਈ-ਕੇਵਾਈਸੀ ਪ੍ਰਕਿਰਿਆ ਰਾਹੀਂ ਰਾਸਨ ਵੰਡ ਵਿੱਚ ਬੇਨਿਯਮੀਆਂ ਨੂੰ ਰੋਕਣ ਦੀ ਕੋਸ਼ਿਸ ਕੀਤੀ ਜਾ ਰਹੀ ਹੈ। ਰਾਜ ਵਿੱਚ ਲਗਭਗ 19.5 ਲੱਖ ਰਾਸਨ ਕਾਰਡ ਧਾਰਕ ਹਨ, ਜਿਨ੍ਹਾਂ ਵਿੱਚੋਂ ਲਗਭਗ 74 ਲੱਖ ਲੋਕਾਂ ਨੂੰ ਡਿਪੂ 'ਤੇ ਉਪਲਬਧ ਸਸਤੇ ਰਾਸਨ ਦਾ ਲਾਭ ਦਿੱਤਾ ਜਾਂਦਾ ਹੈ। ਸੂਬੇ ਦੇ ਲਗਭਗ 88 ਫੀਸਦੀ ਰਾਸਨ ਕਾਰਡ ਧਾਰਕਾਂ ਦਾ ਈ-ਕੇਵਾਈਸੀ ਹੋ ਚੁੱਕਾ ਹੈ ਪਰ 12 ਫੀਸਦੀ ਕਾਰਡ ਧਾਰਕਾਂ ਨੇ ਅਜੇ ਤੱਕ ਈ-ਕੇਵਾਈਸੀ ਨਹੀਂ ਕਰਵਾਇਆ। ਸਰਕਾਰ ਨੇ ਇਨ੍ਹਾਂ ਲਾਭਪਾਤਰੀਆਂ ਨੂੰ ਕਈ ਵਾਰ ਈ-ਕੇਵਾਈਸੀ ਕਰਵਾਉਣ ਦੇ ਮੌਕੇ ਪ੍ਰਦਾਨ ਕੀਤੇ ਪਰ ਇਹਨਾਂ ਨੇ ਇਸ ਵੱਲ ਧਿਆਨ ਨਹੀਂ ਦਿੱਤਾ।

## ਪੰਜਾਬੀਆਂ ਲਈ ਜਾਰੀ ਹੋਏ ਚੇਤਾਵਨੀ, ਸੰਭਲਣ ਦੀ ਵੇਲਾ

**ਕਿਸ਼ਨ ਪਾਲ**

ਖੰਨਾ 19 ਜਨਵਰੀ। ਪੰਜਾਬੀਆਂ ਲਈ ਇਕ ਫਿਰ ਚੇਤਾਵਨੀ ਜਾਰੀ ਕੀਤੀ ਗਈ ਹੈ। ਦਰਅਸਲ, ਸੀਨੀਅਰ ਪੁਲਸ ਕਪਤਾਨ ਖੰਨਾ ਅਸਵਨੀ ਗੋਟਿਆਲ ਨੇ ਕਿਹਾ ਕਿ ਚੀਨੀ, ਨਾਈਲੋਨ ਅਤੇ ਸਿੰਥੈਟਿਕ ਡੋਰ 'ਤੇ ਪਾਬੰਦੀ ਦੇ ਬਾਵਜੂਦ ਇਨ੍ਹਾਂ ਦੀ ਵਰਤੋਂ ਧੜਾਧੜ ਹੋ ਰਹੀ ਹੈ, ਜਿਸ ਕਾਰਨ ਲੋਕਾਂ ਨਾਲ ਗੰਭੀਰ ਹਾਦਸੇ ਵਾਪਰ ਰਹੇ ਹਨ ਅਤੇ ਬੇਜੁਬਾਨ ਜਾਨਵਰਾਂ ਅਤੇ ਪੰਛੀ ਮਾਰੇ ਜਾ ਰਹੇ ਹਨ। ਇਨ੍ਹਾਂ ਹਾਦਸਿਆਂ ਅਤੇ ਘਟਨਾਵਾਂ ਨੂੰ ਰੋਕਣ ਲਈ ਜਾਰੀ ਹਦਾਇਤਾਂ ਅਨੁਸਾਰ, ਚਾਈਨਾ/ਨਾਈਲੋਨ/ਸਿੰਥੈਟਿਕ ਡੋਰ ਦੀ ਵਰਤੋਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਈ ਗਈ ਹੈ। ਐੱਸ. ਐੱਸ. ਪੀ. ਗੋਟਿਆਲ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਡਰੈਗਨ ਡੋਰ, ਜਿਸਨੂੰ ਚਾਈਨਾ ਡੋਰ ਵਜੋਂ ਜਾਣਿਆ ਜਾਂਦਾ ਹੈ। ਇਸ ਕਾਰਨ ਕਈਆਂ ਦੀ ਮੌਤ ਹੋ ਗਈ ਹੈ ਅਤੇ ਕਈ ਜਖਮੀ ਹੋਏ ਹਨ। ਇਸ ਡੋਰ 'ਤੇ ਪੰਜਾਬ ਸਰਕਾਰ ਵੱਲੋਂ ਪਾਬੰਦੀ ਲਗਾਈ ਗਈ ਹੈ ਪਰ ਫਿਰ ਵੀ ਕੁਝ ਲੋਕ ਇਸ ਨੂੰ ਗੈਰ-ਕਾਨੂੰਨੀ ਢੰਗ ਨਾਲ ਵੇਚ ਰਹੇ ਹਨ ਅਤੇ ਵਰਤ ਰਹੇ ਹਨ। ਇਸ ਕਾਰਨ ਪੰਜਾਬ ਵਿਚ ਕਈ ਥਾਵਾਂ 'ਤੇ ਲੋਕ ਚਾਈਨਾ ਡੋਰ ਵਿਚ ਫਸ ਕੇ




ਆਪਣੀਆਂ ਕੀਮਤੀ ਜਾਨਾਂ ਗੁਆ ਚੁੱਕੇ ਹਨ। ਇਸ ਨੂੰ ਧਿਆਨ ਵਿਚ ਰੱਖਦੇ ਹੋਏ, ਪੰਜਾਬ ਸਰਕਾਰ ਨੇ ਇਸ ਡੋਰ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਹੈ। ਐੱਸ.ਐੱਸ.ਪੀ. ਗੋਟਿਆਲ ਨੇ ਕਿਹਾ ਕਿ ਲੁਧਿਆਣਾ ਰੇਂਜ ਵਿਚ ਹੁਣ ਤੱਕ ਖੰਨਾ ਜ਼ਿਲ੍ਹੇ ਵਿਚ ਚਾਈਨਾ ਡੋਰ ਦੇ ਸਭ ਤੋਂ ਵੱਧ ਮਾਮਲੇ ਦਰਜ ਕੀਤੇ ਗਏ ਹਨ। ਕੱਲ੍ਹ ਦੋ ਪਰਚੇ ਵੀ ਦਰਜ ਕੀਤੇ ਗਏ ਸਨ। ਉਨ੍ਹਾਂ ਕਿਹਾ ਕਿ ਪੁਲਸ ਆਪਣੇ ਪੱਧਰ 'ਤੇ ਚਾਈਨਾ ਡੋਰ ਵਿਰੁੱਧ ਕਾਰਵਾਈ ਕਰ ਰਹੀ ਹੈ ਅਤੇ ਲੋਕਾਂ ਵੱਲੋਂ ਦਿੱਤੀ ਗਈ ਗੁਪਤ ਜਾਣਕਾਰੀ ਦੇ ਆਧਾਰ 'ਤੇ ਵੀ ਕਾਰਵਾਈ ਕੀਤੀ ਜਾ ਰਹੀ ਹੈ। ਇਸ ਦੇ ਨਾਲ ਹੀ ਖੰਨਾ ਪੁਲਸ ਡਰੋਨ ਰਾਹੀਂ ਚੀਨੀ ਡੋਰ ਦੀ ਵਰਤੋਂ ਕਰਕੇ ਪਤੰਗ ਉਡਾਉਣ ਵਾਲਿਆਂ 'ਤੇ ਵੀ ਨਜਰ ਰੱਖ ਰਹੀ ਹੈ। ਐੱਸ.ਐੱਸ.ਪੀ. ਗੋਟਿਆਲ ਨੇ ਸਾਰੇ ਦੁਕਾਨਦਾਰਾਂ, ਨੌਜਵਾਨਾਂ ਅਤੇ ਚੀਨੀ ਧਾਗੇ ਦੀ ਵਰਤੋਂ ਕਰਕੇ ਪਤੰਗ ਉਡਾਉਣ ਵਾਲੇ ਲੋਕਾਂ ਨੂੰ ਸਖਤ ਚੇਤਾਵਨੀ ਜਾਰੀ ਕੀਤੀ ਅਤੇ ਕਿਹਾ ਕਿ ਪੰਜਾਬ ਸਰਕਾਰ ਦੁਆਰਾ ਪਾਬੰਦੀਸੁਦਾ ਗੈਰ-ਕਾਨੂੰਨੀ ਚੀਨੀ ਡੋਰ ਵੇਚਣ ਵਾਲਿਆਂ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਹ ਲੋਕਾਂ ਨੂੰ ਬੇਨਤੀ ਕਰਦੇ ਹਨ ਕਿ ਉਹ ਚੀਨੀ ਡੋਰ ਨਾ ਵੇਚਣ ਅਤੇ ਨਾ ਹੀ ਪਤੰਗ ਉਡਾਉਣ ਲਈ ਇਸਦੀ ਵਰਤੋਂ ਕਰਨ।

## ਬਠਿੰਡਾ 'ਚ ਚਾਈਨਾ ਡੋਰ ਵੇਚਣ ਵਾਲਿਆਂ 'ਤੇ ਵੱਡੀ ਕਾਰਵਾਈ, 83 ਗੁੱਟੇ ਵੀ ਬਰਾਮਦ

ਬਠਿੰਡਾ 19 ਜਨਵਰੀ। ਪੁਲਸ ਨੇ ਪਾਬੰਦੀਸੁਦਾ ਚਾਈਨਾ ਡੋਰ ਵੇਚਣ ਵਾਲਿਆਂ ਖ਼ਿਲਾਫ ਸ਼ਿਕੰਜਾ ਕੱਸਣਾ ਸੁਰੂ ਕਰ ਦਿੱਤਾ ਹੈ। ਪੁਲਸ ਨੇ ਚਾਈਨਾ ਡੋਰ ਦੀ ਵਿਕਰੀ ਅਤੇ ਸਟੋਰੇਜ ਨੂੰ ਰੋਕਣ ਲਈ ਵੱਡੇ ਪੱਧਰ 'ਤੇ ਚੈਕਿੰਗ ਮੁਹਿੰਮ ਚਲਾਈ ਅਤੇ ਪਤੰਗ ਉਡਾਉਣ ਵਾਲੀਆਂ ਸਾਰੀਆਂ ਦੁਕਾਨਾਂ ਦਾ ਦੌਰਾ ਕੀਤਾ। ਇਸ ਤੋਂ ਇਲਾਵਾ ਪੁਲਸ ਨੇ ਵੱਖ-ਵੱਖ ਥਾਵਾਂ ਤੋਂ ਚਾਈਨਾ ਡੋਰ ਦਾ ਕਾਰੋਬਾਰ ਕਰਦੇ 3 ਮੁਲਜਮਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਕਬਜੇ 'ਚੋਂ ਚਾਈਨਾ ਡੋਰ ਦੇ 83 ਪੈਕੇਟ ਬਰਾਮਦ ਕੀਤੇ ਹਨ। ਪੁਲਸ ਨੇ ਮੁਲਜਮਾਂ ਖ਼ਿਲਾਫ ਵੱਖ-ਵੱਖ ਥਾਣਿਆਂ 'ਚ ਕੇਸ ਦਰਜ ਕਰ ਲਿਆ ਹੈ। ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਜੈਸਮੀਨ ਸਿੰਘ ਨੇ



ਮੁਲਜਮ ਰਾਧੇ ਸ਼ਿਆਮ ਨੂੰ ਰਜਿੰਦਰਾ ਕਾਲਜ ਦੇ ਪਿੱਛੇ ਤੋਂ ਗ੍ਰਿਫਤਾਰ ਕਰਕੇ ਉਸ ਦੇ ਕਬਜੇ ਵਿੱਚੋਂ 10 ਗੱਟੇ ਚਾਈਨਾ ਡੋਰ ਬਰਾਮਦ ਕੀਤੇ ਹਨ। ਇਸੇ ਤਰ੍ਹਾਂ ਥਾਣਾ ਕੈਨਾਲ ਕਲੋਨੀ ਦੇ ਸਹਾਇਕ ਐੱਸ. ਐੱਚ. ਓ. ਗੁਰਮੀਤ ਸਿੰਘ ਨੇ ਅਮਰਪੁਰ ਬਸਤੀ ਤੋਂ ਮੁਲਜਮ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ 23 ਗੁੱਟੇ ਚਾਈਨਾ ਡੋਰ ਬਰਾਮਦ ਕੀਤੇ ਹਨ। ਇੱਕ ਹੋਰ ਮਾਮਲੇ ਵਿਚ ਥਾਣਾ ਸਦਰ ਦੇ ਸਹਾਇਕ ਐੱਸ. ਐੱਚ. ਓ. ਜਗਜੀਤ ਸਿੰਘ ਨੇ ਮੁਲਜਮ ਰਾਹੁਲ ਸਿੰਘ ਵਾਸੀ ਅਮਰਪੁਰਾ ਬਸਤੀ ਬੀੜ ਤਾਲਾਬ ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ 50 ਗੁੱਟੇ ਚਾਈਨਾ ਡੋਰ ਦੇ ਬਰਾਮਦ ਕੀਤੇ ਹਨ। ਪੁਲਸ ਵਲੋਂ ਮੁਲਜਮਾਂ ਖ਼ਿਲਾਫ ਕੇਸ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਚਾਈਨਾ ਡੋਰ ਦੀ ਵਿਕਰੀ ਅਤੇ ਸਟੋਰੇਜ 'ਤੇ ਪੂਰਨ ਪਾਬੰਦੀ ਹੈ। ਜੇਕਰ ਕੋਈ ਇਸ ਤਾਰ ਨਾਲ ਪਤੰਗ ਵੇਚਦਾ, ਖਰੀਦਦਾ ਜਾਂ ਉਡਾਉਂਦਾ ਦੇਖਿਆ ਗਿਆ ਤਾਂ ਉਸ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ।

## ਪੈਦਲ ਤੁਰੇ ਜਾਂਦੇ ਬੰਦੇ ਨਾਲ ਹੋ ਗਈ ਅਣਹੋਣੀ, ਟੋਟੇ-ਟੋਟੇ ਹੋ ਸੜਕ 'ਤੇ ਖਿੱਲਰੀ ਲਾਸ਼ ਉੱਤੋਂ ਲੰਘਦੇ ਰਹੇ ਵਾਹਨ

ਜਲੰਧਰ 19 ਜਨਵਰ। ਜਲੰਧਰ-ਪਠਾਨਕੋਟ ਰਾਸਟਰੀ ਰਾਜਮਾਰਗ 'ਤੇ ਸਵੇਰੇ 6 ਵਜੇ ਦੇ ਕਰੀਬ ਇਕ ਪਿੰਡ ਨੇੜੇ ਹੋਏ ਹਾਦਸੇ ਵਿਚ ਇਕ ਅਣਪਛਾਤੇ ਵਿਅਕਤੀ ਦੀ ਮੌਤ ਹੋ ਗਈ। ਰਾਹਗੀਰਾਂ ਨੇ ਇਸ ਬਾਰੇ ਮਕਸੂਦਾਂ ਥਾਣੇ ਦੀ ਪੁਲਸ ਨੂੰ ਸੂਚਿਤ ਕੀਤਾ ਤੇ ਏ.ਐੱਸ.ਆਈ. ਰਜਿੰਦਰ ਸਿੰਘ ਪੁਲਸ ਪਾਰਟੀ ਸਮੇਤ ਮੌਕੇ 'ਤੇ ਪਹੁੰਚੇ ਅਤੇ ਜਾਂਚ ਸੁਰੂ ਕਰ ਦਿੱਤੀ। ਜਾਣਕਾਰੀ ਦਿੰਦੇ ਏ.ਐੱਸ.ਆਈ. ਰਜਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਇਕ ਵਿਅਕਤੀ ਨੂੰ ਕਿਸੇ ਅਣਪਛਾਤੇ ਵਾਹਨ ਨੇ ਟੱਕਰ ਮਾਰ ਦਿੱਤੀ ਹੈ ਅਤੇ ਵਾਹਨ ਮੌਕੇ ਤੋਂ ਫਰਾਰ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਮੌਕੇ 'ਤੇ ਪਹੁੰਚਣ ਤੋਂ ਬਾਅਦ ਮੁੱਢਲੀ ਜਾਂਚ ਵਿਚ ਇਹ ਗੱਲ ਸਾਹਮਣੇ ਆਈ ਕਿ ਇਕ ਅਣਪਛਾਤਾ ਵਿਅਕਤੀ ਸੜਕ ਕਿਨਾਰੇ ਪੈਦਲ ਜਾ ਰਿਹਾ ਸੀ ਤਾਂ ਇਕ ਅਣਪਛਾਤੇ ਵਾਹਨ ਨੇ ਉਸ ਨੂੰ ਪਿੱਛੇ ਤੋਂ ਟੱਕਰ ਮਾਰ ਦਿੱਤੀ। ਟੱਕਰ ਇੰਨੀ ਭਿਆਨਕ ਸੀ ਕਿ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ ਤੇ ਲਾਸ ਦੇ ਟੁਕੜੇ ਸੜਕ 'ਤੇ ਖਿਲਰ ਗਏ ਤੇ ਵਾਹਨ ਉਨ੍ਹਾਂ ਦੇ ਉੱਤੋਂ ਦੀ ਲੰਘਦੇ ਰਹੇ। ਮ੍ਰਿਤਕ ਦੀ ਪਛਾਣ ਲਈ ਆਸ-ਪਾਸ ਦੇ ਲੋਕਾਂ ਨੂੰ ਬੁਲਾਇਆ ਗਿਆ ਪਰ ਕਿਸੇ ਨੇ ਵੀ ਉਸ ਦੀ ਪਛਾਣ ਨਹੀਂ ਕੀਤੀ। ਏ.ਐੱਸ.ਆਈ. ਰਜਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਸਰੀਰ ਦੇ ਟੁਕੜੇ ਇਕੱਠੇ ਕਰ ਕੇ ਪਛਾਣ ਲਈ 72 ਘੰਟਿਆਂ ਲਈ ਸਿਵਲ ਹਸਪਤਾਲ ਵਿਚ ਰੱਖੇ ਗਏ ਹਨ ਅਤੇ ਅਣਪਛਾਤੇ ਵਾਹਨ ਦੀ ਭਾਲ ਕੀਤੀ ਜਾ ਰਹੀ ਹੈ ਅਤੇ ਨੇੜੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ।

## ਟਰਾਲੇ ਨੇ ਟਰਾਂਸਫਾਰਮਰ ਨੂੰ ਮਾਰੀ ਟੱਕਰ, ਇਲਾਕੇ ਦੀ ਬਿਜਲੀ ਗੁੱਲ

ਲੁਧਿਆਣਾ 19 ਜਨਵਰ। ਬੀਤੀ ਰਾਤ ਰੋਂਗ ਸਾਈਡ ਤੋਂ ਤੂੜੀ ਨਾਲ ਭਰੇ ਟਰਾਲੇ ਨੇ ਬੈਕ ਕਰਦੇ ਸਮੇਂ ਜੱਸੀਆਂ ਨੇੜੇ ਮੋੜ 'ਤੇ ਲੱਗੇ ਬਿਜਲੀ ਦੇ ਟਰਾਂਸਫਾਰਮਰ ਨੂੰ ਇੰਨੀ ਜਬਰਦਸਤ ਟੱਕਰ ਮਾਰ ਦਿੱਤੀ। ਟੱਕਰ ਹੋਣ ਨਾਲ ਖੰਭੇ ਤੇ ਟਰਾਂਸਫਾਰਮਰ ਟੁੱਟ ਕੇ ਹੇਠਾਂ ਡਿੱਗ ਗਏ, ਜਿਸ ਨਾਲ ਸਾਰੇ ਇਲਾਕੇ ਦੀ ਬਿਜਲੀ ਠੱਪ ਹੋ ਗਈ। ਮੌਕੇ 'ਤੇ ਪਾਵਰਕਾਮ ਦੇ ਐੱਸ.ਡੀ.ਓ. ਸ਼ਿਵ ਕੁਮਾਰ ਨੇ ਦੱਸਿਆ ਕਿ ਦੇਰ ਰਾਤ ਟਰਾਲਾ ਡਰਾਈਵਰ ਨੇ ਟਰਾਂਸਫਾਰਮਰ ਨੂੰ ਟੱਕਰ ਮਾਰ ਕੇ ਸੁੱਟ ਦਿੱਤਾ, ਜਿਸ ਕਾਰਨ ਨਾਲ ਲੱਗਦੇ ਇਲਾਕੇ ਦੀ ਬਿਜਲੀ ਸਪਲਾਈ ਪ੍ਰਭਾਵਿਤ ਹੋਈ ਹੈ। ਡਰਾਈਵਰ ਨੂੰ ਪੁਲਸ ਹਵਾਲੇ ਕਰ ਦਿੱਤਾ। ਟਰਾਲੇ ਦੀ ਟੱਕਰ ਨਾਲ ਜੋ ਵੀ ਨੁਕਸਾਨ ਹੋਇਆ, ਉਸ ਦੀ ਭਰਪਾਈ ਟਰਾਲਾ ਮਾਲਕ ਤੋਂ ਕਰਵਾਈ ਜਾਵੇਗੀ। ਫ਼ਿਲਹਾਲ ਡਰਾਈਵਰ ਨੂੰ ਲੈ ਕੇ ਪੁਲਸ ਵੱਲੋਂ ਤਫਤੀਸ਼ ਕੀਤੀ ਜਾਵੇਗੀ ਅਤੇ ਬਣਦੀ ਕਾਰਵਾਈ ਵੀ ਕੀਤੀ ਜਾਵੇਗੀ। ਇਸ ਵਿਚ ਗਨੀਮਤ ਇਹ ਰਹੀ ਕਿ ਕੋਈ ਵੀ ਜਾਨੀ ਨੁਕਸਾਨ ਨਹੀਂ ਹੋਇਆ ਤੇ ਇਕ ਵੱਡਾ ਹਾਦਸਾ ਹੋਣੋਂ ਟੱਲ ਗਿਆ, ਕਿਉਂਕਿ ਟਰਾਂਸਫਾਰਮਰ ਨੇੜੇ ਇਕ ਸ਼ਰਾਬ ਦਾ ਠੇਕਾ ਵੀ ਹੈ। ਜਿੱਥੇ ਅਕਸਰ ਲੋਕ ਆਉਂਦੇ-ਜਾਂਦੇ ਰਹਿੰਦੇ ਹਨ। ਟਰਾਲੇ ਨੂੰ ਲੈ ਕੇ ਇਹ ਵੀ ਦੱਸਣਾ ਜਰੂਰੀ ਹੈ ਕਿ ਆਖ਼ਿਰ ਮੋਡਿਫਾਈ ਕੀਤੇ ਹੋਏ ਅਜਿਹੇ ਵਾਹਨਾਂ ਨੂੰ ਸੜਕ 'ਤੇ ਚੱਲਣ ਦੀ ਇਜਾਜਤ ਕਿੱਥੋਂ ਮਿਲਦੀ ਹੈ।

## ਦਿੱਲੀ-ਮੁੰਬਈ 'ਚ ਜਾਇਦਾਦਾਂ ਛੱਡ ਕੇ ਦੁਬਈ 'ਚ ਘਰ ਖਰੀਦ ਰਹੇ ਛੋਟੇ ਸਹਿਰਾਂ ਦੇ ਭਾਰਤੀ

**ਏਜੰਸੀਆਂ**

ਜਲੰਧਰ 19 ਜਨਵਰੀ। ਹੁਣ ਦਿੱਲੀ-ਮੁੰਬਈ ਵਰਗੇ ਸਹਿਰਾਂ ਨੂੰ ਛੱਡ ਕੇ ਦੇਸ ਦੇ ਛੋਟੇ ਸਹਿਰਾਂ ਦੇ ਲੋਕ ਦੁਬਈ ਵਿਚ ਜਾਇਦਾਦਾਂ ਦੀ ਭਾਲ ਕਰ ਰਹੇ ਹਨ। ਦਰਅਸਲ ਦੁਬਈ 'ਚ ਪ੍ਰਾਪਟੀ ਡਿਵੈੱਲਪਰਾਂ ਕੋਲ ਅਜਿਹੇ ਭਾਰਤੀ ਲੋਕਾਂ ਦੀ ਜਾਂਚ ਵਧ ਗਈ ਹੈ, ਜੋ ਛੋਟੇ ਸ਼ਹਿਰਾਂ 'ਚ ਰਹਿੰਦੇ ਹਨ। ਦੱਸਿਆ ਜਾ ਰਿਹਾ ਹੈ ਕਿ ਦਿੱਲੀ ਤੇ ਮੁੰਬਈ ਵਿਚ ਅਪਾਰਟਮੈਂਟਾਂ ਅਤੇ ਵਿਲਾ ਦੀਆਂ ਕੀਮਤਾਂ ਆਸਮਾਨ ਛੂਹ ਰਹੀਆਂ ਹਨ। ਦੋਵੇਂ ਸਹਿਰਾਂ ਵਿਚ ਲਾਂਚ ਕੀਤੀਆਂ ਗਈਆਂ ਜ਼ਿਆਦਾਤਰ ਜਾਇਦਾਦਾਂ ਦੀ ਕੀਮਤ 5 ਕਰੋੜ ਰੁਪਏ ਤੇ ਇਸ ਤੋਂ ਵੱਧ ਹੈ। ਇਸ ਦੇ ਨਾਲ ਹੀ ਦੁਬਈ 'ਚ ਵੀ ਜਾਇਦਾਦਾਂ ਦੀ ਔਸਤ ਕੀਮਤ ਇਸੇ ਰੇਂਜ 'ਚ ਹੈ। ਇੰਡੀਆ ਸੋਥਬੀ ਇੰਟਰਨੈਸਨਲ ਰਿਐਲਿਟੀ ਦੇ ਡਾਇਰੈਕਟਰ (ਇੰਟਰਨੈਸਨਲ) ਆਕਾਸ ਪੁਰੀ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਐੱਨ. ਸੀ. ਆਰ. ਤੇ ਮੁੰਬਈ 'ਚ ਰੀਅਲ ਅਸਟੇਟ ਦੀਆਂ ਕੀਮਤਾਂ ਹੁਣ ਦੁਬਈ ਸਮੇਤ ਕਈ ਗਲੋਬਲ ਗੇਟਵੇ ਸਹਿਰਾਂ ਦੇ ਬਰਾਬਰ ਹਨ। ਇਸ ਕਾਰਨ ਬਹੁਤ ਸਾਰੇ ਨਿਵੇਸਕ ਆਪਣੇ ਨਿਵੇਸ ਦੇ ਮੌਕਿਆਂ ਲਈ ਦੁਬਈ ਵਿਚ ਜਾਇਦਾਦ ਖਰੀਦਣ ਬਾਰੇ ਵਿਚਾਰ ਕਰ ਰਹੇ ਹਨ। ਦੁਬਈ ਦੁਨੀਆ ਭਰ ਦੇ ਪ੍ਰਾਪਰਟੀ ਨਿਵੇਸਕਾਂ ਨੂੰ ਆਕਰਸ਼ਿਤ ਕਰਦਾ ਹੈ। ਇਸ ਵਿਚ ਭਾਰਤੀ ਪਹਿਲੇ ਸਥਾਨ 'ਤੇ ਹਨ। ਡਿਵੈੱਲਪਰਾਂ ਦਾ ਕਹਿਣਾ ਹੈ ਕਿ ਨਵੇਂ ਪ੍ਰਾਜੈਕਟ ਵਿਚ ਲੱਗਭਗ 50 ਫੀਸਦੀ ਖਰੀਦਦਾਰ ਭਾਰਤ ਤੋਂ ਹਨ। ਇਨ੍ਹਾਂ 'ਚੋਂ ਲੱਗਭਗ 70 ਫੀਸਦੀ ਛੋਟੇ



ਸ਼ਹਿਰਾਂ ਤੋਂ ਹਨ। ਦੁਬਈ ਸਥਿਤ ਮਰਲਿਨ ਰੀਅਲ ਅਸਟੇਟ ਦੇ ਸਹਿ-ਸੰਸਥਾਪਕ ਰੋਹਿਤ ਬਚਾਨੀ ਦਾ ਕਹਿਣਾ ਹੈ ਕਿ ਭਾਰਤ ਵਿਚ ਰੀਅਲ ਅਸਟੇਟ ਬਾਜਾਰ ਲਗਾਤਾਰ ਵਧ ਰਿਹਾ ਹੈ। ਅਸੀਂ ਟੀਅਰ 2 ਤੇ ਟੀਅਰ 3 ਸਹਿਰਾਂ ਦੇ ਨਿਵੇਸਕਾਂ ਵਿਚ ਇਕ ਮਹੱਤਵਪੂਰਨ ਤਬਦੀਲੀ ਦੇਖ ਰਹੇ ਹਾਂ। 90 ਦੇ ਦਹਾਕੇ ਦੇ ਅਖੀਰ ਅਤੇ 2000 ਦੇ ਦਹਾਕੇ ਦੀ ਸੁਰੂਆਤ ਵਿਚ ਜਿਨ੍ਹਾਂ ਜਾਇਦਾਦਾਂ ਦੀ ਕੀਮਤ ਸਿਰਫ 50 ਲੱਖ ਰੁਪਏ ਸੀ, ਉਹ ਹੁਣ 25 ਕਰੋੜ ਰੁਪਏ ਤੋਂ ਵੱਧ ਵਿਚ ਵਿਕ ਰਹੀਆਂ ਹਨ। ਸਕੁਏਅਰ ਯਾਰਡਜ ਦੇ ਅੰਕੜਿਆਂ ਅਨੁਸਾਰ ਸਾਲ 2024 ਵਿਚ ਦੁਬਈ ਨੇ 1.20 ਲੱਖ ਤੋਂ ਵੱਧ ਆਫ-ਪਲਾਨ 'ਤੇ ਤਿਆਰ ਰਿਹਾਇਸੀ ਲੈਣ-ਦੇਣ ਦੇ ਨਾਲ ਇਕ ਨਵਾਂ ਬੈਂਚਮਾਰਕ ਸਥਾਪਤ ਕੀਤਾ। ਇਸ ਦੀ ਕੁੱਲ ਕੀਮਤ 259 ਅਰਬ ਯੂ. ਏ. ਈ. ਹੈ ਦਿਰਹਾਮ ਤੋਂ ਵੱਧ ਸੀ। ਰਜਿਸਟ੍ਰੇਸਨ ਲੈਣ-ਦੇਣ ਵਿਚ ਸਾਲਾਨਾ ਆਧਾਰ 'ਤੇ 43 ਫੀਸਦੀ ਦਾ ਵਾਧਾ ਹੋਇਆ। ਇਸ ਦੇ ਨਾਲ ਹੀ ਵਿਕਰੀ ਮੁੱਲ ਵਿਚ ਸਾਲਾਨਾ ਆਧਾਰ 'ਤੇ 34 ਫੀਸਦੀ ਦੀ ਤੇਜੀ ਆਈ ਹੈ। ਪਿਛਲੇ 5 ਸਾਲਾਂ 'ਚ ਭਾਰਤ 'ਚ ਜਾਇਦਾਦ ਦੀਆਂ ਕੀਮਤਾਂ ਵਿਚ 60 ਫੀਸਦੀ ਦਾ ਵਾਧਾ ਹੋਇਆ ਹੈ। ਸਕੁਏਅਰ ਯਾਰਡਜ ਦੀ ਸੀ. ਈ. ਓ. ਤੇ ਪ੍ਰਿੰਸੀ. ਪਾਰਟਨਰ (ਗਲੋਬਲ ਮਾਰਕੀਟਸ) ਰਾਬੀਆ ਸੇਖ ਨੇ ਦੱਸਿਆ ਕਿ ਦੁਬਈ 'ਚ ਔਸਤ ਰਜਿਸਟਰਡ ਲੈਣ-ਦੇਣ ਵਿਕਰੀ ਕੀਮਤ ਇਸ ਸਮੇਂ ਲੱਗਭਗ 5 ਕਰੋੜ ਰੁਪਏ ਹੈ। ਇੱਥੇ ਟੈਕਸ ਵਿਚ ਬਹੁਤ ਸਾਰੀਆਂ ਛੋਟਾਂ ਹਨ।

## ਬੰਦ ਹੋਣ ਵਾਲਾ ਹੈ ਨਾਮੀ ਕੋਚਿੰਗ ਸੈਂਟਰ ! ਮਾਪਿਆਂ ਨੂੰ ਸਤਾ ਰਿਹਾ ਲੱਖਾਂ ਰੁਪਏ ਡੁੱਬਣ ਦਾ ਡਰ

**ਏਜੰਸੀਆਂ**

ਨੈਸ਼ਨਲ ਡੈਸਕ 19 ਜਨਵਰੀ। ਆਪਣੇ ਬੱਚੇ ਨੂੰ ਆਈ.ਆਈ.ਟੀ. ਵਿੱਚ ਪੜ੍ਹਾ ਕੇ ਇੰਜੀਨੀਅਰ ਬਣਾਉਣ ਦਾ ਸੁਪਨਾ ਦੇਖਣ ਵਾਲੇ ਸੈਂਕੜੇ ਮਾਪਿਆਂ ਨੂੰ ਚਿੰਤਾ ਸਤਾਉਣ ਲੱਗੀ ਹੈ। ਆਰ.ਡੀ.ਸੀ. ਰਾਜਨਗਰ ਗਾਜੀਆਬਾਦ ਦੇ ਫਿਟਜੀ ਵਿਰੁੱਧ ਰਜਿਸਟ੍ਰੇਸਨ ਤੋਂ ਬਿਨਾਂ ਕੋਚਿੰਗ ਚਲਾਉਣ, ਮਾਪਿਆਂ ਅਤੇ ਵਿਦਿਆਰਥੀਆਂ ਨੂੰ ਧੋਖਾ ਦੇਣ ਤੇ ਗੁੰਮਰਾਹ ਕਰਨ, ਫੀਸਾਂ ਇਕੱਠੀਆਂ ਕਰਨ ਅਤੇ ਲੱਖਾਂ ਰੁਪਏ ਦੀ ਐਡਵਾਂਸ ਫੀਸ ਵਸੂਲਣ ਦੇ ਦੋਸ ਹੇਠ ਮਾਮਲਾ ਦਰਜ ਕੀਤਾ ਗਿਆ ਹੈ। ਮਾਮਲਾ ਦਰਜ ਹੋਣ ਤੋਂ ਬਾਅਦ ਮਾਪਿਆਂ ਦੀ ਚਿੰਤਾ ਹੋਰ ਵੱਧ ਗਈ ਹੈ। ਮਾਪਿਆਂ ਦਾ ਕਹਿਣਾ ਹੈ ਕਿ 21 ਜਨਵਰੀ ਨੂੰ ਹੀ ਜੇਈਈ ਮੇਨਜ ਦੀ ਪ੍ਰੀਖਿਆ ਹੈ ਅਤੇ ਬੱਚੇ ਹੁਣ ਕਿਵੇਂ ਤਿਆਰੀ ਕਰਨਗੇ। ਕੁਝ ਮਾਪਿਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਬੈਂਕ ਤੋਂ ਕਰਜਾ ਲੈ ਕੇ ਜਾਂ ਪੈਸੇ ਉਧਾਰ ਲੈ ਕੇ ਪੂਰੀ ਫੀਸ ਪਹਿਲਾਂ ਹੀ ਅਦਾ ਕਰ ਦਿੱਤੀ ਹੈ। ਜੇਕਰ ਕੋਚਿੰਗ ਨੂੰ ਇੱਥੋਂ ਤਬਦੀਲ ਕੀਤਾ ਜਾਂਦਾ ਹੈ ਤਾਂ ਨਾ ਸਿਰਫ ਉਨ੍ਹਾਂ ਦੇ ਪੈਸੇ ਡੁੱਬਣਗੇ, ਸਗੋਂ ਬੱਚਿਆਂ ਦੀ ਤਿਆਰੀ ਵੀ ਵਿਅਰਥ ਜਾਵੇਗੀ। ਤੁਹਾਨੂੰ ਦੱਸ ਦੇਈਏ ਕਿ ਕੁਝ ਮਾਪਿਆਂ ਨੇ 13 ਜਨਵਰੀ ਨੂੰ ਜ਼ਿਲ੍ਹਾ ਮੈਜਿਸਟ੍ਰੇਟ ਨੂੰ ਕੋਚਿੰਗ ਸੈਂਟਰ ਬਾਰੇ ਸ਼ਿਕਾਇਤ ਕੀਤੀ ਸੀ। ਸ਼ਿਕਾਇਤਕਰਤਾਵਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਪਣੇ ਬੱਚਿਆਂ ਦੇ ਬਿਹਤਰ ਭਵਿੱਖ ਲਈ 3.5 ਲੱਖ ਰੁਪਏ ਤੋਂ ਲੈ ਕੇ 5 ਲੱਖ ਰੁਪਏ ਤੱਕ ਦੀ ਪੇਸਗੀ ਫੀਸ ਅਦਾ ਕੀਤੀ ਸੀ। ਕੁਝ ਸਮੇਂ ਤੋਂ ਅਧਿਆਪਕ ਹੌਲੀ-ਹੌਲੀ ਸੰਸਥਾ ਛੱਡਦੇ ਜਾ ਰਹੇ ਹਨ। ਇੱਥੋਂ ਦੇ ਅਧਿਆਪਕਾਂ ਅਤੇ ਸਟਾਫ ਨੂੰ ਤਨਖਾਹ ਨਹੀਂ ਦਿੱਤੀ ਗਈ ਹੈ। ਪਿਛਲੇ ਕਈ ਦਿਨਾਂ ਤੋਂ ਬੱਚਿਆਂ ਦੀਆਂ ਕਲਾਸਾਂ ਵੀ ਨਹੀਂ ਲੱਗ ਰਹੀਆਂ, ਜਿਸ ਕਾਰਨ ਉਨ੍ਹਾਂ ਦੀ ਪੜ੍ਹਾਈ ਪ੍ਰਭਾਵਿਤ ਹੋ ਰਹੀ ਹੈ। ਭਵਿੱਖ ਵਿੱਚ ਕੋਈ ਕਲਾਸਾਂ ਲਗਾਈਆਂ ਜਾਣਗੀਆਂ ਜਾਂ ਨਹੀਂ, ਇਸ ਬਾਰੇ ਕੋਈ ਠੋਸ ਜਾਣਕਾਰੀ ਨਹੀਂ ਦਿੱਤੀ ਜਾ ਰਹੀ, ਜਿਸ ਕਾਰਨ ਮਾਪੇ ਅਤੇ ਬੱਚੇ ਮਾਨਸਿਕ ਦਬਾਅ ਹੇਠ ਆ ਰਹੇ ਹਨ। ਮਾਪਿਆਂ ਨੇ ਫੀਸ ਵਾਪਸ ਕਰਨ ਦੀ ਵੀ ਮੰਗ ਕੀਤੀ ਹੈ। ਇਸ ਤੋਂ ਬਾਅਦ ਜ਼ਿਲ੍ਹਾ ਸਕੂਲ ਇੰਸਪੈਕਟਰ ਨੇ ਕਾਰਵਾਈ ਕੀਤੀ ਅਤੇ ਕੋਚਿੰਗ ਸੈਂਟਰ ਦੇ ਜ਼ਿੰਮੇਵਾਰ ਲੋਕਾਂ ਵਿਰੁੱਧ ਕਵੀ ਨਗਰ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਜ਼ਿਲ੍ਹਾ ਸਕੂਲ ਇੰਸਪੈਕਟਰ ਨੇ ਕਿਹਾ ਕਿ ਆਰ.ਡੀ.ਸੀ. ਰਾਜਨਗਰ ਵਿੱਚ ਫਿੱਟ ਜੀ ਦੇ ਨਾਮ 'ਤੇ ਕੋਈ ਕੋਚਿੰਗ ਸੈਂਟਰ ਰਜਿਸਟਰਡ ਨਹੀਂ ਹੈ। ਇਸ ਤੋਂ ਇਹ ਸਪੱਸਟ ਹੈ ਕਿ ਉਹ ਬਿਨਾਂ ਕਿਸੇ ਰਜਿਸਟ੍ਰੇਸਨ ਦੇ ਗੈਰ-ਕਾਨੂੰਨੀ ਢੰਗ ਨਾਲ ਕੋਚਿੰਗ ਸੈਂਟਰ ਚਲਾ ਰਹੇ ਹਨ। ਇਹ ਉੱਤਰ ਪ੍ਰਦੇਸ ਕੋਚਿੰਗ ਰੈਗੂਲੇਸਨ ਐਕਟ 2002 ਦੀ ਉਲੰਘਣਾ ਹੈ। ਜ਼ਿਲ੍ਹਾ ਸਕੂਲ ਇੰਸਪੈਕਟਰ ਨੇ ਕਵੀ ਨਗਰ ਪੁਲਸ ਸਟੇਸਨ ਇੰਚਾਰਜ ਨੂੰ ਦਿੱਤੀ ਸ਼ਿਕਾਇਤ ਵਿੱਚ ਕਿਹਾ ਕਿ ਇਹ ਵੀ ਸਪੱਸਟ ਹੋ ਰਿਹਾ ਹੈ ਕਿ ਫਿੱਟ ਜੀ ਲਿਮਟਿਡ ਡੀ 6 ਅਤੇ 7 ਆਰ.ਡੀ.ਸੀ. ਰਾਜਨਗਰ ਗਾਜੀਆਬਾਦ ਨੇ




ਮਾਪਿਆਂ/ਬੱਚਿਆਂ ਨਾਲ ਧੋਖਾਧੜੀ ਅਤੇ ਗੁੰਮਰਾਹ ਕਰਕੇ ਫੀਸਾਂ ਇਕੱਠੀਆਂ ਕੀਤੀਆਂ ਹਨ। ਉਨ੍ਹਾਂ ਨੇ ਕੋਚਿੰਗ ਰੈਗੂਲੇਸਨ ਐਕਟ 2002, 27 ਜੂਨ 2002 ਵਿੱਚ ਦਿੱਤੇ ਗਏ ਉਪਬੰਧਾਂ ਦੀ ਉਲੰਘਣਾ ਅਤੇ ਗੈਰ-ਕਾਨੂੰਨੀ ਤੌਰ 'ਤੇ ਚੱਲ ਰਹੇ ਕੋਚਿੰਗ ਸੈਂਟਰ ਦੇ ਡਾਇਰੈਕਟਰ ਅਤੇ ਸ਼ਿਕਾਇਤ ਪੱਤਰ ਵਿੱਚ ਦੱਸੇ ਗਏ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਸਬੰਧਤ ਧਾਰਾਵਾਂ ਤਹਿਤ ਰਿਪੋਰਟ ਦਰਜ ਕਰਕੇ ਕਾਨੂੰਨੀ ਕਾਰਵਾਈ ਕਰਨ ਲਈ ਕਿਹਾ। ਜਿਸ ਤੋਂ ਬਾਅਦ ਪੁਲਸ ਨੇ ਮਾਮਲਾ ਦਰਜ ਕਰਕੇ ਜਾਂਚ ਸੁਰੂ ਕਰ ਦਿੱਤੀ ਹੈ। ਇਸੇ ਕੋਚਿੰਗ ਸੈਂਟਰ ਵਿੱਚ ਪੜ੍ਹਾ ਰਹੇ ਇੱਕ ਮਾਪੇ ਰੁਚਿਰ ਮਹਿਤਾ ਨੇ ਕਿਹਾ ਕਿ ਸੈਂਟਰ ਦੇ ਅਧਿਆਪਕਾਂ ਨੂੰ ਚਾਰ-ਪੰਜ ਮਹੀਨਿਆਂ ਤੋਂ ਤਨਖਾਹ ਨਹੀਂ ਮਿਲੀ ਹੈ। ਸਾਨੂੰ ਪਤਾ ਲੱਗਾ ਹੈ ਕਿ ਉਹ ਸਾਰੇ ਜਾ ਰਹੇ ਹਨ। ਇੰਨਾ ਹੀ ਨਹੀਂ, ਉਸਨੇ ਪਿਛਲੇ ਕੁਝ ਮਹੀਨਿਆਂ ਤੋਂ ਇਮਾਰਤ ਦਾ ਕਿਰਾਇਆ ਵੀ ਨਹੀਂ ਦਿੱਤਾ ਹੈ। ਹੁਣ ਇਨ੍ਹਾਂ ਹਾਲਾਤਾਂ ਵਿੱਚ ਇਹ ਕੇਂਦਰ ਕਿਵੇਂ ਚੱਲੇਗਾ? ਮਾਪਿਆਂ ਨੇ ਡੀ.ਐੱਮ. ਨੂੰ ਸ਼ਿਕਾਇਤ ਕੀਤੀ ਸੀ, ਜਿਸ ਤੋਂ ਬਾਅਦ ਜ਼ਿਲ੍ਹਾ ਸਕੂਲ ਇੰਸਪੈਕਟਰ ਦੁਆਰਾ ਐੱਫ.ਆਈ.ਆਰ. ਦਰਜ ਕੀਤੀ ਗਈ ਸੀ। ਰੁਚਿਰ ਨੇ ਕਿਹਾ ਕਿ ਕੋਚਿੰਗ ਸੰਸਥਾ ਨੇ ਕੁਝ ਲੋਕਾਂ ਤੋਂ 3.5 ਲੱਖ ਰੁਪਏ ਅਤੇ ਕੁਝ ਲੋਕਾਂ ਤੋਂ 5 ਲੱਖ ਰੁਪਏ ਲਏ ਹਨ। ਮੇਰਾ ਬੱਚਾ ਪਿਛਲੇ ਸਾਲ ਅਪ੍ਰੈਲ 2024 ਤੋਂ ਪੜ੍ਹ ਰਿਹਾ ਹੈ। ਅਸੀਂ ਅਜੇ ਵੀ ਚਾਹੁੰਦੇ ਹਾਂ ਕਿ ਇਹ ਕੋਚਿੰਗ ਸੈਂਟਰ ਬੰਦ ਨਾ ਹੋਵੇ ਨਹੀਂ ਤਾਂ ਸਾਨੂੰ ਸਾਰਿਆਂ ਨੂੰ ਬਹੁਤ ਵੱਡਾ ਨੁਕਸਾਨ ਹੋਵੇਗਾ।

## ਗੋਆ 'ਚ 1 ਲੱਖ ਰੁਪਏ ਦੇ ਨਸ਼ੀਲੇ ਪਦਾਰਥਾਂ ਸਮੇਤ ਵਿਅਕਤੀ ਗ੍ਰਿਫਤਾਰ

ਪਣਜੀ 19 ਜਨਵਰ। ਗੋਆ ਪੁਲਸ ਨੇ ਪਣਜੀ ਦੇ ਨੇੜੇ ਇੱਕ 28 ਸਾਲਾ ਵਿਅਕਤੀ ਨੂੰ ਉਸ ਦੇ ਕਬਜੇ ਵਿੱਚੋਂ 1 ਲੱਖ ਰੁਪਏ ਦਾ ਗਾਂਜਾ ਜਬਤ ਕਰਨ ਤੋਂ ਬਾਅਦ ਗ੍ਰਿਫਤਾਰ ਕੀਤਾ ਹੈ। ਇੱਕ ਅਧਿਕਾਰੀ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਬੁਲਾਰੇ ਨੇ ਦੱਸਿਆ ਕਿ ਅਪਰਾਧ ਸਾਖਾ ਨੇ ਬੁੱਧਵਾਰ ਨੂੰ ਉੱਤਰੀ ਗੋਆ ਜ਼ਿਲ੍ਹੇ ਦੇ ਗੁਰੀਮ ਪਿੰਡ ਵਿਚ ਮੋਂਟੇ ਗੁਰੀਮ ਗਰਾਊਂਡ ਨੇੜੇ ਛਾਪਾ ਮਾਰਿਆ ਅਤੇ ਬੈਂਗਲੁਰੂ ਦੇ ਬਿਲਾਲ ਨਗਰ ਦੇ ਰਹਿਣ ਵਾਲੇ ਦੋਸ਼ੀ ਮੁਹੰਮਦ ਰੇਹਾਨ ਨੂੰ ਗ੍ਰਿਫਤਾਰ ਕੀਤਾ। ਉਨ੍ਹਾਂ ਕਿਹਾ ਕਿ ਪੁਲਸ ਨੇ ਦੋਸ਼ੀ ਤੋਂ 1 ਲੱਖ ਰੁਪਏ ਦੀ ਕੀਮਤ ਦਾ 1.02 ਕਿਲੋ ਗਾਂਜਾ ਜਬਤ ਕੀਤਾ ਹੈ। ਪੁਲਸ ਬੁਲਾਰੇ ਨੇ ਦੱਸਿਆ ਕਿ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ

## ਆਂਧਰਾ ਪ੍ਰਦੇਸ਼ 'ਚ ਸੁੱਕੀ ਨਹਿਰ 'ਚ ਡਿੱਗਿਆ ਵਾਹਨ, ਤਿੰਨ ਲੋਕਾਂ ਦੀ ਮੌਤ

ਕਾਕੀਨਾਡਾ 19 ਜਨਵਰ। ਇੱਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਵੀਰਵਾਰ ਨੂੰ ਕਾਕੀਨਾਡਾ ਜ਼ਿਲ੍ਹੇ ਵਿੱਚ ਇੱਕ ਸੁੱਕੀ ਨਹਿਰ ਵਿੱਚ ਵਾਹਨ ਡਿੱਗਣ ਕਾਰਨ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਕੁਝ ਹੋਰ ਜਖਮੀ ਹੋ ਗਏ। ਪ੍ਰਤੀਪਾਡੂ ਮੰਡਲ ਦੇ ਵੋਮੰਗੀ ਪਿੰਡ ਦੇ ਗੋਪਾਲ ਚੇਰੂਵੂ ਖੇਤਰ ਵਿੱਚ ਇਹ ਹਾਦਸਾ ਉਦੋਂ ਵਾਪਰਿਆ ਜਦੋਂ ਡਰਾਈਵਰ ਨੇ ਵਾਹਨ ਤੋਂ ਕੰਟਰੋਲ ਗੁਆ ਦਿੱਤਾ। ਅਧਿਕਾਰੀ ਨੇ ਕਿਹਾ ਕਿ ਵਾਹਨ ਕਾਕੀਨਾਡਾ ਤੋਂ ਦਾਰਾਪੱਲੀ ਝਰਨੇ ਜਾ ਰਿਹਾ ਸੀ ਅਤੇ ਇਸ 'ਚ 20 ਲੋਕ ਸਵਾਰ ਸਨ। ਜਖਮੀਆਂ ਨੂੰ ਇਲਾਜ ਲਈ ਪ੍ਰਤੀਪਾਡੂ ਸਰਕਾਰੀ ਹਸਪਤਾਲ ਵਿੱਚ ਤਬਦੀਲ ਕਰ ਦਿੱਤਾ ਗਿਆ।